# ਰਜਨੀਸ਼ ਬੇਨਕਾਬ

**ਡਾ. ਕਰਮਜੀਤ ਸਿੰਘ**

**ਤਤਕਰਾ** ਪੰਨਾ


ਮਾਨਵਤਾ ਨੂੰ ਖੰਡਿਤ, ਅਰਾਜਕ ਅਤੇ ਬੀਮਾਰ ਹੋਣ ਤੋਂ ਬਚਾਉਣ ਦਾ ਉਪਰਾਲਾ 2

ਰਜਨੀਸ਼ ਦੀ ਅਸਲੀਅਤ ਸਮਝਣ ਤੋਂ ਪਹਿਲਾਂ 5

ਅਧਿਆਇ ਪਹਿਲਾ

ਜਪੁਜੀ ਦੀ ਵਿਆਖਿਆ ਦੇ ਸੰਦਰਭ ਵਿੱਚ ਰਜਨੀਸ਼ ਦੀ ਅਸਲੀਅਤ 10

ਅਧਿਆਇ ਦੂਜਾ

ਰਜਨੀਸ਼ ਦੇ ਕੁਝ ਆਧਾਰ_ਸਿਧਾਂਤ 20

ਅਧਿਆਇ ਤੀਜਾ

ਮਾਰਕਸਵਾਦ ਤੇ ਰਜਨੀਸ਼ 30

ਅਧਿਆਇ ਚੌਥਾ

ਅਰਾਜਕਤਾਵਾਦੀ ਰਜਨੀਸ਼ ਦੀ ਅਪ੍ਰਮਾਣਿਕਤਾ 38

ਅਧਿਆਇ ਪੰਜਵਾਂ

ਅਪਰਾਧ_ਬੋਧ, ਸਾਹਿਤ ਤੇ ਬੇਈਮਾਨੀ 40

ਅਧਿਆਇ ਛੇਵਾਂ

ਰਜਨੀਸ਼ ਦਾ ਦਿਵਾਲੀਆਪਣ 46

ਅਧਿਆਇ ਸੱਤਵਾਂ

ਰਜਨੀਸ਼ ਦੀ ਅਸਲੀਅਤ ਉਸਦੀ ਦੀ ਆਪਣੀ ਜ਼ੁਬਾਨੀ 52

**ਅੰਤਿਕਾ - ਇੱਕ** : ਪਿਛਾਂਹ ਮੁੜਨ ਦਾ ਤਰਕ 57

ਅੰਤਿਕਾ - ਦੋ : ਅੰਗ ਰੱਖਿਅਕ ਨੇ ਖੋਲ੍ਹੀ ਰਜਨੀਸ਼ ਦੀ ਪੋਲ 60

# ਮਾਨਵਤਾ ਨੂੰ ਖੰਡਿਤ, ਅਰਾਜਕ ਅਤੇ ਬੀਮਾਰ ਹੋਣ ਤੋਂ ਬਚਾਉਣ ਦਾ ਉਪਰਾਲਾ

ਰਜਨੀਸ਼ ਦੀ ਵਿਚਾਰਧਾਰਾ ਬਾਰੇ ਡਾ. ਕਰਮਜੀਤ ਸਿੰਘ ਦੀ ਇਸ ਪੁਸਤਕ ਦਾ ਖਰੜਾ ਪੜ੍ਹਦਿਆਂ ਮੈਨੂੰ ਆਂਤਰਿਕ ਸੁੱਖ ਅਤੇ ਸਕੂਨ ਮਿਲਿਆ। ਇਸਦਾ ਕਾਰਣ ਵਿਅਕਤੀਗਤ ਨਾਲੋਂ ਸਮਾਜਿਕ ਜ਼ਿਆਦਾ ਹੈ। ਜਦੋਂ ਵੀ ਮੈਂ ਰਜਨੀਸ਼ ਦੀ ਕੋਈ ਪੁਸਤਕ ਪੜਦਾ ਜਾਂ ਪ੍ਰਵਚਨ ਸੁਣਦਾ ਮੈਨੂੰ ਵਿਸ਼ੇਸ਼ ਕਿਸਮ ਦੀ ਕੋਫ਼ਤ ਹੁੰਦੀ। ਮੈਂ ਤਿਲਮਿਲਾ ਉੱਠਦਾ ਕਿਉਂਕਿ ਮੈਂ ਦੇਖਦਾ ਕਿ ਚੰਗੇ ਭਲੇ ਸੂਝਵਾਨ ਲੋਕ ਇਸਦੀਆਂ ਪੋਥੀਆਂ ਨੂੰ ਬੜੇ ਅਕੀਦੇ ਨਾਲ ਪੜ੍ਹ ਰਹੇ ਹਨ। ਮੈਨੂੰ ਇਸ ਲਈ ਜ਼ਿਆਦਾ ਪ੍ਰੇਸ਼ਾਨੀ ਹੁੰਦੀ ਸੀ ਕਿ ਇਹ ਲੋਕ ਇਸਦੀ ਗੈਰ ਸਮਾਜਿਕ, ਗੈਰ ਇਨਸਾਨੀ (ਮਾਨਵਤਾ ਵਿਰੋਧੀ), ਲੰਪਟ ਵਿਚਾਰਧਾਰਾ ਦਾ ਵਿਗਿਆਨਕ ਵਿਸ਼ਲੇਸ਼ਣ ਕਿਉਂ ਨਹੀਂ ਕਰਦੇ। ਬਾਅਦ 'ਚ ਮੈਨੂੰ ਪਤਾ ਲੱਗਿਆ ਕਿ ਇਹ ਸਭ 'ਸੰਮੋਹਣ' ਜਾਂ 'ਹਿਪਨੋਟਿਜ਼ਮ' ਦਾ ਪਰਿਣਾਮ ਹੈ। ਵਿਸ਼ੇਸ਼ ਤੌਰ ਤੇ ਭਾਰਤ ਦੀ ਉੱਚ ਮੱਧ_ਸ਼੍ਰੇਣੀ ਦੇ ਲੋਕ ਇਸ ਵੱਲ ਆਕਰਸ਼ਿਤ ਹੋਏ। ਉਨ੍ਹਾਂ ਨੂੰ ਆਪਣੀ ਵਿਅਕਤੀਵਾਦੀ ਭੋਗਵਾਦੀ ਮਾਨਸਿਕਤਾ ਨੂੰ Justfiy ਕਰਨ ਲਈ ਰਜਨੀਸ਼ ਇੱਕ ਵੱਡਾ ਸਹਾਰਾ ਲੱਗਿਆ। ਆਪਣੇ ਅੰਦਰ ਸਮਾਜਿਕ ਵਿਰੋਧਤਾਈਆਂ, ਮਾਨਸਿਕ ਵਿਚਾਰਧਾਰਕ ਤਣਾਅ ਅਤੇ ਖਲਾਅ ਨੂੰ ਸ਼ਾਂਤ ਕਰਨ ਲਈ ਓਸ਼ੋ ਦੇ ਵਿਚਾਰ/ਧਿਆਨ ਯੋਗ ਨੁਸਖੇ ਉਨ੍ਹਾਂ ਨੂੰ ਔਸ਼ਧੀ ਵਾਂਗ ਲੱਗੇ। ਪਰ ਜਿਸ ਤਰ੍ਹਾਂ ਨਸ਼ੇ ਦੀਆ ਗੋਲੀਆਂ ਕੁਝ ਦੇਰ ਹੀ ਕੰਮ ਕਰਦੀਆਂ ਹਨ, ਰਜਨੀਸ਼ ਦੇ ਵਿਚਾਰ ਜ਼ਿੰਦਗੀ ਦੇ ਮਹਾਨ ਸੰਘਰਸ਼ ਵਿੱਚ ਪੱਕੇ, ਪਾਏਦਾਰ ਅਤੇ ਵਫ਼ਾਦਾਰ ਹਮਸਫਰ ਨਹੀਂ ਹਨ। ਅਸਲ ਵਿੱਚ ਇਹ ਕੋਈ ਵਿਚਾਰਧਾਰਾ ਹੀ ਨਹੀਂ ਹਨ। ਕੋਝੇ, ਉਥਲੇ, ਬੇਈਮਾਨ ਵਿਚਾਰਾਂ ਦੀ ਇੱਕ ਵੱਡੀ ਸ਼ਰਾਰਤ ਹੈ _ ਆਤਮਿਕ ਮੁਕਤੀ ਅਤੇ ਆਜ਼ਾਦੀ ਦੇ ਝੂਠੇ ਨਿਰਾਧਾਰ ਸੁਪਨੇ ਦਿਖਾਉਣ ਵਾਲੇ ਲੋਕਾਂ ਦੀ 'ਧਾਰਾ' ਬਣਨ ਲਈ ਜ਼ਿੰਦਗੀ ਦੇ ਨਾਲ, ਇਤਿਹਾਸ, ਇਤਿਹਾਸਕ ਵਿਕਾਸ, ਸੰਸਕ੍ਰਿਤੀ, ਸੱਭਿਅਤਾ ਅਤੇ ਮਨੁੱਖੀ ਸਮਾਜ ਅਤੇ ਉਸਦੇ ਸੰਘਰਸ਼ਾਂ ਨਾਲ ਜੁੜਨਾ ਲਾਜ਼ਮੀ ਹੈ। ਹਾਂ, ਇਹ ਗੱਲ ਸੱਚ ਹੈ ਕਿ ਰਜਨੀਸ਼ ਪੂੰਜੀਵਾਦੀ ਵਿਚਾਰਤੰਤਰ ਦਾ ਇੱਕ ਨਿਪੁੰਨ ਕਲਾਕਾਰ ਹੈ ਜਿਹੜਾ ਵਿਅਕਤੀ ਨੂੰ ਇੱਕ ਸਵਤੰਤਰ ਇਕਾਈ ਦੇ ਰੂਪ ਵਿੱਚ

ਵਿਗਸਣ, ਬਦਲਣ ਅਤੇ ਉਜੜਣ ਦੇ ਭਰਪੂਰ ਮੌਕੇ ਦਿੰਦਾ ਹੈ। ਇਸ ਵਿੱਚ ਵਿਗਸਣ (ਵਿਕਾਸ ਕਰਨ) ਤੋਂ ਬਾਅਦ ਵਿਅਕਤੀ ਬਦਲਦਾ ਹੈ ਅਤੇ ਫਿਰ ਉਸ ਤੋਂ ਅਗਲੀ ਸਟੇਜ ਉਜਾੜਣ ਦੀ ਹੈ, ਅਰਥਾਤ ਵਿਅਕਤੀ ਕਿਤੇ ਦਾ ਵੀ ਨਹੀਂ ਰਹਿੰਦਾ ਅਰਥਾਤ ਖੰਡਿਤ, ਅਰਾਜਕ ਬੀਮਾਰ ਮਾਨਵ, ਮਾਨਵਤਾ ਨੂੰ ਬੀਮਾਰ ਖੰਡਿਤ ਹੋਣ ਤੋਂ ਬਚਾਉਣ ਲਈ ਡਾ. ਕਰਮਜੀਤ ਸਿੰਘ ਦੀ ਇਹ ਪੁਸਤਕ ਇੱਕ ਮਹਾਨ ਉਪਰਾਲਾ ਹੈ। ਰਜਨੀਸ਼ ਨੂੰ ਪੜ੍ਹਨ ਵਾਲੇ ਲੋਕਾਂ ਨੂੰ ਇਸਦਾ ਸਵਾਗਤ ਕਰਨਾ ਚਾਹੀਦਾ ਹੈ।

ਕਈ ਲੋਕਾਂ ਨੂੰ ਇਹ ਭਰਮ ਹੈ ਕਿ ਰਜਨੀਸ਼ ਉਨ੍ਹਾਂ ਦੇ ਧਰਮ (ਸਿੱਖ, ਹਿੰਦੂ ਜਾਂ ਕੋਈ ਹੋਰ) ਦਾ ਹਮਾਇਤੀ ਹੈ ਜਾਂ ਇਹ ਇੱਕ ਕ੍ਰਾਂਤੀਕਾਰੀ ਵਿਚਾਰਕ ਹੈ। ਅਸਲ ਵਿੱਚ ਇਹ ਗੱਲਾਂ ਮੂਲੋਂ ਹੀ ਗ਼ਲਤ ਹਨ। ਡਾ. ਕਰਮਜੀਤ ਸਿੰਘ ਨੇ ਇਸਨੂੰ ਬਾਖ਼ੂਬੀ ਪ੍ਰਮਾਣਿਤ ਕੀਤਾ ਹੈ। ਡਾਕਟਰ ਸਾਹਿਬ ਨੇ ਇਸ ਸਥਾਪਨਾ ਨੂੰ ਵੀ ਪ੍ਰਮਾਣ ਸਹਿਤ ਝੁਠਲਾਇਆ ਹੈ ਕਿ ਰਜਨੀਸ਼ ਕੋਲ ਬਹੁਤ ਗਿਆਨ ਹੈ, ਬਹੁਤ ਜਾਣਕਾਰੀਆਂ ਹਨ। ਸੱਚ ਇਹ ਹੈ ਕਿ 'ਧਾਰਮਿਕ ਬਾਬੇ' ਆਪਣੇ ਆਲੇ ਦੁਆਲੇ ਇੱਕ ਅਜਿਹਾ 'ਪ੍ਰਭਾ ਮੰਡਲ' ਬਣਾ ਲੈਂਦੇ ਹਨ ਜਿਸਦੇ ਪ੍ਰਭਾਵ ਵਿੱਚ ਲੋਕਾਂ ਨੂੰ ਉਨ੍ਹਾਂ ਦੀਆਂ ਸਾਧਾਰਣ ਗੱਲਾਂ ਵੀ ਮਹਾਨ ਲੱਗਣ ਲੱਗ ਪੈਂਦੀਆਂ ਹਨ ਜਾਂ ਜਿਹੜੀ ਗੱਲ ਹੈ ਹੀ ਨਹੀਂ ਉਸਨੂੰ ਵੀ, ਲੋਕ 'ਬਾਬੇ' ਨਾਲ ਜੋੜ ਲੈਂਦੇ ਹਨ। ਉਨ੍ਹਾਂ ਨਾਲ ਅਨੇਕਾਂ ਉਸਤਤੀਆਂ ਅਤੇ ਦੰਦ ਕਥਾਵਾਂ ਜੁੜ ਜਾਂਦੀਆਂ ਹਨ। ਅੱਜ ਸੰਚਾਰ ਕ੍ਰਾਂਤੀ ਦੇ ਯੁੱਗ ਦਾ 'ਬਾਬਾ' ਰਜਨੀਸ਼ ਵੀ ਇਸ ਤਰ੍ਹਾਂ ਦੀਆਂ ਅਲਾਮਤਾਂ ਤੋਂ ਬਚ ਨਹੀਂ ਸਕਿਆ। ਰਜਨੀਸ਼ ਉੱਚ ਸ਼੍ਰੇਣੀ ਨੂੰ ਇਸ ਲਈ ਵੀ ਪਿਆਰਾ ਹੈ ਕਿਉਂਕਿ ਉਹ ਉਨ੍ਹਾਂ ਦੀ 'ਹਉਮੈ' ਨੂੰ ਪੱਠੇ ਪਾਉਂਦਾ ਹੈ ਕਿ ਤੁਸੀਂ ਹੋ ਅਸਲੀ ਬੰਦੇ ਬਾਕੀ ਸਾਰੇ ਤਾਂ ਗਧੇ ਹਨ। (ਹੋਰ ਵੀ ਅਨੇਕ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਦੂਸਰੀ ਗੱਲ ਕਿ ਕਥਾਵਾਚਕਾਂ, ਬਾਬਿਆਂ ਦੇ ਪ੍ਰਵਚਨਾਂ ਦਾ ਪੁਰਾਣਾ ਮੁਹਾਵਰਾ ਜਿਨ੍ਹਾਂ ਲਈ ਬੇਅਸਰ ਹੈ ਜਾਂ ਨਾਪਸੰਦ ਹੈ ਉਨ੍ਹਾਂ ਲਈ ਆਪਣੇ ਵਿਚਾਰਾਂ ਦੀ ਸਰਕਸ ਲੈ ਕੇ ਰਜਨੀਸ਼ ਹਾਜ਼ਰ ਹੈ। ਮਨੋਵਿਗਿਆਨਕ_ਦਾਰਸ਼ਨਿਕ ਗੱਲਾਂ ਨੂੰ (ਜਿਹੜੀਆਂ ਸਦੀਆਂ ਤੋਂ ਚੱਲੀਆਂ ਆ ਰਹੀਆਂ ਹਨ) ਆਧੁਨਿਕ ਤਕਨੀਕ ਅਤੇ ਸਾਧਨਾਂ ਦੁਆਰਾ ਤੋੜਿਆ_ਮਰੋੜਿਆ ਗਿਆ ਹੈ। ਇਸ ਤਰ੍ਹਾਂ ਕਰਨ ਲਈ ਰਜਨੀਸ਼ ਨੂੰ ਕੋਈ ਔਖਿਆਈ ਨਹੀਂ ਕਿਉਂਕਿ ਉਹ ਅਮੀਰ ਵਰਗ ਦੀਆਂ ਅਤੇ ਉੱਚ ਮੱਧ ਵਰਗੀ ਸ਼੍ਰੇਣੀ ਦੀਆਂ ਮਾਨਸਿਕ ਬੀਮਾਰੀਆਂ ਨੂੰ ਚੰਗੀ ਤਰ੍ਹਾਂ ਪਛਾਣਦਾ ਹੈ, ਅਤੇ ਉਨ੍ਹਾਂ ਨੂੰ ਆਨੰਦਦਾਇਕ ਜ਼ਿੰਦਗੀ ਦਾ ਸੁਪਨਾ ਦਿਖਾਉਂਦਾ ਹੈ। ਪਰ ਇਹ ਲੋਕ ਸੰਮੋਹਣ ਜਾਂ ਅੰਨ੍ਹੇ ਅਕੀਦੇ ਕਾਰਣ ਇਹ ਨਹੀਂ ਪਹਿਚਾਣਦੇ ਕਿ ਰਜਨੀਸ਼ ਮੂਲ ਰੂਪ ਵਿੱਚ ਪਲਾਇਨਵਾਦੀ, ਨਿਰਾਸ਼ਾਵਾਦੀ ਵਿਚਾਰਕ

(ਗੁਰੂਡਮ) ਹੈ। ਇਹ ਗ਼ੈਰ ਸਮਾਜਿਕ ਹੀ ਨਹੀਂ ਬਲਕਿ ਸਮਾਜ ਵਿਰੋਧੀ ਹੈ। ਅੱਯਾਸ਼ੀ ਦਾ ਸੁਥਰਾ ਰੂਪ, ਨਵਾਂ ਮੁਹਾਵਰਾ ਅਤੇ ਉੱਤਰ ਆਧੁਨਿਕ ਮੁਹਾਂਦਰਾ ਰਜਨੀਸ਼ ਦੇ ਲੈਕਚਰਾਂ ਦੀ ਅਸਲੀਅਤ ਹੈ। ਡਾਕਟਰ ਸਾਹਿਬ ਨੇ ਸਪੱਸ਼ਟ ਸ਼ਬਦਾਂ ਵਿੱਚ ਵਿਸਥਾਰ ਨਾਲ ਇਸ ਤੱਥ ਨੂੰ ਉਘਾੜਿਆ ਹੈ। ਰਜਨੀਸ਼ ਸੰਸਾਰ ਅਤੇ ਇਨਸਾਨੀ ਜ਼ਿੰਦਗੀ ਦੀਆਂ ਸਮੱਸਿਆਵਾਂ ਬਾਰੇ, ਉਸਦੇ ਇਤਿਹਸਕ ਵਿਕਾਸ ਬਾਰੇ ਅਤੇ ਸੰਘਰਸ਼ਾਂ ਬਾਰੇ ਗੱਲ ਨਹੀਂ ਕਰਦਾ। ਉਸ ਦੀ ਸਮੱਸਿਆ ਹੈ ਧਿਆਨ ਅਤੇ ਸੰਭੋਗ। ਮੈਨੂੰ ਯਾਦ ਹੈ ਕਿ ਭਾਰਤ ਦੇ ਰੂੜ੍ਹੀਵਾਦੀ ਸਰਮਾਏਦਾਰੀ ਪੱਖੀ ਅਖ਼ਬਾਰਾਂ ਨੇ ਸ਼ੁਰੂ ਸ਼ੁਰੂ ਵਿੱਚ ਰਜਨੀਸ਼ ਨੂੰ ਅਸ਼ਲੀਲ ਕਹਿਕੇ ਬਹੁਤ ਭੰਡਿਆ। ਲੇਕਿਨ ਬਾਅਦ ਵਿੱਚ ਉਹ ਹੌਲੀ ਹੌਲੀ ਚੁੱਪ ਹੋ ਗਏ। ਕਾਰਣ ਬਹੁਤ ਸਪੱਸ਼ਟ ਹੈ ਕਿ ਉਨ੍ਹਾਂ ਨੇ ਜਾਣ ਲਿਆ ਕਿ ਰਜਨੀਸ਼ ਤਾਂ ਉਹੀ ਕੰਮ ਕਰ ਰਿਹਾ ਹੈ ਜੋ ਅਸੀਂ ਕਰ ਰਹੇ ਹਾਂ ਅਰਥਾਤ ਆਰਥਿਕ, ਸਮਾਜਿਕ, ਸਾਂਸਕ੍ਰਿਤਕ, ਰਾਜਨੀਤਕ ਲੁੱਟ ਆਧਾਰਿਤ ਮਾਨਵਤਾ ਵਿਰੋਧੀ ਅਰਥਚਾਰੇ ਦੀ ਫ਼ਿਲਾਸਫ਼ੀ ਨੂੰ ਮਜ਼ਬੂਤ ਕਰਨਾ।

ਕੁੱਝ ਪੁਰਾਣੇ ਤੱਤੇ ਕਾਮਰੇਡ ਵੀ ਰਜਨੀਸ਼ ਵੱਲ ਬੜੀ ਤੀਬਰਤਾ ਨਾਲ ਆਕਰਸ਼ਿਤ ਹੋਏ ਸਨ। ਉਨ੍ਹਾਂ ਨੂੰ ਪਦਾਰਥਵਾਦੀ ਚਿੰਤਕਾਂ ਦੀ ਪ੍ਰੰਪਰਾ ਵਿੱਚ ਇਹ ਮਹੱਤਵਪੂਰਣ ਲੱਗਿਆ। ਕਈਆਂ ਨੂੰ ਇਹ ਨਾਸਤਿਕ ਲੱਗਿਆ। ਪਰ ਅਸਲ ਕੁੱਝ ਹੋਰ ਹੈ। ਰਜਨੀਸ਼ ਉੱਤਰ_ਪੂੰਜੀਵਾਦ ਦੀਆਂ ਸਾਰੀਆਂ ਭੈੜੀਆਂ ਅਲਾਮਤਾਂ ਦਾ ਨਿਚੋੜ ਹੈ, ਜਿਸ ਲਈ ਸਮਾਜ, ਸਮੂਹ, ਸੰਗਠਨ, ਇਤਿਹਾਸ, ਧਰਮ, ਪਰੰਪਰਾ, ਸੰਸਕ੍ਰਿਤੀ, ਸੱਭਿਅਤਾ, ਸਮਾਜਿਕ ਸੰਬੰਧਾਂ ਅਤੇ ਉਦੇਸ਼ ਆਦਿ ਦਾ ਕੋਈ ਮਹੱਤਵ ਨਹੀਂ। ਸਾਹਿਤ ਦੇ ਫ਼ਲਸਫ਼ੇ ਵਿੱਚ ਇਸ ਦੀ ਚਰਚਾ 'ਉੱਤਰ ਆਧੁਨਿਕਤਾਵਾਦ' ਦੇ ਨਾਂ ਨਾਲ ਵੱਡੀ ਪੱਧਰ 'ਤੇ ਹੋ ਰਹੀ ਹੈ। ਨਾਸਤਿਕ ਤਾਂ ਭਗਤ ਸਿੰਘ ਵੀ ਹੈ ਅਤੇ ਰਜਨੀਸ਼ ਨੂੰ ਵੀ ਮੰਨਿਆ ਜਾ ਰਿਹਾ ਹੈ। ਦੋਵੇਂ ਉੱਤਰ_ਦੱਖਣ ਧਰੁਵ ਹਨ। ਰਜਨੀਸ਼ ਉੱਤਰ_ਆਧੁਨਿਕ ਅਰਾਜਕਤਾਵਾਦ ਦੀ ਗਲੈਮਰ_ਯੁਕਤ ਤਸਵੀਰ ਹੈ। ਸਾਨੰੂ ਇਹ ਵੀ ਦੇਖਣਾ ਪਵੇਗਾ ਕਿ ਰਜਨੀਸ਼ ਮੂਲ ਰੂਪ ਵਿੱਚ ਲੇਖਕ ਜਾਂ ਵਿਚਾਰਕ ਨਹੀਂ ਸੀ। ਰਜਨੀਸ਼ ਇੱਕ ਪ੍ਰਵਚਨ (ਧਾਰਮਿਕ ਭਾਸ਼ਣ) ਕਰਤਾ ਸੀ। ਆਪਣੇ ਅੱਗੇ ਬੈਠੇ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ 'ਬਾਬੇ' ਨੂੰ ਬੜੇ ਪ੍ਰਪੰਚ, ਪਾਖੰਡ ਕਰਨੇ ਪੈਂਦੇ ਹਨ। ਰਜਨੀਸ਼ ਵੀ ਆਪਣੀ 'ਸੰਗਤ' ਵਿੱਚ ਬੈਠੇ ਵਿਭਿੰਨ ਲੋਕਾਂ ਨੂੰ ਧਿਆਨ 'ਚ ਰੱਖਕੇ ਪੈਂਤੜੇ ਬਦਲਦਾ ਰਹਿੰਦਾ ਹੈ।

ਉਸਦੀ ਬੌਧਿਕ ਤੇ ਦਾਰਸ਼ਨਿਕ ਕਮਜ਼ੋਰੀ ਇਹ ਹੈ ਕਿ ਉਸਦੇ ਸਾਹਮਣੇ ਕਦੇ ਕੋਈ ਗੰਭੀਰ ਬਹਿਸ ਕਰਨ ਵਾਲੇ ਵਿਅਕਤੀ ਜਾਂ ਪ੍ਰਸੰਗ ਨਹੀਂ ਆਏ। ਸਭ ਤਾਈਂ ਉਹ ਖ਼ੁਦ ਹੀ ਪ੍ਰਸ਼ਨਕਰਤਾ ਹੈ। ਆਪਣੀ ਮਰਜ਼ੀ ਨਾਲ ਪ੍ਰਸ਼ਨ ਚੁਣਦਾ ਹੈ ਅਤੇ ਮਨਮਰਜ਼ੀ ਨਾਲ ਤੱਥਾਂ ਨੂੰ ਤੋੜਦਾ ਮਰੋੜਦਾ ਹੈ। ਆਪਣੀ ਗੱਲ ਨੂੰ ਦੂਜਿਆਂ ਦੇ ਮੂੰਹ ਵਿੱਚਪਾਉਣ ਦਾ ਗ਼ੈਰ ਇਖ਼ਲਾਕੀ ਕੰਮ ਵੀ ਰਜਨੀਸ਼ ਕਰਦਾ ਰਿਹਾ ਹੈ। ਇਸ ਪੁਸਤਕ ਦਾ ਮਹੱਤਵ ਇਸ ਲਈ ਵੀ ਵਧ ਜਾਂਦਾ ਹੈ ਕਿ ਇਸ ਵਿੱਚ ਬਹੁਤੇ ਤੱਥ ਰਜਨੀਸ਼ ਦੇ ਆਪਣੇ 'ਕਥਨ' ਹੀ ਹਨ। ਰਜਨੀਸ਼ ਦੇ ਇੱਕ ਅੰਗ_ਰੱਖਿਅਕ ਵਲੋਂ ਉਸਦੀ ਪੋਲ ਖੋਲ੍ਹਣ ਵਾਲਾ ਲੇਖ ਵੀ ਅਖੀਰ ਵਿੱਚ ਦਿੱਤਾ ਗਿਆ ਹੈ। ਡਾਕਟਰ ਸਾਹਿਬ ਨੇ ਬੜੀ ਮਿਹਨਤ ਨਾਲ ਸੰਤੁਲਿਤ ਵਿਸ਼ਲੇਸ਼ਣ ਕੀਤਾ ਹੈ। ਅਚਰਜ ਦੀ ਗੱਲ ਹੈ ਕਿ ਇਸ ਵਿਸ਼ੇ ਤੇ ਅੱਜ ਤੱਕ ਕੋਈ ਬਹਿਸ ਕਿਉਂ ਨਹੀਂ ਛਿੜੀ। ਮੈਂ ਡਾ. ਕਰਮਜੀਤ ਸਿੰਘ ਜੀ ਦਾ ਸਵਾਗਤ ਕਰਦਾ ਹਾਂ ਤੇ ਧੰਨਵਾਦੀ ਹਾਂ ਜਿਨ੍ਹਾਂ ਚਿਰਾਂ ਤੋਂ ਲੋੜੀਂਦੇ ਕੰਮ ਨੂੰ ਵਿਦਵਤਾ ਪੂਰਣ ਅਤੇ ਖੋਜ ਭਰਪੂਰ ਢੰਗ ਨਾਲ ਸਿਰੇ ਚਾੜ੍ਹਿਆ ਹੈ। ਇਸ ਪੁਸਤਕ ਦੇ ਬਹਾਨੇ ਭਾਰਤ ਦੇ ਬਾਕੀ 'ਬਾਬਿਆਂ' ਬਾਰੇ ਵੀ ਬਹਿਸ ਚੱਲਣੀ ਚਾਹੀਦੀ ਹੈ। ਜਿਨ੍ਹਾਂ ਵਿਚੋਂ ਜ਼ਿਆਦਾਤਰ ਸੰਮੋਹਨ (ਹਿਪਨੋਟਿਜ਼ਮ) 'ਪ੍ਰਭਾ ਮੰਡਲ' ਅਤੇ 'ਗੁਰੂਡਮ' ਰਾਹੀਂ ਜਨ_ਸਾਧਾਰਣ ਨੂੰ ਹੀ ਨਹੀਂ ਬਲਕਿ ਪੜ੍ਹੇ ਲਿਖੇ, ਸੰਪੰਨ ਲੋਕਾਂ ਨੂੰ ਵੀ ਬਰਬਾਦ ਕਰ ਰਹੇ ਹਨ। (ਬਰਬਾਦੀ ਬੌਧਿਕ ਅਤੇ ਮਾਨਸਿਕ ਵੀ ਹੁੰਦੀ ਹੈ)।

ਰਵਿੰਦਰ ਗਾਸੋ

ਹਿੰਦੀ ਵਿਭਾਗ,

ਡੀ.ਏ.ਵੀ. ਕਾਲਜ, ਪੰੂਡਰੀ (ਕੈਥਲ)

# ਰਜਨੀਸ਼ ਦੀ ਅਸਲੀਅਤ ਸਮਝਣ ਤੋਂ ਪਹਿਲਾਂ

ਹਰ ਇਤਿਹਾਸਕ ਪੜਾਅ ਤੇ ਜਿੱਥੇ ਵਰਗ ਸੰਘਰਸ਼ ਅਨਿਵਾਰੀ ਹੈ, ਉਥੇ ਇਨ੍ਹਾਂ ਵਰਗਾਂ ਦਾ ਸਭਿਆਚਾਰ ਵੀ ਟਕਰਾਅ ਵਿੱਚ ਆਉਂਦਾ ਹੈ। ਸਭਿਆਚਾਰ ਵਿੱਚ ਲੋਕਾਂ ਦੀਆਂ ਮਾਨਸਿਕ ਤੇ ਆਤਮਿਕ ਲੋੜਾਂ ਦੀ ਪੂਰਤੀ ਵੀ ਸ਼ਾਮਿਲ ਹੈ। ਜਿਥੇ ਆਮ ਲੋਕਾਂ ਦੀਆਂ ਆਤਮਿਕ ਲੋੜਾਂ ਪੂਰੀਆਂ ਕਰਨ ਲਈ ਨਿਸੁਆਰਥੀ ਜਾਂ ਸੁਆਰਥੀ ਲੋਕ ਅਨੇਕਾਂ ਮਤਾਂ ਮਤਾਂਤਰਾਂ ਦੀ ਸਿਰਜਣਾ ਕਰਦੇ ਹਨ। ਉਵੇਂ ਹੀ ਉਪਰਲੇ ਵਰਗ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਅਨੇਕਾਂ ਸਵਾਮੀ ਬਾਬੇ, ਭਗਵਾਨ 'ਅਵਤਾਰ' ਲੈਂਦੇ ਰਹਿੰਦੇ ਹਨ। ਅਜਿਹਾ ਹੀ ਇੱਕ ਅਵਤਾਰ ਹੈ ਰਜਨੀਸ਼ ਜਿਸਨੇ ਆਪਣੇ ਆਪ ਨੂੰ ਅਚਾਰੀਆ, ਭਗਵਾਨ ਤੇ ਅਖੀਰ ਤੇ ਓਸ਼ੋ ਨਾਂ ਨਾਲ ਸਥਾਪਿਤ ਕੀਤਾ। ਇਤਿਹਾਸ ਵਿੱਚ ਜਿੰਨੇ ਵੀ ਗੁਰੂ ਅਚਾਰੀਆ ਪੈਦਾ ਹੋਏ ਹਨ, ਉਹ ਆਪਣੇ ਆਪ ਨੂੰ ਨਿਰਮਾਣਤਾ ਕਾਰਨ ਕਦੇ ਉਚੇਰਾ ਸਿੱਧ ਨਹੀਂ ਕਰਦੇ। ਪਰ ਉਹ ਬੰਦਾ ਜੋ ਈਸਾ ਤੋਂ ਲੈ ਕੇ ਹਰ ਮਹਾਂਪੁਰਸ਼ਾਂ ਦੀ 'ਈਗੋ' ਨੂੰ ਸਮਝਣ ਦਾ ਦਾਅਵਾ ਕਰਦਾ ਹੈ, ਉਹ ਆਪ ਸਭ ਤੋਂ ਵੱਡਾ 'ਹੰਕਾਰੀ' ਬਣ ਜਾਂਦਾ ਹੈ। ਜਿਸਨੇ ਕਹਿਕੇ ਆਪਣੇ ਚੇਲਿਆਂ ਦੇ ਗਲ਼ਾਂ ਵਿੱਚ ਆਪਣੀਆਂ ਤਸਵੀਰਾਂ ਲਟਕਵਾਈਆਂ। ਕਮਾਲ ਇਹ ਹੈ ਕਿ ਰਜਨੀਸ਼ ਤੇ ਸਾਈਂ ਬਾਬਾ ਵਰਗੇ ਲੋਕ ਅਜੋਕੀ ਘਟੀਆ ਸੰਸਕ੍ਰਿਤੀ ਦੀ ਪ੍ਰਤੀਨਿਧਤਾ ਕਰਦੇ ਹੋਏ, ਲੋਕਾਂ ਨੂੰ 'ਮੂਰਖ' ਬਣਾਕੇ ਮਗਰ ਲਾਉਣ ਤੋਂ ਬਾਜ਼ ਨਹੀਂ ਆਉਂਦੇ। 'ਸਾਈਂ ਬਾਬਾ' ਜਾਦੂ ਦੇ ਟਰਿੱਕ ਦਿਖਾ ਕੇ ਲੱਖਾਂ ਲੋਕਾਂ ਨੂੰ 'ਮੁਕਤੀ' ਦੁਆ ਰਿਹਾ ਹੈ। ਲੋਕਾਂ ਨਾਲ ਅਜਿਹਾ ਧੋਖਾ ਨਾ ਤਾਂ ਉਸਦੀਆ ਨਜ਼ਰਾਂ ਵਿੱਚ ਮਾੜਾ ਹੈ ਤੇ ਨਾ ਹੀ ਉਸਦੇ ਪੜ੍ਹੇ ਲਿਖੇ ਏਜੰਟਾਂ ਦੀਆਂ ਨਜ਼ਰਾਂ ਵਿੱਚ। ਇਹੀ ਹਾਲ ਹੈ ਰਜਨੀਸ਼ ਦਾ। ਉਸਦੇ ਆਪਦੇ ਕਹਿਣ ਮੁਤਾਬਕ ਉਹ ਵੀਹ ਸਾਲ ਵੱਖ ਵੱਖ ਧਰਮਾਂ ਦੇ ਪੈਰੋਕਾਰਾਂ ਸਾਹਮਣੇ ਉਨ੍ਹਾਂ ਦੇ ਧਰਮ ਗੰ੍ਰਥਾਂ ਦੀ ਆਪਣੀ ਮਰਜ਼ੀ ਦੀ ਵਿਆਖਿਆ ਕਰਦਾ ਰਿਹਾ ਜਾਂ ਉਨ੍ਹਾਂ ਨੂੰ ਆਪਣੇ ਹੀ ਅਰਥ ਦਿੰਦਾ ਰਿਹਾ। ਸ਼ੁਰੂ ਵਿੱਚ ਤਾਂ ਬੰਬਈ ਵਿੱਚ ਉਹ ਜਾਦੂ ਦੇ ਟਰਿੱਕ ਦਿਖਾਉਣ ਦੀ ਰਿਹਰਸਲ ਵੀ ਕਰਦਾ ਰਿਹਾ। ਰਜਨੀਸ਼ ਨੂੰ ਵੀ ਅਜਿਹਾ ਸ਼ੌਕ ਸਾਈਂ ਬਾਬਾ ਵਾਂਗ ਛੋਟੀ ਉਮਰ ਤੋਂ ਸੀ।

ਹਰ ਤਰ੍ਹਾਂ ਦੀ ਵਿਆਖਿਆ ਬਾਅਦ ਉਸਦਾ ਸੰਦੇਸ਼ ਇਹੀ ਹੈ ਕਿ ਗਿਆਨ ਤੋਂ ਬਚ ਕੇ ਰਹੋ। ਉਹ ਅਖ਼ੀਰ 'ਸੰਭੋਗ ਤੋਂ ਸਮਾਧੀ' ਤੱਕ ਪਹੁੰਚ ਜਾਂਦਾ ਹੈ। ਨਾ ਤਾਂ ਉਹ ਸੰਭੋਗ ਦੀ ਪ੍ਰਕ੍ਰਿਤੀ ਨੂੰ ਸਮਝ ਸਕਿਆ ਤੇ ਨਾ ਸਮਾਧੀ ਦੇ

ਰਹੱਸ ਨੂੰ। ਸੰਭੋਗ ਵਿੱਚ ਗਲਤਾਨ ਉਸਦੇ ਚੇਲੇ 'ਡਰੱਗਜ਼' ਦੀਆਂ ਫਹੁੜੀਆਂ ਸਹਾਰੇ ਚੱਲਣ ਲੱਗ ਪੈਂਦੇ ਹਨ ਤੇ ਸਮਾਧੀ ਦੇ ਨਾਂ 'ਤੇ ਰਹਿ ਜਾਂਦਾ ਹੈ ਸਵੈ_ਹਿਪਨੋਟਿਜ਼ਮ। ਇਨ੍ਹਾਂ ਦੋਨਾਂ ਦੇ ਮੇਲ ਨੇ ਇੱਕ ਨਵੀਂ ਬਿਮਾਰ ਪੀੜ੍ਹੀ ਨੂੰ ਜਨਮ ਦਿੱਤਾ ਹੈ, ਜੋ ਜ਼ਿੰਦਗੀ ਤੋਂ ਵੀ ਭਾਜੂ ਹੈ ਤੇ ਸਮਾਜ ਤੋਂ ਵੀ। ਅਜੋਕੀ ਸੱਤਾ ਨੂੰ ਅਜਿਹੀ ਫ਼ਿਲਾਸਫ਼ੀ ਬੜੀ ਰਾਸ ਆਉਂਦੀ ਹੈ। ਰਜਨੀਸ਼ ਕਿਸੇ ਸਮਾਜਿਕ ਸੰਸਥਾ, ਰਾਜਨੀਤੀ, ਸਰਕਾਰ ਵਿੱਚ ਵਿਸ਼ਵਾਸ ਨਹੀਂ ਰੱਖਦਾ ਉਹ ਕੇਵਲ 'ਵਿਅਕਤੀ' ਵਿੱਚ ਵਿਸ਼ਵਾਸ ਰੱਖਦਾ ਹੈ, ਜੋ 'ਕੱਲਾ ਚਣਾ ਬਣ ਕੇ ਰਹਿ ਜਾਂਦਾ ਹੈ ਤੇ ਭਾੜ ਵੀ (ਅਕੇਲਾ ਚਣਾ ਭਾੜ ਨਹੀਂ ਫੋੜ ਸਕਤਾ ਤੋਂ ਭਾਵ ਹੈ) ਨਹੀਂ ਫੋੜ ਸਕਦਾ। ਉਹ ਹਿੱਕ ਠੋਕ ਕੇ ਇਹ ਕਹਿੰਦਾ ਹੈ ਕਿ ਉਹ ਦੁਨੀਆਂ ਦਾ ਇਕੋ ਇੱਕ ਬੰਦਾ ਹੈ ਜੋ ਸਰਮਾਏਦਾਰੀ ਦੇ ਹੱਕ ਵਿੱਚ ਬੋਲਦਾ ਹੈ। ਇਹ ਸੱਚ ਵੀ ਹੈ। ਉਹ ਨੰਗੇ ਚਿੱਟੇ ਰੂਪ ਵਿੱਚ ਸਰਮਾਏਦਾਰੀ ਦੇ ਨੁਮਾਇੰਦਿਆਂ ਵਲੋਂ ਬਣਾ ਕੇ ਦਿੱਤੇ ਕਮਿਊਨਾਂ ਦੀਆਂ ਸਾਰੀਆਂ ਸੁਖਸੁਵਿਧਾਵਾਂ ਭੋਗਦਾ ਹੈ।

ਸਰਮਾਏਦਾਰੀ ਦੇ ਹੱਕ ਵਿੱਚ ਭੁਗਤਣਾ ਤੇ ਮਾਰਕਸਵਾਦ ਦੇ ਖਿਲਾਫ਼ ਹੋਣਾ ਇਸੇ ਸੰਦਰਭ ਵਿੱਚ ਸਮਝ ਆਉਣ ਵਾਲਾ ਤੱਥ ਹੈ। ਉਹ ਹਮੇਸ਼ਾਂ ਕੁਤਰਕਾਂ ਨਾਲ ਹੀ ਮਾਰਕਸਵਾਦ ਦੇ ਖਿਲਾਫ਼ ਬੋਲਦਾ ਰਿਹਾ ਹੈ। ਜਿਵੇਂ ਉਹ ਇਨਕਲਾਬਾਂ ਦੇ ਹੱਕ ਵਿੱਚ ਨਹੀਂ ਕਿਉਂਕਿ ਸਾਰੇ ਇਨਕਲਾਬ ਫੇਲ੍ਹ ਹੋਏ। ਅਸਲ ਵਿੱਚ ਉਹ ਇਤਿਹਾਸ ਨੂੰ ਹਮੇਸ਼ਾਂ ਨਕਾਰ ਕੇ ਚੱਲਦਾ ਹੈ। ਪਰ ਜੇ ਇਤਿਹਾਸਕ ਦ੍ਰਿਸ਼ਟੀ ਨੂੰ ਧਿਆਨ ਵਿੱਚ ਰੱਖੀਏ ਤਾਂ ਇਨਕਲਾਬ ਇੱਕ ਇਤਿਹਾਸਕ ਪ੍ਰਕ੍ਰਿਆ ਹੈ। ਉਸਦੀਆਂ ਪ੍ਰਾਪਤੀਆਂ ਤੋਂ ਬਾਅਦ ਜਦੋਂ ਸਿਸਟਮ ਵਿੱਚ ਖਰਾਬੀਆਂ ਆਉਂਦੀਆਂ ਹਨ ਤਾ ਨਵੇਂ ਇਨਕਲਾਬ ਦੀ ਲੋੜ ਪੈਂਦੀ ਹੈ। ਪਰ ਰਜਨੀਸ਼ ਹਮੇਸ਼ਾਂ ਉਲਟ ਇਨਕਲਾਬ ਨਾਲ ਖੜ੍ਹਿਆ ਹੈ। ਇਸ ਲਈ ਉਹ ਅਖੀਰਲੇ ਦਿਨਾਂ ਵਿੱਚ ਗੋਰਬਾਚੋਵ ਦੇ ਹੱਕ ਵਿੱਚ ਭੁਗਤਦਾ ਹੈ। ਉਸ ਅਨੁਸਾਰ ਅਮੀਰਾਂ ਨੂੰ ਖ਼ਤਮ ਕਰਕੇ ਸਮਾਜਵਾਦ ਗਰੀਬੀ ਵੰਡਦਾ ਹੈ। ਪਰ ਕਦੇ ਵੀ ਉਸਨੇ ਸਮਾਜਵਾਦ ਦੀਆਂ ਪ੍ਰਾਪਤੀਆਂ ਵੱਲ ਧਿਆਨ ਨਹੀਂ ਦਿੱਤਾ। ਦੇਵੇ ਵੀ ਕਿਉਂ ? ਆਮ ਲੋਕਾਂ ਦਾ ਪੱਧਰ ਉੱਚਾ ਹੋਵੇਗਾ ਤਾਂ ਉਸ ਵਰਗੇ 'ਦਲਾਲ' ਦਾ ਕੀ ਬਣੇਗਾ। ਉਹ ਤਾਂ ਅਜਿਹੇ ਘਟੀਆ ਇਲਜ਼ਾਮਾਂ ਤੱਕ ਵੀ ਪਹੁੰਚ ਜਾਂਦਾ ਹੈ ਕਿ ਲੈਨਿਨ ਦਾ ਕਤਲ ਸਟਾਲਿਨ ਨੇ ਕਰਵਾਇਆ। ਅਜਿਹੀਆਂ ਬੇਥਵੀਆਂ ਦਲੀਲਾਂ ਨਾਲ ਉਹ ਸਭ ਤੋਂ ਵੱਧ 'ਪੜ੍ਹੇ ਲਿਖੇ' ਕਮਿਊਨ ਨੂੰ ਲਗਾਤਾਰ ਸੰਬੋਧਨ ਕਰਦਾ ਹੈ, ਪਰ ਉਹ ਸਾਰੇ 'ਡੁੰਨ' ਬਣੇ ਸੁਣਦੇ ਰਹੇ ਹਨ।

ਉਸਦੇ ਚੇਲੇ ਇੰਨੇ ਸਿਆਣੇ ਹਨ ਕਿ ਉਨ੍ਹਾਂ ਸਾਹਮਣੇ ਉਹ ਪੰਜ ਕਕਾਰਾਂ ਦੀ ਗੱਲ ਨੂੰ ਗੁਰੂ ਨਾਨਕ ਨਾਲ ਜੋੜ੍ਹ ਦਿੰਦਾ ਹੈ ਪਰ ਇਨ੍ਹਾਂ ਦੀ ਸਿਹਤ 'ਤੇ ਕੋਈ ਅਸਰ ਨਹੀਂ ਹੁੰਦਾ। ਇੱਥੋਂ ਤੱਕ ਕਿ ਉਸਦੇ ਲੈਕਚਰਾਂ ਨੂੰ ਛਾਪਣ ਸਮੇਂ ਵੀ ਉਸਦੀ ਸੁਧਾਈ ਨਹੀਂ ਕੀਤੀ ਜਾਂਦੀ। ਇਸ ਸਾਰੇ ਨੂੰ ਪੜ੍ਹਕੇ ਸਾਡੇ ਜਿਹੇ ਪਾਠਕਾਂ ਦਾ ਮੋਹ ਭੰਗ ਹੋਣਾ ਸੁਭਾਵਿਕ ਹੈ। ਜਦੋਂ ਉਹ ਕਿਸੇ ਦੀ ਵੀ ਕਹੀ ਹੋਈ ਗੱਲ ਨੂੰ ਕਿਸੇ ਹੋਰ ਦੇ ਮੂੰਹ ਵਿੱਚ ਪਾਉਂਦਾ ਹੈ ਤਾਂ, ਸੱਚਮੁੱਚ ਹੀ ਬੜਾ ਭੱਦਾ ਲੱਗਦਾ ਹੈ।

ਕਈ ਲੋਕ ਵਿਸ਼ੇਸ਼ ਤੌਰ 'ਤੇ ਪਦਾਰਥਵਾਦੀ, ਰਜਨੀਸ਼ ਨੂੰ ਇਸ ਲਈ ਬੜਾ ਸਰਾਹੁੰਦੇ ਹਨ ਕਿ ਉਹ ਧਰਮਾਂ ਦੇ ਖਿਲਾਫ਼ ਹੈ। ਪਰ ਉਹ ਇਹ ਨਹੀਂ ਜਾਣਦੇ ਕਿ ਧਰਮਾਂ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਪਰਖਣਾ ਇੱਕ ਗੱਲ ਹੈ, ਪਰ ਉਨ੍ਹਾਂ ਦੇ ਖਿਲਾਫ਼ ਤਰਕਹੀਣ 'ਬਕਵਾਸ' ਕਰਨਾ ਦੂਜੀ ਗੱਲ ਹੈ। ਜਦੋਂ ਰਜਨੀਸ਼ ਹਿੰਦੂ, ਧਰਮ ਤੋਂ ਲੈ ਕੇ ਸਿੱਖ ਧਰਮ ਤੱਕ ਦਾ ਮਜ਼ਾਕ ਉਡਾਉਂਦਾ ਹੈ ਤਾਂ ਕੋਈ ਵੀ ਉਹ ਖੁਸ਼ ਹੋ ਸਕਦਾ ਹੈ ਜੋ ਧਰਮ ਨੂੰ ਪ੍ਰਵਾਨ ਨਹੀਂ ਕਰਦਾ, ਪਰ ਉਸਦੇ ਤਰਕਾਂ ਦਾ ਕੀ ਕਰੋਗੇ? ਈਸਾ ਇਸ ਲਈ ਉਸਦੀਆਂ ਨਜ਼ਰਾਂ ਵਿੱਚ ਮਾੜਾ ਹੈ ਕਿ ਉਹ ਕਿਰਤੀ ਹੈ। ਉਸਦੇ ਪਿਆਰ ਕਰਨ ਨੂੰ ਵੀ ਮਜ਼ਾਕ ਵਿੱਚ ਉਡਾਉਣ ਦਾ ਯਤਨ ਕਰਦਾ ਹੈ। ਗਾਂਧੀ ਦੇ ਖਿਲਾਫ਼, ਸਿੱਖਾਂ ਦੇ ਖਿਲਾਫ਼, ਅੰਬੇਡਕਰ ਦੇ ਖਿਲਾਫ਼, ਰਾਧਾ ਸੁਆਮੀਆਂ ਦੇ ਖਿਲਾਫ਼, ਕੁਰਾਨ ਦੇ ਖਿਲਾਫ਼ ਯਾਨੀ ਹਰ ਧਰਮ ਦੇ ਖਿਲਾਫ਼ ਉਹ ਪੂਰੇ ਜ਼ੋਰ ਨਾਲ ਬੋਲਦਾ ਹੈ। ਜਿਵੇਂ ਕੁਰਾਨ ਨੂੰੂੰ 'ਕੂੜਾ ਕਰਕਟ' ਕਹਿੰਦਾ ਹੈ। ਪਰ ਇਸਦਾ ਤਰਕ ਕੋਈ ਨਹੀਂ। ਅਜਿਹੇ ਆਦਮੀ ਨੂੰ ਅਰਾਜਕਤਾਵਾਦੀ ਹੀ ਕਿਹਾ ਜਾ ਸਕਦਾ, ਜੋ ਆਪਣੀ ਮੰਨਦਾ ਹੈ ਤੇ ਇਸ ਉੱਪਰ ਉਸਨੂੰ ਮਾਣ ਵੀ ਹੈ।

ਮੂਲ ਰੂਪ ਵਿੱਚ ਰਜਨੀਸ਼ ਨਾਸਤਿਕ ਹੈ। ਪਦਾਰਥਵਾਦੀਆਂ ਨੂੰ ਤੇ ਕਈ ਮਾਰਕਸਵਾਦੀਆਂ ਨੂੰ ਵੀ ਉਸਦਾ ਇਹ ਗੁਣ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਪਰ ਸਵਾਲ ਇਹ ਹੈ ਕਿ ਨਾਸਤਿਕ ਹੋਣਾ ਹੀ ਬੰਦੇ ਦੀ ਨਿਸ਼ਾਨੀ ਹੈ। ਕੀ ਸਮਾਜ ਸੁਧਾਰ ਦੀ ਲੋੜ ਨਹੀਂ। ਕੀ ਉਸਦਾ ਸੰਭੋਗ ਤੋਂ ਸਮਾਧੀ ਤੱਕ ਉਦੇਸ਼ ਹੋਣਾ ਚਾਹੀਦਾ ਹੈ ? ਕੀ ਅਜਿਹਾ ਆਦਮੀ ਇਨਕਲਾਬ ਕਰ ਸਕਦਾ ਹੈ ? ਕੀ ਰਜਨੀਸ਼ ਦੀਆਂ ਸਾਰੀਆਂ 'ਕੰੁਠਾਵਾਂ' ਉਨ੍ਹਾਂ ਨੂੰ ਮਨਜ਼ੂਰ ਹਨ ? ਕੀ ਪਰਿਵਾਰ ਤੱਕ ਉਨ੍ਹਾਂ ਨੂੰ ਲੋੜ ਨਹੀਂ ? ਰਜਨੀਸ਼ ਇੱਕ ਥਾਂ ਕਹਿੰਦਾ ਹੈ ਕਿ ਉਸਦੀ ਕਿਸੇ ਚੇਲੀ ਨੇ ਇਹ ਸ਼ਿਕਾਇਤ ਲਿਖੀ ਕਿ ਉਸਨੇ ਉਸਨੂੰ ਸੰਕਟ ਵਿੱਚ ਪਾ ਦਿੱਤਾ ਹੈ। ਉਸਨੇ ਆਪਣੇ ਪੁੱਤਰ ਸਾਹਮਣੇ ਉਸ ਨਾਲ ਸੰਭੋਗ ਕੀਤਾ ਤਾਂ ਪੁੱਤਰ ਵੀ ਪਿਓ ਵਾਲੀ ਪ੍ਰਕ੍ਰਿਆ ਦੁਹਰਾਉਣ ਦੀ ਜ਼ਿਦ ਕਰਦਾ ਹੈ। ਭਾਸ਼ਣ ਵਿੱਚ ਅਗਾਂਹ

ਚੁੱਪ ਸਾਧ ਲਈ ਗਈ ਹੈ, ਪਰ ਸਪੱਸ਼ਟ ਹੈ ਕਿ ਰਜਨੀਸ਼ ਅਜਿਹੀ ਨੈਤਿਕਤਾ ਹੀ ਸਿਰਜ ਰਿਹਾ ਸੀ। ਰਜਨੀਸ਼ ਨੇ ਸਾਰੀ ਉਮਰ ਵਿਆਹ ਨਹੀਂ ਕਰਵਾਇਆ। ਉਹ ਵਿਆਹ ਬਾਹਰੇ ਸੈਕਸ ਨਾਲ ਹੀ ਸਾਰੀ ਉਮਰ ਬਤੀਤ ਕਰਦਾ ਰਿਹਾ ਹੈ। ਕੀ ਅਜਿਹਾ ਹੀ ਸਮਾਜ ਉਸਾਰਨ ਦੀ ਲੋੜ ਹੈ ? ਕਈ ਥਾਂ ਇਉਂ ਲੱਗ ਸਕਦਾ ਹੈ ਕਿ ਰਜਨੀਸ਼ ਔਰਤ ਨੂੰ ਆਜ਼ਾਦੀ ਦੇਣ ਦੇ ਹੱਕ ਵਿੱਚ ਹੈ, ਪਰ ਕਿਹੀ ਆਜ਼ਾਦੀ ? ਜਿਸ ਤਰ੍ਹਾਂ ਦੀ ਉੱਪਰ ਵਰਣਿਤ ਕੀਤੀ ਗਈ ਹੈ। ਅਸਲ ਵਿੱਚ ਉਹ ਬੰਦਿਆਂ ਨੂੰ 'ਇਨਲਾਈਟਨ' ਕਰਨ ਦਾ ਸਾਧਨ ਮਾਤਰ ਹੀ ਬਣਦੀਆਂ ਹਨ। ਇੱਕ ਥਾਂ ਤੇ ਤਾਂ ਉਹ ਇਹ ਵੀ ਕਹਿ ਜਾਂਦਾ ਹੈ ਕਿ ਮਰਦ ਦੀ ਤਾਕਤ ਉੱਪਰ ਵੱਲ ਨੂੰ ਜਾਂਦੀ ਹੈ ਜਦਕਿ ਔਰਤ ਦੀ ਸ਼ਕਤੀ ਹੇਠਾਂ ਵੱਲ ਨੂੰ ਜਾਂਦੀ ਹੈ, ਇਸੇ ਲਈ ਉਸਦੇ ਵਿਕਾਸ ਵਿੱਚ ਰੁਕਾਵਟ ਆਉਂਦੀ ਹੈ। ਸਮੁੱਚੇ ਤੌਰ 'ਤੇ ਦੇਖੀਏ ਤਾਂ ਰਜਨੀਸ਼ ਸਮੁੱਚੀ ਮਨੁੱਖੀ ਸਖਸ਼ੀਅਤ ਨੂੰ 'ਧਿਆਨ' ਤੱਕ ਸੀਮਤ ਕਰ ਦਿੰਦਾ ਹੈ। ਅਜਿਹੀ ਧਿਆਨਵਾਦੀ ਸਖਸ਼ੀਅਤ ਆਪਣਾ ਤਾਂ ਭਾਵੇਂ ਕੁਝ ਸੁਆਰਦੀ ਹੋਵੇ, ਦੂਸਰਿਆਂ ਦਾ ਕੁੱਝ ਵੀ ਨਹੀਂ ਸਵਾਰ ਸਕਦੀ। ਸਮਾਜ ਦਾ ਤਾਂ ਬਿਲਕੁਲ ਹੀ ਨਹੀਂ।

ਨਾਸਤਿਕ ਰਜਨੀਸ਼ 'ਪੁਨਰ ਜਨਮ' ਦੀ ਖ਼ੂਬ ਪ੍ਰਸ਼ੰਸਾ ਹੀ ਨਹੀਂ ਕਰਦਾ ਸਗੋਂ ਆਪਣੇ ਅਗਲੇ ਪਿਛਲੇ ਜਨਮਾਂ ਦੀਆਂ ਮਨਘੜਤ ਬਾਤਾਂ ਵੀ ਸੁਣਾਉਂਦਾ ਹੈ। ਇੱਥੇ ਉਹ ਇੱਕ ਦਮ ਤਰਕਹੀਣ ਤੇ ਗ਼ੈਰ ਵਿਗਿਆਨਕ ਹੋ ਜਾਂਦਾ ਹੈ। ਹੁਣੇ ਜਿਹੇ ਆਏ 'ਓਸ਼ੋ ਟਾਈਮਜ਼' ਵਿੱਚ ਉਸਦੇ ਪਿੱਛਲੇ ਸੈਂਕੜੇ ਜਨਮਾਂ ਦੀਆਂ ਗੱਲਾਂ ਕੀਤੀਆਂ ਗਈਆਂ ਹਨ। ਉਹ ਆਪਣੇ ਆਪ ਨੂੰ ਸੁਕਰਾਤ ਨਾਲ ਜੋੜਦਾ ਹੈ।

ਅਸਲ ਵਿੱਚ ਰਜਨੀਸ਼ ਵਿੱਚ 'ਆਤਮਘਾਤੀ' ਪ੍ਰਵਿਰਤੀਆਂ ਹਮੇਸ਼ਾਂ ਹਾਵੀ ਰਹੀਆਂ ਹਨ। 'ਸੰਭੋਗ ਤੋਂ ਸਮਾਧੀ ਤੱਕ' ਦੇ ਅੰਤ ਉੱਪਰ ਉਸਦਾ ਬਾਰ ਬਾਰ ਇਹ ਕਹਿਣਾ ਹੈ ਕਿ ਮੈਨੂੰ ਕੋਈ ਮਾਰੇ ਤਾਂ ਸਹੀ ਮੈਂ ਅਮਰ ਹੋ ਜਾਵਾਂਗਾ; ਸੁਕਰਾਤ ਤੇ ਗਾਂਧੀ ਵਾਂਗ _ ਉਸਦੀ ਇਸ ਪ੍ਰਕ੍ਰਿਤੀ ਦੀ ਉਦਾਹਰਣ ਹੈ। ਕਿਸੇ ਧਰਮ ਨੇ ਉਸਨੂੰ ਨਹੀਂ ਮਾਰਿਆ ਭਾਵੇਂ ਉਸਨੇ ਹਰੇਕ ਨੂੰ ਗਾਲ੍ਹਾਂ ਕੱਢੀਆਂ। ਗਾਂਧੀ ਦੇ ਚੇਲਿਆਂ ਨੇ, ਅਮਰੀਕੀ ਰਾਸ਼ਟਰਪਤੀ ਦੇ ਹਮਾਇਤੀਆਂ ਨੇ ਵੀ ਉਸਦੀ ਇਹ ਇੱਛਾ ਪੂਰੀ ਨਹੀਂ ਕੀਤੀ। ਕੁਝ ਦੇ ਕਹਿਣ ਅਨੁਸਾਰ ਉਹ ਏਡਜ਼ ਨਾਲ ਮਰਿਆ, ਪਰ ਉਸਦੇ ਚੇਲੇ ਉਸਨੂੰ ਸੁਕਰਾਤ ਬਣਾਉਣ ਤੇ ਤੁਲੇ ਹੋਏ ਹਨ, ਜਿਨ੍ਹਾਂ ਅਨੁਸਾਰ ਉਸਨੂੰ 'ਸਲੋਅ ਪਾਇਜ਼ਨ' ਦਿੱਤਾ ਗਿਆ। ਦੇਖੀਏ ਚੇਲੇ ਉਸਨੂੰ ਅਜਿਹੀ ਪਦਵੀ ਦਿਵਾਉਣ ਵਿੱਚ ਕਾਮਯਾਬ ਹੁੰਦੇ ਹਨ ਕਿ ਨਹੀਂ !! ਜੇ ਅਜਿਹਾ ਹੋ ਜਾਵੇ ਤਾਂ ਉਸਦੀ ਪਹਿਲੀ ਤੇ ਆਖ਼ਰੀ ਖਾਹਿਸ਼ ਪੂਰੀ ਹੋ ਜਾਵੇਗੀ।

ਉਪਰੋਕਤ ਵਿਚਾਰਾਂ ਨੂੰ ਜੇ ਹਮੇਸ਼ਾਂ ਉਸਦੀਆਂ ਲਿਖਤਾਂ ਦੇ ਪ੍ਰਸੰਗ ਵਿੱਚ ਵਿਚਾਰੀਏ ਤਾਂ ਵਧੇਰੇ ਚਾਨਣ ਹੁੰਦਾ ਹੈ। ਪਹਿਲਾਂ ਉਸਦੇ ਸਭ ਤੋਂ ਪਿਆਰੇ ਵਿਸ਼ੇ ਨੂੰ ਹੀ ਲਈਏ। ਸਮਾਜਵਾਦ ਤੇ ਸਮਾਜਵਾਦ ਦੇ ਪੈਰੋਕਾਰਾਂ ਬਾਰੇ ਉਹ ਹਰ ਥਾਂ ਇੱਕੋ ਜਿਹੇ ਤਰਕ ਹੀ ਦਿੰਦਾ ਹੈ। "ਹਾਂ ਸਾਰੇ ਇਨਕਲਾਬ ਫੇਲ੍ਹ ਹੋਏ ਉਨ੍ਹਾਂ ਦੀ ਪ੍ਰਕ੍ਰਿਤੀ ਹੀ ਅਜਿਹੀ ਹੈ ਕਿ ਉਹ ਸਫ਼ਲ ਨਹੀਂ ਹੋ ਸਕਦੇ। ਇਸ ਲਈ ਮੈਂ ਇਨਕਲਾਬ ਦੇ ਹੱਕ ਵਿੱਚ ਨਹੀਂ। (ਰਜਨੀਸ਼ ਬਾਈਬਲ ਭਾਗ 4, ਪੰਨਾ 914 ਅਗਾਂਹ ਵੀ ਮੈਂ ਇਸੇ ਭਾਗ ਵਿਚੋਂ ਰਜਨੀਸ਼ ਨੂੰ ਕੋਟ ਕਰਾਂਗਾ) ਇਹ ਹਮੇਸ਼ਾ ਹੁੰਦਾ ਹੈ ਇਸੇ ਲਈ ਮੈਂ ਇਨਕਲਾਬ ਦੇ ਹੱਕ ਵਿੱਚ ਨਹੀਂ ਹਾਂ। ਮੈਂ ਵਿਦਰੋਹੀ ਦੇ ਹੱਕ ਵਿੱਚ ਹਾਂ। ਵਿਦਰੋਹੀ ਕੇਵਲ ਵਿਅਕਤੀ ਹੁੰਦਾ ਹੈ।"(ਪੰਨਾ 886) ਜੇ ਸਮੂਹਿਕ ਇਨਕਲਾਬ ਸਫ਼ਲ ਨਹੀਂ ਹੋਏ ਤਾਂ 'ਵਿਦਰੋਹੀ' ਕੀ ਚੰਦ ਚਾੜ੍ਹੇਗਾ, ਸਵਾਇ; ਲੈਕਚਰ ਦੇਣ ਦੇ!! ਰੂਸੀ ਇਨਕਲਾਬ ਬਾਰੇ ਉਸਦੇ ਵਿਚਾਰ ਹਨ ਜੋ ਉਸਨੇ ਬਾਰ ਬਾਰ ਦੁਹਰਾਏ ਹਨ, "ਦੋ ਪ੍ਰਤੀਸ਼ਤ ਲੋਕਾਂ ਦੀ ਥੋੜ੍ਹੀ ਜਿਹੀ ਦੌਲਤ ਨੂੰ 98% ਜਨਤਾ ਵਿੱਚ ਵੰਡੇ ਜਾਣ ਨਾਲ ਕੋਈ ਵੀ ਅਮੀਰ ਨਹੀਂ ਹੋਇਆ। ਸਾਰੇ ਬਰਾਬਰ ਦੇ ਗਰੀਬ ਜ਼ਰੂਰ ਹੋ ਗਏ।"(ਪੰਨਾ_879) ਇਸ ਬਾਰੇ ਵਿਸਤਾਰ ਸਹਿਤ ਟਿੱਪਣੀ ਅਸੀਂ ਪੁਸਤਕ ਵਿੱਚ ਪ੍ਰਸੰਗ ਅਨੁਸਾਰ ਦਿੱਤੀ ਹੈ। ਵੈਸੇ ਉਸਦੇ ਤਰਕ ਦਾ ਸਤਹੀਪਣ ਉਂਝ ਹੀ ਸਾਹਮਣੇ ਹੈ। ਮੋਟੇ ਤੌਰ 'ਤੇ ਉਹ ਦੋ ਪ੍ਰਤੀਸ਼ਤ ਲੋਕਾਂ ਨਾਲ ਖੜ੍ਹਾ ਨਜ਼ਰ ਆਉਂਦਾ ਹੈ। ਉਸਦੇ ਇਰਾਦੇ ਨੇਕ ਨਹੀਂ ਇਸੇ ਲਈ ਉਹ ਕਮਿਊਨਿਜ਼ਮ ਨੂੰ 'ਈਰਖਾ' ਤੱਕ ਸੀਮਤ ਕਰ ਦਿੰਦਾ ਹੈ, ਭਾਵੇਂ ਉਸਦੇ ਕਿਹਾਂ ਅਜਿਹਾ ਹੋਣਾ ਸੰਭਵ ਨਹੀਂ। ਪਰ ਉਹ ਆਪਣੇ ਵਲੋਂ ਕੋਈ ਕਸਰ ਨਹੀਂ ਛੱਡਦਾ, "ਇਸ ਵਿਚਾਰ ਨੂੰ ਪ੍ਰਵਾਨ ਕਰਨਾ ਬੜਾ ਸੌਖਾ ਹੈ ਕਿ ਕੋਈ ਵੀ ਤੁਹਾਡੇ ਤੋਂ ਉੱਚਾ ਨਹੀਂ, ਪਰੰਤੂ ਇਹ ਵਿਦਰੋਹ ਨਹੀਂ ਸਗੋਂ ਸਾੜਾ ਹੈ। ਕਮਿਊਨਿਜ਼ਮ ਵਿਦਰੋਹ ਨਹੀਂ, ਈਰਖਾ ਹੈ।" (ਪੰਨਾ 878) ਉਸਦਾ ਇੱਕ ਹੋਰ ਤਰਕ, "ਕਮਿਊਨਿਜ਼ਮ ਦਾ ਵਿਚਾਰ ਮਾੜਾ ਨਹੀਂ ਹੈ, ਕਿ ਹਰੇਕ ਪਾਸ ਵਿਕਸਤ ਹੋਣ ਦੇ ਬਰਾਬਰ ਮੌਕੇ ਹੋਣੇ ਚਾਹੀਦੇ ਹਨ, ਅਤੇ ਹਰੇਕ ਵਿਅਕਤੀ ਦੀਆਂ ਲੋੜਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ। ਇਸ ਵਿੱਚ ਗਲਤੀ ਇਹ ਹੈ ਕਿ ਕੀ ਇਸ ਲਈ ਪੂਰੀ ਦੁਨੀਆਂ ਨੂੰ ਤਬਾਹ ਕੀਤਾ ਜਾਵੇ ? ਫਿਰ ਇਹ ਕੇਵਲ ਵਿਚਾਰ ਹੈ ਕਿਤੇ ਵੀ ਇਸ ਵਿਚਾਰ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਗਿਆ। ਨਾ ਰੂਸ ਵਿੱਚ ਨਾ ਚੀਨ ਵਿੱਚ ਅਤੇ ਨਾ ਕਿਤੇ ਹੋਰ।" (ਪੰਨਾ 817) ਇੱਥੇ ਦੋ ਪ੍ਰਤੀਸ਼ਤ ਦੀ ਤਬਾਹੀ ਰਜਨੀਸ਼ ਨੂੰ 'ਪੂਰੀ ਦੁਨੀਆਂ ਦੀ ਤਬਾਹੀ' ਨਜ਼ਰ ਆਉਣ ਲੱਗ ਪਈ ਹੈ। ਉਸਦਾ ਤਰਕ ਹਾਸੋਹੀਣੇ ਪੱਧਰ ਤੱਕ ਪਹੁੰਚ ਜਾਂਦਾ ਹੈ, ਜਿੱਥੇ ਉਸਦੀ ਮਨਸ਼ਾ ਵੀ ਨੰਗੀ_ ਚਿੱਟੀ ਸਾਹਮਣੇ ਆ ਜਾਂਦੀ ਹੈ। ਪ੍ਰੋਲੇਤਾਰੀਆ ਦੀ ਡਿਕਟੇਟਰਸ਼ਿਪ ਬਾਰੇ ਉਸਦੇ ਤਰਕ 'ਕਮਾਲ' ਦੇ ਹਨ "ਮਾਰਕਸ ਨੇ ਪ੍ਰੋਲੇਤਾਰੀ

(ਗਰੀਬਾਂ) ਦੀ ਡਿਕਟੇਟਰਸ਼ਿਪ ਦਾ ਸੁਝਾਅ ਦਿੱਤਾ। ਬੜਾ ਮੂਰਖ਼ਾਨਾ ਸੁਝਾਅ ਹੈ। ਉਹ ਗਰੀਬ ਹਨ ਜੇ ਉਹ ਸੱਤਾ ਵਿੱਚ ਆ ਗਏ ਤਾਂ ਉਹ 'ਹਰ ਕਿਸੇ' ਨੂੰ ਗਰੀਬ ਬਣਾ ਦੇਣਗੇ। ਉਹ ਹੋਰ ਕਰ ਵੀ ਕੀ ਸਕਦੇ ਹਨ ?" (ਪੰਨਾ 1023) ਜਿਵੇਂ ਰੂਸ ਵਿੱਚ ਹਰ ਇੱਕ ਨੂੰ ਗਰੀਬੀ ਤੋਂ ਸਿਵਾ ਕੁਝ ਨਾ ਮਿਲਿਆ ਹੋਵੇ ਜਾਂ ਹੋਰਨਾਂ ਸਮਾਜਵਾਦੀ ਦੇਸ਼ਾਂ ਨੇ ਲੋਕਾਂ ਦੀ ਹੋਣੀ ਨੂੰ ਬਦਲਣ ਵਿੱਚ ਕੋਈ ਕੰਮ ਹੀ ਨਾ ਕੀਤਾ ਗਿਆ ਹੋਵੇ ? ਅਸਲ ਚਿੰਤਾ 'ਹੋਰ ਕਿਸੇ' (ਦੋ ਪ੍ਰਤੀਸ਼ਤ) ਦੀ ਹੈ। ਬਾਕੀਆਂ ਦੀ ਚਿੰਤਾ ਉਹ ਕਰੇ ਵੀ ਕਿਉਂ ?

ਰਜਨੀਸ਼ ਨੇ ਕਦੇ ਵੀ ਸਮਾਜ ਨੂੰ ਸਮਝਣ ਦਾ ਯਤਨ ਨਹੀਂ ਕੀਤਾ ਹਾਂ ਕੁੱਝ ਗੱਲਾਂ ਲੈ ਉਸਦਾ ਮਜ਼ਾਕ ਜ਼ਰੂਰ ਉਡਾਇਆ ਹੈ। ਜਿਵੇਂ ਉਹ ਪਤਨੀ ਨੂੰ ਜਾਬਰ ਤੇ ਮਰਦ ਨੂੰ ਰੰਨ_ ਮੁਰੀਦ ਹੀ ਪੇਸ਼ ਕਰਦਾ ਹੈ। ਉਸਦੀ ਸਮਾਜ ਪ੍ਰਤੀ ਸਮਝ ਕਿੰਨੀ ਡੂੰਘੀ ਹੈ ਉਸਦੇ ਇਸ ਕਥਨ ਤੋਂ ਸਾਫ਼ ਹੋ ਜਾਵੇਗਾ। "ਭਾਰਤ ਵਰਗੇ ਦੇਸ਼ ਵਿੱਚ ਏਡਜ਼ ਵਰਗੀ ਬੀਮਾਰੀ ਨਹੀ ਵਾਪਰ ਸਕਦੀ, ਇਹ ਅਸੰਭਵ ਹੈ। ਸਿਰਫ ਇਸ ਕਾਰਣ ਨੂੰ ਲੋਕ ਸਿਰਫ ਆਪਣੀ ਪਤਨੀ ਨੂੰ ਹੀ ਜਾਣਦੇ ਹਨ ਜਾਂ ਫਿਰ ਸਾਰੀ ਉਮਰ ਆਪਣੇ ਪਤੀ ਨੂੰ ਪਹਿਚਾਣਦੇ ਹਨ। ਉਨ੍ਹਾਂ ਨੂੰ ਆਪਣੇ ਗੁਆਂਢੀ ਦੀ ਪਤਨੀ ਦੀ ਭਾਵਨਾ ਬਾਰੇ ਹੀ ਚਿੰਤਾ ਰਹਿੰਦੀ ਹੈ, ਪਰੰਤੂ ਇਹ ਚਿੰਤਾ ਸਿਰਫ਼ ਚਿੰਤਾ ਹੀ ਰਹਿ ਜਾਂਦੀ ਹੈ। ਇਸ ਵਿੱਚ ਵਿਕ੍ਰਿਤੀ ਦੀ ਕੋਈ ਸੰਭਾਵਨਾ ਨਹੀਂ ਹੈ। (ਪੰਨਾ 841) ਜੇ ਅਜਿਹਾ ਹੈ ਤਾਂ ਥੋੜ੍ਹੇ ਚਿਰ ਵਿੱਚ ਹੀ ਭਾਰਤ ਵਿੱਚ ਏਡਜ਼ ਦੇ ਰੋਗੀ ਸਭ ਤੋਂ ਵਧੇਰੇ ਕਿਵੇਂ ਹੋ ਗਏ। ਜੋ ਆਮ ਲੋਕ ਪਿੰਡਾਂ ਸ਼ਹਿਰਾਂ ਵਿੱਚ ਜ਼ਿੰਦਗੀ ਜਿਉਂਦੇ ਹਨ, ਉਨ੍ਹਾਂ ਨੂੰ ਇਸ ਗੱਲ ਦਾ ਪਤਾ ਹੈ ਕਿ ਅੰਦਰ ਖ਼ਾਤੇ ਵਿਆਹ ਬਾਹਰੇ ਕਰੋੜਾਂ ਲੋਕਾਂ ਦੇ ਸੰਬੰਧ ਹਨ। ਵਿਆਹ ਤੋਂ ਪਹਿਲਾਂ ਦੇ ਇਹ ਸੰਬੰਧ ਹੋਰ ਵੀ ਵਿਕ੍ਰਿਤ ਹਨ। ਪਰ 'ਭਗਵਾਨ' ਜੋ 'ਧਿਆਨ' ਨਾਲ ਪਿਛਲੇ ਅਗਲੇ ਜਨਮ ਵੇਖ ਸਕਦਾ ਹੈ, ਉਸਨੂੰ ਇਨ੍ਹਾਂ ਰਿਸ਼ਤਿਆਂ ਦਾ ਗਿਆਨ ਤੱਕ ਨਹੀਂ।ਹੈ ਨਾ ਕਮਾਲ ?!

ਅਸਲ ਵਿੱਚ ਨਾ ਤਾਂ ਰਜਨੀਸ਼ ਖੁਦ ਸਮਾਜ ਬਾਰੇ ਚਿੰਤਿਤ ਹੈ ਤੇ ਨਾ ਹੀ ਉਹ ਆਪਣੇ ਚੇਲਿਆਂ ਨੂੰ ਚਿੰਿਤਤ ਹੋਣ ਦੇਣਾ ਚਾਹੁੰਦਾ ਹੈ। ਉਹ ਤਾਂ ਘੋਰ_ਵਿਅਕਤੀਵਾਦੀ ਮਨੁੱਖ ਪੈਦਾ ਕਰਨਾ ਚਾਹੁੰਦਾ ਹੈ ਜੋ ਸਰਮਾਏਦਾਰੀ ਨਿਜ਼ਾਮ ਦੇ ਵੀ ਐਨ ਫਿੱਟ ਹੈ। "ਮੈਂ ਲੋਕਾਂ ਨੂੰ ਸੁਆਰਥ ਦੀ ਸਿੱਖਿਆ ਦਿੰਦਾ ਹਾਂ। ਸਿਰਫ਼ ਸੁਆਰਥ ਛੱਡਣ ਦੀ ਸਿੱਖਿਆ ਹਜ਼ਾਰਾਂ ਸਾਲਾਂ ਤੱਕ ਦਿੱਤੀ ਜਾਂਦੀ ਰਹੀ ਹੈ। ਇਸਨੇ ਕਿਸੇ ਦਾ ਕੁਝ ਨਹੀਂ ਸੁਆਰਿਆ। " (ਪੰਨਾ 922) ਜੇ ਸੁਆਰਥ ਛੱਡਣ ਦੀ ਸਿੱਖਿਆ ਨੇ ਕਿਸੇ ਦਾ ਕੁਝ ਨਹੀਂ ਸੁਆਰਿਆ (ਜੋ ਆਪਣੇ ਆਪ ਵਿੱਚ

ਬਕਵਾਸ ਹੈ) ਤਾਂ ਫਿਰ ਸੁਆਰਥੀ ਬਣਨਾ ਕੀ ਸੁਆਰੇਗਾ ? ਕੋਈ ਵੀ ਸੋਚ ਸਕਦਾ ਹੈ। ਜਾਂਦੇ ਜਾਂਦੇ ਉਸਦੇ ਅਜੋਕੀ ਮਾਨਵਤਾ ਬਾਰੇ 'ਪ੍ਰਵਚਨ' ਵੀ ਸੁਣ ਹੀ ਲਈਏ। ਉਸ ਅਨੁਸਾਰ, "ਇਸ ਸਮੇਂ ਮਾਨਵਤਾ ਏਨੀ ਵਾਹਯਾਤ ਹੋ ਗਈ ਹੈ, ਕਿ ਜੇ ਇਸਨੇ ਤਬਾਹ ਹੋਣਾ ਹੈ, ਤਾਂ ਸ਼ਾਇਦ ਹੁਣ ਦਾ ਮੌਕਾ ਸਭ ਤੋਂ ਵਧੀਆ ਹੈ। ਇਸ ਲਈ ਚਿੰਤਾ ਕਰਨ ਦੀ ਕੋਈ ਲੋੜ ਨਹੀਂ। ਸਾਰੀ ਦੁਨੀਆਂ ਨੂੰ ਪੈਣ ਦਿਉ ਨਰਕ ਵਿੱਚ। ਕਿਸੇ ਤਰ੍ਹਾਂ ਅਸੀਂ ਇਹ ਪ੍ਰਬੰਧ ਕਰ ਲਵਾਂਗੇ ਕਿ ਇੱਕ 'ਮਾਂ' ਅਤੇ ਇੱਕ 'ਸੁਆਮੀ' ਬਚੇ ਰਹਿਣ। ਇਹ ਦੋਨੋਂ ਨਵੇਂ ਸਿਰਿਉਂ ਸ਼ੁਰੂ ਕਰ ਲੈਣਗੇ। (ਪੰਨਾ 834) ਅਜਿਹੇ ਪ੍ਰਵਚਨ ਕਰਨ ਵਾਲਾ ਵਿਅਕਤੀ ਸੰਸਾਰ ਦਾ ਕੀ ਸੁਆਰ ਕਰਦਾ ਹੈ। ਸਮਝ ਆਉਣ ਵਾਲੀ ਗੱਲ ਹੈ। ਜੇ 'ਮਾਂ_ਸੁਆਮੀ' ਜਿੰਦਾ ਰਹਿ ਗਏ ਤਾਂ ਜੋ ਕੁਝ ਗੰਦ ਹਜ਼ਾਰਾਂ ਸਾਲਾਂ ਬਾਅਦ ਇਨ੍ਹਾਂ ਨੇ ਪਾਇਆ ਹੈ। ਉਹ ਸਭਿਅਤਾ ਦੇ ਸ਼ੁਰੂ ਤੋਂ ਹੀ ਪਾਉਣ ਲੱਗ ਪੈਣਗੇ। ਅਗਲੇ ਇਤਿਹਾਸ ਬਾਰੇ ਤਾਂ ਉਸ ਗੰਦ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ।

ਮੇਰੇ ਇਹ ਵਿਚਾਰ ਕਿਸੇ ਵੀ ਪਾਠਕ ਨੂੰ ਸਖ਼ਤ ਲੱਗ ਸਕਦੇ ਹਨ, ਪਰ ਇਹ ਤਰਕ_ਵਿਹੂਣੇ ਬਿਲਕੁਲ ਨਹੀਂ ਹਨ। ਅਸਲ ਵਿੱਚ ਇਨ੍ਹਾਂ ਵਿਚਾਰਾਂ ਦੇ ਪੈਦਾ ਹੋਣ ਵਿੱਚ ਇੱਕ ਪ੍ਰਕ੍ਰਿਆ ਸ਼ਾਮਿਲ ਹੈ। ਪੰਜਾਬ ਵਿੱਚ 'ਤੱਤਾ' 'ਹਰਕਾਰਾ' ਮੈਗਜ਼ੀਨ ਜਦੋਂ ਪੂਰਾ ਪੂਰਾ ਰਜਨੀਸ਼ਨੂੰ ਸਮਰਪਿਤ ਹੋ ਗਿਆ ਤਾਂ ਉਸਦੇ ਸੰਪਾਦਕਾਂ ਨੇ ਮੈਨੂੰ ਵੀ ਕੁਝ ਲਿਖਣ ਲਈ ਕਿਹਾ। ਮੇਰੇ ਵਿਚਾਰ ਉਦੋਂ ਵੀ ਰਜਨੀਸ਼ ਵਿਰੋਧੀ ਸਨ। ਪਰ ਸੰਪਾਦਕਾਂ ਦੀ ਜ਼ਿੱਦ 'ਤੇ ਮੈਂ 'ਪਿਛਾਂਹ ਮੁੜਨ ਦਾ ਤਰਕ' ਲਿਖਿਆ ਜੋ ਇਸ ਪੁਸਤਕ ਦੀ ਅੰਤਿਕਾ ਵਿੱਚ ਸ਼ਾਮਲ ਕੀਤਾ ਗਿਆ ਹੈ। ਹਰਕਾਰਾ ਵਿੱਚ ਛਪਦਿਆਂ ਹੀ ਸੰਪਾਦਕਾਂ ਨੇ ਇਸਦੇ ਖਿਲਾਫ਼ ਆਪ ਤੇ ਪਾਠਕਾਂ ਤੋਂਲਿਖਵਾਉਣਾ ਸ਼ੁਰੂ ਕਰ ਦਿੱਤਾ। ਇਸ ਲਈ ਮੈਨੂੰ ਰਜਨੀਸ਼ ਬੜੀ ਡੂੰਘੀ ਤਰ੍ਹਾਂ ਪੜ੍ਹਨਾ ਪਿਆ। ਕੁਦਰਤੀ, ਮੈਂ ਪੜ੍ਹਨਾ 'ਰਜਨੀਸ਼ ਬਾਈਬਲ' ਤੋਂ ਸ਼ੁਰੂ ਕੀਤਾ। ਜਿਸ ਵਿੱਚ ਰਜਨੀਸ਼ ਦੇ ਓਰੇਗਾਨ (ਅਮਰੀਕਾ) ਵਿੱਚ ਦਿੱਤੇ ਭਾਸ਼ਣ ਸ਼ਾਮਿਲ ਹਨ। ਇਸ ਦੇ ਪਹਿਲੇ ਲੈਕਚਰ ਤੋਂ ਹੀ ਉਸਦੀ ਅਸਲੀਅਤ ਸਮਝ ਆਉਣੀ ਸ਼ੁਰੂ ਹੋ ਗਈ। ਉਸੇ ਰੌਸ਼ਨੀ ਵਿੱਚ ਮੈਂ 'ਏਕ ਓਂਕਾਰਸਤਿਨਾਮ' (ਰਜਨੀਸ਼ ਦੇ 20 ਲੈਕਚਰਾਂ ਦਾ ਜਪੁਜੀ ਉੱਪਰ ਸੰਗ੍ਰਿਹ) ਦਾ ਅਧਿਐਨ ਕੀਤਾ। ਇਸੇ ਆਧਾਰ 'ਤੇ ਉਸਦੇ ਹੋਰ ਧਰਮਾਂ ਉੱਪਰ ਦਿੱਤੇ ਭਾਸ਼ਣਾਂ ਦੀ ਅਸਲੀਅਤ ਨੂੰ ਸਮਝਿਆ ਜਾ ਸਕਦਾ ਹੈ। ਉਹ ਇਸਾਈਅਤ ਦੇ ਅੰਨ੍ਹਾ ਵਿਰੋਧੀ ਹੋਣ ਦੇ ਬਾਵਜੂਦ 'ਟੈਨ ਕਮਾਂਡ' ਦੇ ਆਧਾਰ ਤੇ ਆਪਣੇ ਮੁਢਲੇ ਦਸ ਸਿਧਾਂਤਾਂ ਨੂੰ ਸਥਾਪਿਤ ਕਰਨਾ ਚਾਹੁੰਦਾ ਹੈ।

ਉਸਦਾਅਧਿਐਨ ਵੀ ਇਸ ਪੁਸਤਕ ਵਿੱਚ ਸ਼ਾਮਲ ਹੈ। ਇਸਦੇ ਨਾਲ ਹੀ ਸੰਬੰਧਤ ਉਸਦੀ ਪ੍ਰਮਾਣਿਕਤਾ ਨੂੰ ਸ਼ੱਕ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ, ਜੋ ਸ਼ੱਕੀ ਹੀ ਨਹੀਂ ਝੂਠੀ ਵੀ ਹੈ।

ਰਜਨੀਸ਼ ਦੇ ਚੇਲੇ ਉਸਦੀਆਂ ਜਾਣਕਾਰੀਆਂ ਦੇ ਬੜੇ ਕਾਇਲ ਹਨ, ਪਰ 'ਰਜਨੀਸ਼ ਦੀ ਅਸਲੀਅਤ ਉਸਦੀ ਆਪਣੀ ਜ਼ੁਬਾਨੀ' ਪੜ੍ਹ ਕੇ ਇਹ ਭਰਮ ਟੁੱਟ ਜਾਂਦਾ ਹੈ। 'ਕਰਾਇਮ ਐਂਡ ਪੁਨਿਸ਼ਮੈਂਟ' ਬਾਰੇ ਉਸਦੇ ਪ੍ਰਵਚਨਾਂ ਵਿੱਚ ਆਏ ਪ੍ਰਸੰਗਾਂ ਤੋਂ ਉਸਦੀਆਂ ਹੋਰ ਕਈ ਪ੍ਰਵਿਰਤੀਆਂ ਨੰਗੀਆਂ ਹੁੰਦੀਆਂ ਹਨ। ਰਜਨੀਸ਼ ਦੇ ਜਿੰਨੇ ਚੇਲੇ_ਚੇਲੀਆਂ ਉਸਤੋਂ ਵੱਖ ਹੋਏ ਉਨ੍ਹਾਂ ਸਭ ਨੇ ਉਸਦੇ 'ਕਮਿਊਨਾਂ' ਦੀ ਗੰਦਗੀ ਨੂੰ ਲੋਕਾਂ ਸਾਹਮਣੇ ਰੱਖ ਦਿੱਤਾ। ਇਨ੍ਹਾਂ ਵਿਚੋਂ ਹੀ ਇੱਕ ਨਾਮ 'ਜਾਨ ਮਿਲਨੇ' ਦਾ ਹੈ ਜਿਸਦੀ ਪੁਸਤਕ 'ਗਾਡ ਦੈਟ ਫੇਲਡ' ਦਾ ਸਾਰ ਅਸੀਂ 'ਮਾਇਆ' ਪ੍ਰੱਤਿਕਾ ਵਿਚੋਂ ਲੈ ਕੇ ਅਨੁਵਾਦ ਰੂਪ ਵਿੱਚ ਅੰਤਿਕਾ ਵਿਚ ਦਿੱਤਾ ਹੈ। ਇਉਂ ਰਜਨੀਸ਼ ਦੀ 'ਫਿਲਾਸਫ਼ੀ' ਤੋਂ ਲੈ ਕੇ ਉਸਦੀ 'ਮੈਥਾਡਾਲੋਜੀ' ਅਤੇ ਉਸਦੇ ਕਮਿਊਨ ਅੰਦਰ ਤੱਕ ਦੀ ਅਸਲੀਅਤ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ। ਮੈਨੂੰ ਪਤਾ ਹੈ ਕਿ ਰਜਨੀਸ਼ ਬਾਰ ੇਇਹ ਆਪਣੇ ਆਪ ਵਿਚ ਪਹਿਲਾ ਨਿਮਾਣਾ ਜਿਹਾ ਯਤਨ ਹੈ। ਜੇ ਕੋਈ ਯਤਨ ਇਸ ਤੋਂਪਹਿਲਾਂ ਹੋਏ ਹਨ ਤਾਂ ਇਸਦੀ ਮੈਨੂੰ ਜਾਣਕਾਰੀ ਨਹੀਂ। ਇਸ ਲਈ ਇਸ ਵਿੱਚ ਬਹੁਤਸਾਰੀਆਂ ਮੁਢਲੀਆਂ ਕਮੀਆਂ ਹੋ ਸਕਦੀਆਂ ਹਨ, ਜਿਨ੍ਹਾਂ ਨੂੰ ਦੂਰ ਕਰਕੇ ਪ੍ਰਬੁੱਧ ਪਾਠਕ ਇਸ
ਕਾਰਜ ਨੂੰ ਅਗਾਂਹ ਤੋਰਨਗੇ, ਮੇਰਾ ਇਹ ਵਿਸ਼ਵਾਸ ਹੈ।

ਇਸ ਪੁਸਤਕ ਦੇ ਸਾਰੇ ਲੇਖ ਵੱਖ ਵੱਖ ਸਮੇਂ ਲਿਖੇ ਗਏ। ਅਨੇਕਾਂ ਪਾਠਕਾਂ ਦੀ ਮੰਗ 'ਤੇ ਮੈਂ ਇਨ੍ਹਾਂ ਨੂੰ ਪੁਸਤਕ ਰੂਪ ਵਿੱਚ ਛਾਪਣਾ ਚਾਹੁੰਦਾ ਸਾਂ ਪਰੰਤੂ ਮੇਰੇ ਢਿੱਲੇ ਸੁਭਾਅ ਅਤੇ ਛਾਪਣ ਦਾ ਪ੍ਰਬੰਧ ਨਾ ਹੋਣ ਕਾਰਨ ਇਹ ਕੰਮ ਕਾਫੀ ਚਿਰ ਤੋਂ ਲਟਕਿਆ ਆ ਰਿਹਾ ਸੀ। ਪਰ ਤਰਕਸ਼ੀਲ ਸੁਸਾਇਟੀ ਭਾਰਤ ਦੇ ਸ੍ਰੀ ਮੇਘ ਰਾਜ ਮਿੱਤਰ ਵਲੋਂ ਸੱਦਾ ਮਿਲਣ ਤੇ ਮੈਂ ਇਸ ਪਾਸੇ ਧਿਆਨ ਦੇਣਾ ਸ਼ੁਰੂ ਕੀਤਾ, ਪਰੰਤੂ ਇਸ ਪੁਸਤਕ ਨੂੰ ਇੱਕ ਦਮ ਪਾਠਕਾਂ ਦੇ ਹੱਥਾਂ ਵਿੱਚ ਪਹੁੰਚਾਉਣ ਦਾ ਸਿਹਰਾ ਪ੍ਰੋ: ਰਵਿੰਦਰ ਗਾਸੋ ਹੋਰਾਂ ਦੇ ਸਿਰ ਹੈ ਜਿਨ੍ਹਾਂ ਨੇ ਨਾ ਕੇਵਲ ਖਰੜਾ ਪੜ੍ਹ ਕੇ ਆਪਣੀ ਰਾਇ ਹੀ ਲਿਖੀ ਸਗੋਂ ਮੇਰੇ ਪਾਸੋਂ ਸ਼ੁਰੂ ਦੇ ਸਫ਼ੇ ਲਿਖਾਉਣ ਦੀ ਹਿੰਮਤ ਵੀ ਕੀਤੀ। ਮੈਂ ਰਵਿੰਦਰ ਗਾਸੋ ਦਾ ਇਸ ਸਭ ਲਈ ਦਿਲੋਂ ਧੰਨਵਾਦੀ ਹਾਂ। ਪਾਠਕਾਂ ਦੇ ਸੁਝਾਵਾਂ ਦੀ ਮੈਨੂੰ ਉਡੀਕ ਰਹੇਗੀ।

**_ ਕਰਮਜੀਤ ਸਿੰਘ**

# ਅਧਿਆਇ ਪਹਿਲਾ

## ਜਪੁਜੀ ਦੀ ਵਿਆਖਿਆ ਦੇ ਸੰਦਰਭ ਵਿੱਚ ਰਜਨੀਸ਼ ਦੀ ਅਸਲੀਅਤ

ਪੰਜਾਬੀ ਵਿੱਚ ਰਜਨੀਸ਼ ਉੱਪਰ ਆਲੋਚਨਾਤਮਕ ਘੱਟ ਲਿਖਿਆ ਗਿਆ ਹੈ। ਉਸ ਦੀਆਂ ਰਚਨਾਵਾਂ (ਜੋ ਕਿ ਲੈਕਚਰਾਂ ਦਾ ਸਮੂਹ ਹਨ) ਉੱਪਰ ਤਾਂ ਬਿਲਕੁਲ ਹੀ ਨਹੀਂ। ਜਪੁਜੀ ਦੀ ਵਿਆਖਿਆ 'ਏਕ ਓਂਕਾਰ ਸਤਿਨਾਮ' ਉੱਪਰ ਵੀ ਨਹੀਂ। ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਪੰਜਾਬੀ ਟ੍ਰਿਬਿਊਨ ਵਿੱਚ ਇੱਕ ਲੇਖ ਲਿਖਿਆ ਸੀ ਜਿਸ ਵਿੱਚ ਦੱਬੀ ਜਿਹੀ ਜ਼ੁਬਾਨ ਵਿੱਚ ਕੁੱਝ ਭਾਸ਼ਾਈ ਊਣਤਾਈਆ ਵੱਲ ਧਿਆਨ ਦੁਆਇਆ ਗਿਆ ਸੀ। ਪਰ ਇਹ ਆਪਣੇ ਆਪ ਵਿੱਚ ਨਾ_ਕਾਫ਼ੀ ਸੀ। ਪ੍ਰਸਤੁਤ ਲੇਖਕ ਰਜਨੀਸ਼ ਦੁਆਰਾ ਜਪੁਜੀ ਦੀ ਕੀਤੀ ਵਿਆਖਿਆ ਦੀ ਪੁਣਛਾਣ ਕਰਨ ਦਾ ਇੱਕ ਯਤਨ ਹੈ। ਰਜਨੀਸ਼ ਨੂੰ ਪੜ੍ਹਨ/ਸੁਣਨ ਲੱਗਿਆਂ ਇੱਕ ਦੋ ਗੱਲਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ। ਪਹਿਲਾ ਇਹ ਹੈ ਕਿ ਉਸਦਾ ਕਿਸੇ ਵੀ ਧਰਮ ਜਾਂ ਉਸਦੀ ਵਿਚਾਰਧਾਰਾ ਵਿੱਚ ਕੋਈ ਵਿਸ਼ਵਾਸ ਨਹੀਂ। ਉਹ ਜਿਨ੍ਹਾਂ ਵੀ ਧਾਰਮਿਕ ਰਚਨਾਵਾਂ ਦੀ ਵਿਆਖਿਆ ਕਰਦਾ ਹੈ ਉਹ ਉਸ ਲਈ ਕੇਵਲ ਸਾਧਨ ਮਾਤਰ ਹਨ। ਉਨ੍ਹਾਂ ਰਾਹੀਂ ਉਹ ਆਪਣੇ ਵਿਚਾਰ (ਜੇ ਕੋਈ ਹਨ ਤਾਂ) ਦੂਸਰਿਆਂ ਦੇ ਸਿਰ ਮੜ੍ਹਦਾ ਹੈ। ਓਰੇਗਾਨ (ਅਮਰੀਕਾ) ਵਿੱਚ ਦਿੱਤੇ ਪਹਿਲੇ ਭਾਸ਼ਣ ਵਿੱਚ ਹੀ ਉਹ ਨੰਗਿਆਂ ਹੋ ਜਾਂਦਾ ਹੈ ਜਦੋਂ ਉਹ ਕਹਿੰਦਾ ਹੈ ਕਿ ਹੁਣ ਤੱਕ (1984 ਤੱਕ) ਉਸਨੂੰ ਇਕ ਸੀਮਾ ਵਿੱਚ ਰਹਿਣਾ ਪਿਆ ਹੈ। ਇਸਦਾ ਕਾਰਣ ਦੱਸਦਾ ਹੋਇਆ ਉਹ ਕਹਿੰਦਾ ਹੈ, "ਮੈਂ ਹਿੰਦੂਆਂ, ਈਸਾਈਆਂ, ਯਹੂਦੀਆਂ, ਮੁਸਲਮਾਨਾਂ, ਜੈਨੀਆਂ, ਬੋਧੀਆਂ ਤੇ ਸਿੱਖਾਂ ਸਾਹਮਣੇ ਬੋਲਦਾ ਰਿਹਾ ਹਾਂ। ਇਹ ਸਾਰੇ ਦੇ ਸਾਰੇ ਤਥਾਕਥਿਤ ਧਰਮਾਂ ਨਾਲ ਸੰਬੰਧ ਰੱਖਦੇ ਹਨ..... ਹਿੰਦੂਆਂ ਨਾਲ ਗੱਲ ਕਰਨ ਸਮੇਂ ਮੈਨੂੰ ਕ੍ਰਿਸ਼ਨ ਰਾਹੀਂ ਗੱਲ ਕਰਨੀ ਪੈਂਦੀ ਸੀ, ਜਿਸ ਤੋਂ ਮੈਨੂੰ ਸੰਤੁਸ਼ਟੀ ਨਹੀਂ ਸੀ। ਕੋਈ ਹੋਰ ਰਾਹ ਵੀ ਤਾਂ ਨਹੀਂ ਸੀ। ਇਹ ਤਾਂ ਜ਼ਰੂਰੀ ਲਾਹਨਤ (Necessary Evel) ਸੀ.... ਜਿਨ੍ਹਾਂ ਗੱਲਾਂ ਉੱਪਰ ਮੇਰੀ ਸਹਿਮਤੀ ਵੀ ਸੀ ਉਸ ਬਾਰੇ ਵੀ ਮੈਨੂੰ ਕੁਝ ਹੋਰ ਕਰਨਾ ਪੈਂਦਾ। ਮੈਨੂੰ ਉਨ੍ਹਾਂ ਦੇ ਸ਼ਬਦਾਂ ਨੂੰ ਨਵੇਂ ਅਰਥ ਦੇਣੇ ਪੈਂਦੇ। ਉਨ੍ਹਾਂ ਸ਼ਬਦਾਂ ਨੂੰ ਆਪਣੇ ਅਰਥ। ਕਦੇ ਕਦੇ ਮੈਂ ਉਨ੍ਹਾਂ ਦੇ ਸ਼ਬਦਾਂ ਨੂੰ ਅਜਿਹੇ ਅਰਥ ਵੀ ਦਿੱਤੇ ਜੋ ਮੂਲ ਰੂਪ ਵਿੱਚ ਅਸਲੀ ਅਰਥਾਂ ਤੋਂ ਉਲਟ ਸਨ। ਪਰ ਹੋਰ ਕੋਈ ਰਾਹ ਵੀ ਨਹੀਂ ਸੀ। (ਰਜਨੀਸ਼ ਬਾਈਬਲ, ਭਾਗ ਪਹਿਲਾ, ਪੰਨਾ_7) ਸਾਫ਼ ਹੈ ਜਪੁਜੀ ਦੀ

ਵਿਆਖਿਆ ਸਮੇਂ ਵੀ ਉਸਨੇ ਇਹ ਕੁਝ ਕੀਤਾ ਹੋਵੇਗਾ। ਰਜਨੀਸ਼ ਨੇ ਸ਼ਬਦਾਂ ਨੂੰ ਨਵੇਂ ਅਰਥ ਦਿੱਤੇ ਹੋਣਗੇ। ਕਈ ਵਾਰ ਆਪਣੇ ਅਰਥ ਤੇ ਕਈ 'ਜਪੁਜੀ' ਤੋਂ ਉਲਟ ਅਰਥ ਵੀ। ਇਸੇ ਤੱਥ ਦੇ ਆਧਾਰ ਤੇ ਅਸੀਂ 'ਏਕ ਓਂਕਾਰ ਸਤਿਨਾਮ' (ਹਿੰਦੀ, ਡਾਇਮੰਡ ਪਾਕੇਟ ਬੁਕਸ, ਦਿੱਲੀ, 1992) ਦਾ ਅਧਿਐਨ ਕਰਨ ਦਾ ਯਤਨ ਕੀਤਾ ਹੈ।

ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਅਜਿਹਾ ਸਭ ਕੁਝ ਕਰਨ ਨੂੰ ਰਜਨੀਸ਼ ਭਾਰਤੀ ਪ੍ਰੰਪਰਾ ਮੰਨਦਾ ਹੈ। ਇਹ ਢੰਗ ਵਿਗਿਆਨਕ ਹੈ ਕਿ ਬੇਈਮਾਨੀ ਇਸ ਉੱਪਰ ਚਰਚਾ ਹੋ ਸਕਦੀ ਹੈ। ਭਾਰਤੀ ਪ੍ਰੰਪਰਾ ਵਿੱਚ ਇੱਕ ਹੋਰ ਪੱਖ ਹੈ ਕਥਾ ਵਾਚਕਤਾ ਦਾ। ਰਜਨੀਸ਼ ਇੱਕ ਹੰਢਿਆ ਚੁਸਤ (ਸ਼ਰਾਰਤੀ) ਕਥਾਵਾਚਕ ਵੀ ਹੈ ਜੋ ਸ੍ਰੋਤਿਆਂ ਨੂੰ ਆਪਣੀਆਂ ਕਲਾਬਾਜ਼ੀਆਂ (ਲਤੀਫ਼ੇਬਾਜ਼ੀਆਂ) ਰਾਹੀਂ ਹਿਪਨੋਟਾਈਜ਼ ਕਰਕੇ ਨਾਲ ਲੈ ਤੁਰਦਾ ਹੈ। ਇਥੇ ਸ੍ਰੋਤਾ ਤਰਕਸ਼ੀਲ ਨਾ ਰਹਿ ਕੇ 'ਉਪਭੋਗਤਾ' ਬਣ ਜਾਂਦਾ ਹੈ। ਉਹ ਸੁਆਦ ਸੁਆਦ ਵਿੱਚ ਸਭ ਕੁਝ ਭਕਸ਼ਣ ਕਰਦਾ ਚਲਾ ਜਾਂਦਾ ਹੈ। ਤੁਰਦੇ ਤੁਰਦੇ ਇੱਕ ਗੱਲ ਹੋਰ। ਰਜਨੀਸ਼ ਪੰਜਾਬੀਆਂ ਦੇ ਪ੍ਰੇਮ ਕਰਨ ਦੇ ਢੰਗ_ਘੁੱਟ ਕੇ ਜੱਫੀ ਪਾਉਣ _ ਨੂੰ ਪਸੰਦ ਨਹੀਂ ਕਰਦਾ। ਉਨ੍ਹਾਂ ਦੇ ਇਸ ਗੁਣ ਨੂੰ ਤ੍ਰਿਸਕਾਰਦਾ ਉਹ ਪੰਜਾਬੀਆਂ ਨੂੰੂ ਗਧੇ ਤੱਕ ਕਹਿ ਜਾਂਦਾ ਹੈ। ਪੰਜਾਬੀ 'ਗਧੇ' ਫਿਰ ਵੀ ਉਸਨੂੰ ਸਿਰ 'ਤੇ ਚੁੱਕੀ ਫਿਰਦੇ ਹਨ। ਇਹ ਉਨ੍ਹਾਂ ਦੀ ਗੁਲਾਮ ਜ਼ਹਿਨੀਅਤ ਦਾ ਹਿੱਸਾ ਗਿਣਿਆ ਜਾਵੇਗਾ। ਰਜਨੀਸ਼ ਕਹਿੰਦਾ ਹੈ, "ਪੰਜਾਬ ਨੂੰ ਹਿੰਦੁਸਤਾਨ ਦਾ ਓਰੇਗਾਨ ਹੋਣਾ ਚਾਹੀਦਾ ਹੈ। ਪਰ ਦੇਸ਼ ਦੇ ਸਾਰੇ ਗਧੇ ਪੰਜਾਬ ਵਿੱਚ ਰਹਿਣ ਦਾ ਪ੍ਰਬੰਧ ਕਰੀ ਬੈਠੇ ਹਨ....." (ਰਜਨੀਸ਼ ਬਾਈਬਲ ਪੰਨਾ _ 670) ਕਲਪਨਾ ਕੀਤੀ ਜਾ ਸਕਦੀ ਹੈ ਕਿ ਪੰਜਾਬੀਆਂ ਪ੍ਰਤੀ ਅਜਿਹੀ ਧਾਰਣਾ ਰੱਖਣ ਵਾਲਾ ਆਦਮੀ ਉਨ੍ਹਾਂ ਦੀ ਕਲਚਰ ਅਤੇ ਸਾਹਿਤ ਨੂੰ ਕਿਵੇਂ ਦੇਖੇਗਾ। ਇਸ ਨਾਲ ਉਸਨੂੰ ਕੋਈ ਮੋਹ ਨਹੀਂ ਸਗੋਂ ਉਸਦੀ ਆਪਣੀ ਗਰਜ਼ ਛਿਪੀ ਹੋਈ ਹੈ। ਖ਼ੈਰ ਅਗਾਂਹ ਚੱਲੀਏ। ਆਓ ਜਪੁਜੀ ਉੱਪਰ ਦਿੱਤੇ ਉਸਦੇ ਲੈਕਚਰਾਂ ਨੂੰ ਧਿਆਨ ਨਾਲ ਵਾਚੀਏ। ਆਪਣੀ ਉਪਰੋਕਤ ਸੋਚ ਅਨੁਸਾਰ ਰਜਨੀਸ਼ ਦੱਬੀ ਜ਼ੁਬਾਨ ਵਿੱਚ ਬਚਦੇ ਬਚਾਉਂਦੇ ਗੁਰੂ ਨਾਨਕ ਨੂੰ ਅਨਪੜ੍ਹ, ਪੇਂਡੂ ਤੇ ਗੰਵਾਰ ਆਦਿ ਕਈ ਕੁਝ ਕਹਿ ਜਾਂਦਾ ਹੈ। "ਨਾਨਕ ਕੁਝ ਪੜ੍ਹੇ ਲਿਖੇ ਨਹੀਂ ਹਨ ਨਾ ਕੋਈ ਬਹੁਤੇ ਅਮੀਰ ਹਨ। (ਅਮੀਰਾਂ ਦਾ ਗੁਰੂ ਸਭ ਤੋਂ ਪਹਿਲਾਂ ਇਹੀ ਕੁਝ ਦੇਖੇਗਾ) ਸਾਧਾਰਣ ਘਰ ਵਿੱਚ ਪੈਦਾ ਹੋਏ। ਨਾ ਬਹੁਤ ਸਿਖਿਆ ਹੋਈ। ਪਹਿਲੇ ਦਿਨ ਹੀ ਪਾਠ ਚੱਲਿਆ ਤੇ ਬੰਦ ਹੋ ਗਿਆ। ਫਿਰ ਵੀ ਵਰਖਾ ਹੋ ਗਈ।" (ਪੰਨਾ 98) "ਨਾਨਕ ਤਾਂ

ਪਿੰਡ ਦੇ ਸਿੱਧੇ ਸਾਦੇ ਪੇਂਡੂ ਹਨ।" (ਪੰਨਾ 133) ਫਿਰ ਵੀ ਵਰਖਾ ਹੋ ਗਈ ਨੂੰ ਛੱਡ ਦਈਏ ਤਾਂ ਰਜਨੀਸ਼ ਦੀ ਗੁਰੂ ਨਾਨਕ ਪ੍ਰਤੀ ਸੋਚ ਸਪੱਸ਼ਟ ਹੋ ਜਾਂਦੀ ਹੈ। ਜੇ ਗੁਰੂ ਨਾਨਕ ਦੀ ਸਿਫ਼ਤ ਕਰਦਾ ਵੀ ਹੈ ਤਾਂ ਖੱਤਰੀ ਹੋਣ ਕਰਕੇ।

ਸਾਡੇ ਜਿਹੜੇ ਮਿੱਤਰ ਰਜਨੀਸ਼ ਨੂੰ ਬ੍ਰਾਹਮਣਵਾਦ ਦਾ ਵਿਰੋਧੀ ਮੰਨ ਕੇ ਉਸ ਤੋਂ ਪ੍ਰਭਾਵਿਤ ਹੋਏ ਹਨ ਉਹ ਇਹ ਭੁੱਲ ਜਾਂਦੇ ਹਨ ਕਿ ਰਜਨੀਸ਼ ਖੁਦ ਖੱਤਰੀਵਾਦ ਦਾ ਸ਼ਿਕਾਰ ਹੈ ਜੋ ਭਾਰਤੀ ਸੰਦਰਭ ਵਿੱਚ ਹਮੇਸ਼ਾ ਬ੍ਰਾਹਮਣਵਾਦ ਦਾ ਸੰਰਕਸ਼ਕ ਅਤੇ ਜੋਟੀਦਾਰ ਰਿਹਾ ਹੈ। ਬ੍ਰਾਹਮਣਵਾਦ ਹੋਵੇ ਜਾਂ ਖੱਤਰੀਵਾਦ ਹੈ ਤਾਂ ਜਾਤੀਵਾਦ ਹੀ। ਰਜਨੀਸ਼ ਇਸੇ ਦ੍ਰਿਸ਼ਟੀ ਤੋਂ ਈਸਾ ਤੇ ਕਬੀਰ ਨੂੰ ਨਫ਼ਰਤ ਕਰਦਾ ਹੈ ਅਤੇ ਕਹਿੰਦਾ ਹੈ, "ਈਸਾ ਜਾਂ ਕਬੀਰ ਵਰਗੇ ਕੋਰੇ ਅਨਪੜ੍ਹਾਂ ਲਈ ਦਾਅਵਾ ਕਰਨਾ ਜਾਂ ਪੂਰੇ ਜ਼ੋਰ ਨਾਲ ਕਿਸੇ ਗੱਲ ਦਾ ਇਜ਼ਹਾਰ ਕਰਨਾ ਬੜਾ ਆਸਾਨ ਕੰਮ ਹੈ। ਆਪਣੇ ਦੁਆਲੇ ਮੂਰਖਾਂ ਦਾ ਟੋਲਾ, ਇਕੱਠਾ ਕਰੋ, ਜੋ ਦੁਨੀਆਂ ਵਿੱਚ ਸਭ ਤੋਂ ਆਸਾਨ ਕੰਮ ਹੈ। ਗਲੀ ਵਿੱਚ ਸਿਰ ਭਾਰ ਖੜ੍ਹੇ ਹੋਵੋ। ਮੂਰਖ ਦੌੜਦੇ ਆਉਣਗੇ।" (ਰਜਨੀਸ਼ ਬਾਈਬਲ, ਪੰਨਾ_ 303) 'ਏਕ ਓਂਕਾਰ ਸਤਿਨਾਮ' ਵਿੱਚ ਤਾਂ ਇਹ ਜਾਤੀਵਾਦ ਹੋਰ ਵੀ ਤਿੱਖੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਰਜਨੀਸ਼ ਫੜ ਮਾਰਦਾ ਹੈ, "ਇਹ ਬਹੁਤ ਸੋਚਣ ਵਾਲੀ ਗੱਲ ਹੈ ਕਿ ਭਾਰਤ ਵਿੱਚ ਜਿੰਨੇ ਗਿਆਨੀ ਪੁਰਖ ਹੋਏ ਹਨ, ਉਨ੍ਹਾਂ ਵਿੱਚ ਨੱਬੇ ਪ੍ਰਤੀਸ਼ਤ ਖੱਤਰੀ ਹਨ। ਨਾਨਕ ਖ਼ੁਦ ਵੀ ਖੱਤਰੀ ਹਨ। 90% ਕ੍ਰਿਸ਼ਨ, ਰਾਮ, ਮਹਾਂਵੀਰ, ਬੁੱਧ ਸਭ ਖੱਤਰੀ ਹਨ। ਖੱਤਰੀ ਵਿੱਚ ਕੁਝ ਗੁਣ ਹਨ ਜਿਸਦੇ ਕਾਰਨ ਗਿਆਨ ਤੱਕ ਪਹੁੰਚਣ ਵਿੱਚ ਕੁਝ ਆਸਾਨੀ ਦਿਖਾਈ ਦਿੰਦੀ ਹੈ। ਉਹ ਗੁਣ ਹੈ ਸਾਹਸ ਦਾ ਹਿੰਮਤ ਦਾ। ਉਹ ਖ਼ਤਰਾ ਮੁੱਲ ਲੈ ਸਕਦਾ ਹੈ ਅਤੇ ਜ਼ਿੰਦਗੀ ਦਾਅ ਤੇ ਲਾ ਸਕਦਾ ਹੈ। ਐਨੇ ਬ੍ਰਾਹਮਣ ਵੀ ਨਹੀਂ ਪਹੁੰਚੇ। ਇਨੇ ਕਿਸੇ ਜਾਤੀ ਦੇ ਲੋਕ ਨਹੀਂ ਪਹੁੰਚੇ ਧਰਮ ਸੱਤ ਤੱਕ ਜਿੰਨੇ ਖ਼ੱਤਰੀ ਪਹੁੰਚੇ।" (ਪੰਨਾ 299) ਹੈ ਨਾ ਕਮਾਲ ਦਾ ਸੋਚਣ ਢੰਗ। ਖੱਤਰੀ ਰਾਜੇ ਤਾਂ ਸਾਹਸੀ ਹੋ ਗਏ ਪਰ ਉਨ੍ਹਾਂ ਦੇ ਹੁਕਮ ਤੇ ਜਾਨਾਂ ਵਾਰਨ ਵਾਲੇ ਦੂਸਰੇ ਸਾਰੇ ਜਾਤੀਆਂ ਦੇ ਲੋਕ 'ਕਾਇਰ' ਬਣ ਗਏ। ਖੱਤਰੀ ਬ੍ਰਾਹਮਣ ਸਾਹਸ ਨਾਲ ਗਿਆਨ ਤੱਕ ਪਹੁੰਚ ਗਏ ਪਰ ਨਾਲ ਹੀ ਇਸੇ ਸਾਹਸ ਨਾਲ ਉਨ੍ਹਾਂ ਨੇ ਗਿਆਨ ਨੂੰ ਆਮ ਲੋਕਾਂ ਤੱਕ ਨਹੀਂ ਪਹੁੰਚਣ ਦਿੱਤਾ। ਲੋਕਾਂ ਦੇ ਕੰਨਾਂ ਵਿੱਚ ਸੀਸਾ ਢਾਲ ਢਾਲ ਪਾਇਆ। ਆਪਣੇ ਚੇਲਿਆਂ ਦੇ ਅੰਗੂਠੇ ਤੱਕ ਕਟਵਾ ਲਏ। ਹੈ ਨਾ ਸਾਹਸੀ ਕਰਮ। ਥੋੜ੍ਹਾ ਅਸੀਂ ਸੋਚਿਆ ਹੈ। ਥੋੜ੍ਹਾ ਤੁਸੀਂ ਵੀ ਸੋਚੋ।

ਰਜਨੀਸ਼ ਦਾ ਬਾਹਰਮੁਖੀ ਇਤਿਹਾਸਕ, ਦ੍ਰਿਸ਼ਟੀ ਨਾਲ ਕੋਈ ਸਰੋਕਾਰ ਨਹੀਂ ਉਹ ਤਾਂ ਜਪੁਜੀ ਨੂੰ ਆਧਾਰ ਬਣਾ ਕੇ ਗੁਰਮਤਿ ਦੇ ਉਲਟ ਵਿਚਾਰਾਂ ਨੂੰ ਸਥਾਪਿਤ ਕਰਨਾ ਚਾਹੁੰਦਾ ਹੈ। ਕਮਾਲ ਦੀ ਗੱਲ ਇਹ ਹੈ ਕਿ ਅਸੀਂ ਧਿਆਨ ਮਗਨ ਹੋਏ ਇਹ ਸਭ ਕੁਝ ਪਚਾ ਜਾਂਦੇ ਹਾਂ। ਅਖ਼ਬਾਰਾਂ, ਵਿੱਚ 'ਏਕ ਓਂਕਾਰ ਸਤਿਨਾਮ' ਨੂੰ ਲੜੀਵਾਰ ਛਾਪ ਰਹੇ ਹਾਂ। ਪੂਰੇ ਦੇ ਪੂਰੇ ਪਰਚੇ ਉਸੇ ਨੂੰ ਸਮਰਪਿਤ ਕਰ ਦਿੱਤੇ ਹਨ। ਕੀ ਅਸੀਂ ਹੇਠ ਲਿਖੇ ਵਿਚਾਰਾਂ ਨੂੰ ਸੋਚਣ ਦੀ ਖੇਚਲ ਕੀਤੀ ਹੈ ਜੋ ਗੁਰਮਤਿ ਦੇ ਐਨ ਉਲਟ ਹਨ ? ਰਜਨੀਸ਼ ਕਹਿੰਦਾ ਹੈ, "ਪੂਰਬ ਦੀ ਸਾਰੀ ਖੋਜ ਇਹ ਹੈ, ਲਾਉਸੇ ਤੋਂ ਲੈ ਕੇ ਨਾਨਕ ਤੱਕ ਕਿ ਜੋ ਹੋ ਰਿਹਾ ਹੈ ਉਸਨੂੰ ਸਵੀਕਾਰ ਕਰ ਲਓ। ਟੋਟਲ ਅਕਸੈਪਟੀਬਿਲੀਟੀ।" (ਪੰਨਾ_31) ਪੜ੍ਹਦਿਆਂ/ਸੁਣਦਿਆਂ ਹੀ ਕੰਨ ਖੜ੍ਹੇ ਹੋ ਜਾਂਦੇ ਹਨ। ਕਿਸ ਚੀਜ਼ ਦੀ ਅਕਸੈਪਟੀਬਿਲੀਟੀ? ਕੁਦਰਤੀ ਵਰਤਾਰਿਆਂ ਦੀ ਜਾਂ ਸਮਾਜਿਕ ਵਰਤਾਰਿਆਂ ਦੀ ? ਪੁਰਾਤਨ ਪਰੰਪਰਾ ਦੀ ਜਾਂ ਸਮਕਾਲੀ ਸਮਾਜਿਕ ਰਾਜਨੀਤਿਕ ਵਰਤਾਰਿਆਂ ਦੀ ? ਜਾਂ ਕਿਸੇ ਹੋਰ ਚੀਜ਼ ਦੀ ? ਰਜਨੀਸ਼ ਲਾਓਸੇ ਨੂੰ ਬਾਰ ਬਾਰ ਦੁਹਰਾਉਂਦਾ ਹੈ ਕਿ ਨਦੀ ਵਿੱਚ ਤਰਦਿਆਂ ਆਪਣੇ ਆਪ ਨੂੰ ਨਦੀ ਦੇ ਵਹਿਣ ਦੇ ਨਾਲ ਰੁੜਨ ਦਿਓ। ਪਰ ਗੁਰੂ ਨਾਨਕ ਨੇ ਤਾਂ ਅਜਿਹਾ ਕੁਝ ਨਹੀਂ ਕਿਹਾ। ਹਾਂ ਪ੍ਰਕ੍ਰਿਤੀ ਪ੍ਰਤੀ ਵਿਸਮਾਦ ਦਾ ਰੁਖ਼ ਜ਼ਰੂਰ ਹੈ ਕਿਉਂਕਿ ਇਸਨੂੰ ਗੁਰੂ ਨਾਨਕ ਬਾਣੀ ਅਨੁਸਾਰ ਜਾਣਿਆ ਨਹੀਂ ਜਾ ਸਕਦਾ। "ਜਾ ਕਰਤਾ ਸਿਰਠੀ ਕਉ ਸਾਜੈ ਆਪੇ ਜਾਣੈ ਸੋਈ।" ਪਰ ਸਮਾਜ ਪ੍ਰਤੀ ਅਤੇ ਸਮਕਾਲੀ ਰਾਜਨੀਤੀ ਪ੍ਰਤੀ ਗੁਰੂ ਨਾਨਕ ਦਾ ਰਵੱਈਆ ਕਦੇ ਵੀ ਟੋਟਲ ਅਕਸੈਪਟੀਬਿਲੀਟੀ ਵਾਲਾ ਨਹੀਂ। ਇਥੇ ਤਾਂ ਰਾਜੇ ਸ਼ੀਂਹ ਤੇ ਮੁਕੱਦਮ ਕੁੱਤੇ ਹਨ। ਕਾਜੀ ਬ੍ਰਾਹਮਣ ਤੇ ਜੋਗੀ ਤਿੰਨੋਂ ਉਜਾੜੇ ਦਾ ਬੰਧ ਹਨ। ਤਕਰੀਬਨ ਪੁਰਾਤਨ ਸਾਰੇ ਲੋਕ ਵਿਸ਼ਵਾਸਾਂ ਅਤੇ ਧਾਰਮਿਕ ਅੰਧ ਵਿਸ਼ਵਾਸਾਂ ਉੱਪਰ ਤਿੱਖੇ ਪ੍ਰਹਾਰ ਹਨ। ਇਹ ਸਭ ਕੁਝ ਸੰਭਵ ਹੀ ਨਾ ਹੁੰਦਾ ਜੇ ਗੁਰੂ ਨਾਨਕ ਦਾ ਦਰਸ਼ਨ 'ਟੋਟਲ ਅਕਸੈਪਟਿਬਿਲੀਟੀ' ਹੁੰਦਾ। ਰਜਨੀਸ਼ ਜੋ ਕੁਝ ਕਹਿ ਰਿਹਾ ਹੈ, ਉਹ ਗੁਰਬਾਣੀ ਲਈ ਮੰਨਣਾ ਜ਼ਰੂੁਰੀ ਨਹੀਂ ਉਹ ਤਾਂ ਇੱਥੋਂ ਤੱਕ ਕਹਿ ਦਿੰਦਾ ਹੈ। ਕਿ, "ਜੇ ਤੁਹਾਡੇ ਜੀਵਨ ਵਿੱਚ ਇਹ ਸੂਤਰ ਉੱਤਰ ਜਾਵੇ ਤਾਂ ਕੁਛ ਕਰਨ ਲਈ ਹੀ ਨਹੀਂ। ਜੈਸਾ ਹੋ ਰਿਹਾ ਹੈ ਹੋਣ ਦਿਓ।" (ਪੰਨਾ 32) ਜੇ ਇਹੋ ਗੱਲ ਹੈ ਤਾਂ ਸਵਾਲ ਪੁੱਛਿਆ ਜਾ ਸਕਦਾ ਹੈ ਕਿ ਰਜਨੀਸ਼ ਨੂੰ ਕੀ ਅਧਿਕਾਰ ਹੈ ਸਾਰੇ ਧਰਮਾਂ ਉੱਪਰ ਬਰਸਣ ਦਾ ? ਉਹ ਜਿਵੇਂ ਕਰਦੇ ਹਨ ਉਨ੍ਹਾਂ ਨੂੰ ਕਰਨ ਦਿਓ। ਕੀ ਲੋੜ ਹੈ ਗਾਂਧੀ ਵਰਗਿਆਂ ਨੂੰ ਕੋਸਣ ਦੀ ? ਫੇਰ ਤਾਂ ਸਾਨੂੰ ਵੀ ਲੋੜ ਨਹੀਂ ਅੱਜ ਦੀ ਸਮਾਜਿਕ, ਆਰਥਿਕ ਤੇ ਰਾਜਨੀਤਕ

ਅਵਸਥਾ ਵਿੱਚ ਨੁਕਸ ਕੱਢਣ ਦੀ। ਸਰਕਾਰ ਜੋ ਕਰਦੀ ਹੈ ਉਸਨੂੰੂ ਕਰਨ ਦਿਓ। ਅਮੀਰ ਸ਼੍ਰੇਣੀ ਮਜ਼ਦੂਰਾਂ ਦਾ ਸ਼ੋਸ਼ਣ ਕਰਦੀ ਹੈ ਤਾਂ ਰਜਨੀਸ਼ ਨੂੰ ਕੀ ਫਰਕ ਪੈਂਦਾ ਹੈ। ਉਹ ਕਹੇਗਾ ਹੁੰਦਾ ਹੈ ਹੋਣ ਦਿਓ। ਫਿਰ ਤਾਂ ਨਵੀਂ ਵਿਵਸਥਾ ਵੱਲ ਯਤਨ ਕਰਨ ਦੀ ਵੀ ਲੋੜ ਨਹੀਂ। ਰਜਨੀਸ਼ ਵਾਲੇ ਪਾਖੰਡ ਰਚੋ, ਐਸ਼ਪ੍ਰਸਤੀ ਕਰੋ ਤੇ ਮਰ ਜਾਓ। ਇਹ ਹੈ ਦਰਸ਼ਨ ਰਜਨੀਸ਼ ਦਾ। ਇਸੇ ਲਈ ਅਸੀਂ ਰਜਨੀਸ਼ ਨੂੰ ਯਥਾਸਥਿਤੀਵਾਦੀ ਅਤੇ ਬੁਰਜੂਆ ਪ੍ਰਬੰਧ ਦਾ ਦੱਲਾ ਕਹਿੰਦੇ ਹਾਂ। ਰਜਨੀਸ਼ ਦੇ ਚੇਲੇ ਸਾਡੇ ਨਾਲ ਖਫ਼ਾ ਹਨ ਕਿ ਅਸੀਂ ਰਜਨੀਸ਼ ਦੀ ਚੀਰ ਫਾੜ ਕਿਉਂ ਕਰਦੇ ਹਾਂ?

ਰਜਨੀਸ਼ ਇਥੇ ਹੀ ਬਸ ਨਹੀਂ ਕਰਦਾ ਸਗੋਂ ਆਪਣੇ ਤਰਕ ਨੂੰ ਅਗਾਂਹ ਤੋਰਦਾ ਹੋਇਆ ਉਹ ਕਹਿੰਦਾ ਹੈ, "ਜੀਵਨ ਨੂੰ ਜੀਣ ਦੇ ਦੋ ਢੰਗ ਹਨ। ਇਕ ਢੰਗ ਹੈ ਸੰਘਰਸ਼ ਦਾ ਇੱਕ ਢੰਗ ਹੈ ਸਮਰਪਣ ਦਾ। ਸੰਘਰਸ਼ ਦਾ ਅਰਥ ਹੈ ਮੇਰੀ ਮਰਜ਼ੀ ਸਮਰਪਣ ਦੀ ਮਰਜ਼ੀ ਤੋਂ ਵੱਖ। ਸਮਰਪਣ ਦਾ ਅਰਥ ਹੈ ਮੈਂ ਸਮੁੱਚ ਦਾ ਇੱਕ ਅੰਗ ਹਾਂ। ਮੇਰੀ ਮਰਜ਼ੀ ਵੱਖਰੀ ਹੋਣ ਦਾ ਸਵਾਲ ਹੀ ਨਹੀਂ ਹੈ। ਮੈਂ ਵੱਖ ਹਾਂ ਸੰਘਰਸ਼ ਸੁਭਾਵਿਕ ਹੈ। ਸੰਘਰਸ਼ ਲਿਆਏਗਾ, ਤਣਾਓ, ਅਸ਼ਾਂਤੀ, ਚਿੰਤਾ। ਸਮਰਪਣ, ਸ਼ੂਨਯਤਾ, ਸ਼ਾਂਤੀ ਆਨੰਦ ਅਤੇ ਅੰਤ ਤੇ ਪਰਮ ਗਿਆਨ। ਸੰਘਰਸ਼ ਤੋਂ ਵਧੇਗਾ ਅਹੰਕਾਰ, ਸਮਰਪਣ ਤੋਂ ਮਿਟੇਗਾ। ਸੰਸਾਰੀ ਉਹੀ ਹੈ ਜੋ ਸੰਘਰਸ਼ ਕਰ ਰਿਹਾ ਹੈ। ਧਾਰਮਿਕ ਉਹ ਹੈ ਜਿਸਨੇ ਸੰਘਰਸ਼ ਛੱਡਿਆ ਅਤੇ ਸਮਰਪਣ ਕੀਤਾ।" (ਪੰਨਾ 37) ਇਨ੍ਹਾਂ ਵਿਚਾਰਾਂ ਨੂੰ ਰਜਨੀਸ਼ ਵਿਅਕਤੀਗਤ ਅਤੇ ਸਮੂਹਿਕ ਦੋਨਾਂ ਪੱਧਰਾਂ ਉੱਪਰ ਲਾਗੂ ਕਰਦਾ ਹੈ। ਤਰਕ ਕੋਈ ਵੀ ਹੋਵੇ ਨਤੀਜਾ ਇਹ ਕੱਢਿਆ ਗਿਆ ਹੈ ਕਿ 'ਸਮਰਪਣ' ਸਰਵਉੱਚ ਹੈ ਤੇ ਸੰਘਰਸ਼ ਨਖਿੱਧ। ਜੇ ਮਾਰਕਸਵਾਦੀ ਸਾਰੇ ਇਤਿਹਾਸ ਨੂੰ ਵਰਗ_ਸੰਘਰਸ਼ ਦਾ ਵਿਕਾਸ ਮੰਨਦੇ ਹਨ; ਜੇ ਸੰਘਰਸ਼ਸ਼ੀਲ ਲੋਕਾਂ ਦਾ ਪੱਖ ਪੂਰਨ ਦੇ ਦਾਅਵੇ ਕਰਦੇ ਹਨ, ਜਦੋਂ ਉਹ ਰਜਨੀਸ਼ ਦਾ ਗੁਣ ਗਾਣ ਕਰਨ ਵਿੱਚ ਲੱਗ ਜਾਣ ਤਾਂ ਤੁਸੀਂ ਦੱਸੋ ਉਨ੍ਹਾਂ ਉੱਪਰ ਹੱਸਿਆ ਜਾਵੇ, ਰੋਇਆ ਜਾਵੇ, ਤਰਸ ਖਾਧਾ ਜਾਵੇ ਜਾਂ ਫਿਰ ਉਨ੍ਹਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਦਿੱਤਾ ਜਾਵੇ ? ਸ਼ਾਇਦ ਅਖ਼ੀਰਲੀ ਗੱਲ ਜ਼ਿਆਦਾ ਠੀਕ ਰਹੇਗੀ। ਰਜਨੀਸ਼ ਕਿਸੇ ਗੁਰਮਤਿ ਦੀ ਵਿਆਖਿਆ ਕਰ ਰਿਹਾ ਹੈ ਉਹ ਤਾਂ ਸੰਸਾਰ ਨੂੰ ਅਖਾੜਾ ਮੰਨਦੀ ਹੈ। ਗੁਰਬਾਣੀ ਦੇ ਆਪਣੇ ਸੁਝਾਅ ਹਨ ਇਸ ਲੜਾਈ ਨੂੰ ਲੜਨ ਦੇ ਪਰ ਉਹ ਇਹ ਕਦੇ ਨਹੀਂ ਕਹਿੰਦੀ ਕਿ ਸਮਰਪਣ ਕਰ ਦਿਓ, ਸੰਘਰਸ਼ ਛੱਡ ਦਿਓ। ਪਰ ਰਜਨੀਸ਼ ਤਾਂ ਗੁਲਾਮੀ ਨੂੰ ਵੀ ਸਹੀ ਸਿੱਧ ਕਰਨ ਤੱਕ ਚਲਾ ਜਾਂਦਾ ਹੈ। 'ਏਕ ਓਂਕਾਰ

ਸਤਿਨਾਮ' ਵਿੱਚ ਵੀ ਉਹ ਇੱਕ ਕਥਾ ਰਾਹੀਂ ਗੁਲਾਮ ਨੂੰ ਆਦਰਸ਼ਿਆ ਕੇ ਮਾਲਕ ਦੇ ਹੱਕ ਵਿੱਚ ਭੁਗਤਾਉਂਦਾ ਹੈ। ਜਦੋਂ ਮਾਲਕ ਕੌੜੇ ਫਲ ਗੁਲਾਮ ਨੂੰ ਖਾਣ ਨੂੰ ਦਿੰਦਾ ਹੈ ਤਾਂ ਉਹ ਖਾ ਕੇ ਕਹਿੰਦਾ ਹੈ, "ਜਿਨ੍ਹਾਂ ਹੱਥਾਂ ਨਾਲ ਏਨੇ ਸੁਖ ਮਿਲੇ ਹੋਣ ਅਤੇ ਇਨ੍ਹਾਂ ਹੱਥਾਂ ਤੋਂ ਇੰਨੇ ਸਵਾਦੀ ਫ਼ਲ ਦੀ ਸ਼ਿਕਾਇਤ ?" ਗੁਰਮਤਿ ਵਿੱਚ ਗੁਰੂ ਪ੍ਰਤੀ ਸਮਰਪਣ ਭਾਵ ਹੈ, ਰੱਬ ਪ੍ਰਤੀ ਸਮਰਪਣ ਭਾਵ ਹੈ ਪਰ ਸੰਸਾਰ ਸੰਘਰਸ਼ ਤੋਂ ਨਿਰਲਿਪਤ ਕਿਤੇ ਵੀ ਨਹੀਂ। ਇਸੇ ਲਈ ਮਾਲਾ ਦੀ ਥਾਂ ਮੌਕੇ ਤੇ ਤਲਵਾਰ ਵੀ ਆ ਜਾਂਦੀ ਹੈ। ਜ਼ੁਲਮ ਵਿਰੁੱਧ ਸੰਘਰਸ਼। ਇੱਕ ਰੱਬ ਲਈ ਸਮਰਪਣ ਇਸ ਲਈ ਕਿ ਰਾਜਿਆਂ ਮਹਾਂਰਾਜਿਆਂ ਤੱਕ ਤੋਂ ਬੇ_ਪ੍ਰਵਾਹ ਹੋਇਆ ਜਾ ਸਕੇ। ਜ਼ਰੂਰਤ ਪੈਣ ਤੇ ਉਨ੍ਹਾਂ ਵਿਰੁੱਧ ਸਮੂਹਿਕ ਸੰਘਰਸ਼ ਵੀ ਕੀਤਾ ਜਾਵੇ। ਗੁਰੂਆਂ ਦਾ 'ਸਮਰਪਣ' ਜ਼ੁਲਮ ਵਿਰੁੱਧ ਡੱਟਣ ਤੱਕ ਲੈ ਜਾਂਦਾ ਹੈ। ਰਜਨੀਸ਼ ਦਾ 'ਸਮਰਪਣ' ਸਾਨੂੰ ਕਾਇਰ, ਪਾਖੰਡੀ, ਸੰਭੋਗਵਾਦੀ, ਅਨੈਤਿਕ ਤੇ ਗੁਲਾਮ ਬਣਾਉਂਦਾ ਹੈ। ਰਜਨੀਸ਼ ਬਾਰ ਬਾਰ ਦੁਹਰਾਉਂਦਾ ਹੈ "ਵਹਾ ਦੇ ਉਲਟ ਨਾ ਜਾਓ। ਵਹਾ ਜਿੱਥੇ ਲੈ ਜਾਏ ਲੈ ਜਾਣ ਦਿਓ। ਇਹ ਜਾ ਰਹੀ ਹੈ ਇਸ ਨਾਲ ਸੰਘਰਸ਼ ਨਾ ਕਰੋ। ਮੈਂ ਤੁਹਾਨੂੰ ਸੰਘਰਸ਼ ਰਹਿਤ ਹੋਣਾ ਸਿਖਾਉਂਦਾ ਹਾਂ। ਮੈਂ ਤੁਹਾਨੂੰ ਹਾਰਮਨੀ ਸਿਖਾਉਂਦਾ ਹਾਂ।" (ਰਜਨੀਸ਼ ਬਾਈਬਲ ਪੰਨਾ_103) ਹਾਰਮਨੀ ਕਿਸ ਲਈ ? ਬਾਹਰ ਹੁੰਦੇ ਜ਼ੁਲਮਾਂ ਤੋਂ ਅੱਖਾਂ ਮੀਟਣ ਲਈ ? ਔਰਤਾਂ ਨੂੰ ਜਲਾਇਆ ਜਾ ਰਿਹਾ ਹੈ, ਉਨ੍ਹਾਂ ਉੱਪਰ ਜ਼ੁਲਮ ਹੋ ਰਹੇ ਹਨ, ਤੁਸੀਂ ਹਾਰਮਨੀ ਵਿੱਚ ਰਹੋ। ਬੇਰੁਜ਼ਗਾਰੀ ਹੈ ? ਕੋਈ ਨਹੀਂ ਹਾਰਮਨੀ ਵਿੱਚ ਰਹੋ !! ਉੱਪਰਲੀਆਂ ਸ਼੍ਰੇਣੀਆਂ/ਜਾਤਾਂ ਨਿਚਲੀਆਂ ਨੂੰ ਕੁਚਲ ਰਹੀਆਂ ਹਨ। ਰਜਨੀਸ਼ ਕਹੇਗਾ ਕੋਈ ਨਹੀਂ ਇਹ ਤਾਂ ਵਹਿਣ ਹੈ। ਤੁਸੀਂ ਹਾਰਮਨੀ ਵਿੱਚ ਰਹੋ। ਲੋਕ ਆਰਥਿਕ ਤੌਰ ਤੇ, ਸਭਿਆਚਾਰਕ ਤੇ ਨੈਤਿਕ ਤੌਰ ਤੇ ਲੁੱਟੇ ਪੁੱਟੇ ਜਾ ਰਹੇ ਹਨ, ਪਰ ਤਾਂ ਕੀ ਹੈ, ਰਜਨੀਸ਼ ਕਹਿ ਰਿਹਾ ਹੈ ਇਹ ਆਪੇ ਠੀਕ ਹੋ ਜਾਵੇਗਾ ਤੁਸੀਂ ਹਾਰਮਨੀ ਵਿੱਚ ਰਹੋ। ਹੈ ਨਾ 'ਮਹਾਨ' ਦਰਸ਼ਨ।

ਗੁਰੂ ਗੋਬਿੰਦ ਸਿੰਘ ਤੋਂ ਬਾਅਦ ਸਿੱਖਾਂ ਨੇ 'ਗੁਰੂ ਗ੍ਰੰਥ ਜੀ ਮਾਨਿਉ ਪਰਗਟ ਗੁਰਾਂ ਕੀ ਦੇਹਿ' ਦੇ ਵਿਚਾਰ ਨੂੰ ਅਪਣਾਇਆ। ਅੱਜ ਵੀ ਸਿੱਖ ਇਸਨੂੰ ਸਵੀਕਾਰ ਕਰਦੇ ਹਨ। ਸਾਰੇ ਗੁਰੂਆਂ ਨੇ ਗੁਰੂ ਨਾਨਕ ਨੂੰ ਆਪਣਾ ਗੁਰੂ ਸਵੀਕਾਰ ਕੀਤਾ। ਗੁਰੂ ਨਾਨਕ ਨੇ 'ਅਪਰੰਪਾਰਬ੍ਰਹਮ ਪਰਮੇਸਰ ਨਾਨਕ ਗੁਰੁ ਮਿਲਿਆ ਸੋਈ ਜੀਉ' ਗੱਲ ਕੀਤੀ। ਰਜਨੀਸ਼ ਇਨ੍ਹਾਂ ਸਾਰੇ ਤੱਥਾਂ ਤੋਂ ਨਾਵਾਕਿਫ਼ ਹੈ। ਸਿੱਖਾਂ ਦੀ ਅਜੋਕੀ ਸਥਿਤੀ ਤੋਂ ਵੀ ਉਹ ਅਨਜਾਣ ਹੈ। ਫਿਰ ਵੀ ਉਹ ਫਤਵੇ ਦਿੰਦਾ ਹੈ। ਸਿੱਖ ਧਰਮ ਜੋ ਖਾਂਦਿਆਂ, ਪੀਂਦਿਆਂ, ਹੱਸਦਿਆਂ, ਖੇਲਦਿਆਂ ਮੁਕਤੀ ਦੀ ਪ੍ਰਾਪਤੀ ਮੰਨਦਾ ਤੇ ਇਉਂ ਸਹਿਜ ਮਾਰਗ/ਧਰਮ ਹੈ, ਉਸ ਬਾਰੇ ਰਜਨੀਸ਼ ਦੀ ਟਿੱਪਣੀ ਦੇਖੋ। "ਮਹਾਂਬੀਰ ਦਾ ਰੰਗ ਤਿਆਗ 'ਚ

ਭਟਕ ਗਿਆ। ਨਾਨਕ ਦਾ ਮਾਰਗ ਭੋਗ ਵਿੱਚ ਭਟਕ ਗਿਆ।" (ਪੰਨਾ 91) ਇਸਨੂੰ ਸਵੀਕਾਰ ਕੀਤਾ ਜਾ ਸਕਦਾ ਹੈ ? ਸਵਾਲ ਇਹ ਵੀ ਉਠਾਇਆ ਜਾ ਸਕਦਾ ਹੈ ਕਿ ਕੋਈ ਵੀ ਧਰਮ ਰਜਨੀਸ਼ ਦੇ ਮੱਤ ਨਾਲੋਂ ਵਧੇਰੇ ਭੋਗ ਵਿੱਚ ਭਟਕ ਸਕਦਾ ਹੈ ? ਹੋ ਹੀ ਨਹੀਂ ਸਕਦਾ। ਰਜਨੀਸ਼ ਗਿਆਨ ਦੇ ਗੁਰੂ ਹੋਣ ਤੋਂ ਮੁੱਢੋਂ ਹੀ ਇਨਕਾਰੀ ਹੈ। ਰਜਨੀਸ਼ ਜੋ ਕੁਝ ਕਹਿੰਦਾ ਹੈ ਉਸ ਤੋਂ ਬਹੁਤ ਸਾਰੇ ਸਵਾਲ ਉੱਠਦੇ ਹਨ। ਕੀ ਗੁਰੂ ਦੇ ਮਰਨ ਤੋਂ ਬਾਦ ਸਭ ਕੁਝ ਖ਼ਤਮ ਹੋ ਜਾਂਦਾ ਹੈ ? ਕੀ ਉਸ ਦੁਆਰਾ ਦਿੱਤਾ ਗਿਆਨ ਫਾਲਤੂ ਹੋ ਜਾਂਦਾ ਹੈ ? ਫਿਰ ਤਾਂ ਅੱਜ ਤੱਕ ਰਿਕਾਰਡ ਕੀਤੇ ਗਿਆਨ ਦੇ ਕੋਈ ਅਰਥ ਹੀ ਨਹੀਂ ਰਹਿ ਜਾਂਦੇ। ਗੁਰੂ ਨੇ ਸਾਰੀ ਉਮਰ ਜੋ ਗਿਆਨ ਵੰਡਿਆ ਉਹ ਲੋਕ ਮਾਨਸਿਕਤਾ ਦਾ ਹਿੱਸਾ ਵੀ ਬਣ ਗਿਆ ਜਿਸਨੂੰ ਪੀੜ੍ਹੀ ਦਰ ਪੀੜ੍ਹੀ ਮੌਖ਼ਿਕ ਤੌਰ 'ਤੇ ਵੀ ਸਫ਼ਰ ਕਰਨਾ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਇੱਕ ਬਿੰਦੂ 'ਤੇ ਜਾ ਕੇ ਕੱਟੜਤਾ ਆ ਜਾਂਦੀ ਹੈ ਤੇ ਯਥਾਸਥਿਤੀਵਾਦੀ ਹੋਣ ਦਾ ਖ਼ਤਰਾ ਹੀ ਨਹੀਂ ਬਣਦਾ ਪਿੱਛੇ ਨੂੰ ਜਾਣ ਦੀ ਨੌਬਤ ਵੀ ਆ ਸਕਦੀ ਹੈ। ਕੱਟੜਪੁਣੇ ਨੂੰ ਭੰਡਣਾ ਜਾਇਜ਼ ਹੈ ਪਰ ਸਭ ਕੁਝ ਨੂੰ ਰੱਦ ਕਰਨਾ ਮੂਰਖ਼ਤਾ। ਰਜਨੀਸ਼ ਇੱਕ ਥਾਂ ਕਹਿੰਦਾ ਹੈ, "ਜਿਸ ਦਿਨ ਸਤਿਗੁਰੂ ਜਾ ਚੁੱਕੇ, ਜਿਸ ਦਿਨ ਜਿਉਂਦੇ ਜਾਗਦੇ ਪ੍ਰਾਣ ਉੱਡ ਗਏ ਹੋਣ, ਜੋਤ ਵਿਲੀਨ ਹੋ ਗਈ ਹੋਵੇ ਅਤੇ ਕੇਵਲ ਬੁਝਿਆ ਦੀਵਾ ਬਾਕੀ ਰਹਿ ਜਾਵੇ; ਉਸ ਦਿਨ ਉਸਦੀ ਪੂਜਾ ਕਰਦੇ ਜਾਣਾ, ਲਾਸ਼ ਨੂੰ ਘਰ ਵਿੱਚ ਬਿਰਾਜਮਾਨ ਕਰ ਲੈਣ ਵਾਂਗ ਹੈ।" ਇਹ ਠੀਕ ਮੰਨ ਲਈਏ ਇੱਕ ਮਿੰਟ ਲਈ ਤਾਂ ਕੀ ਵਿਚਾਰ ਸਿੱਖਾਂ, ਹਿੰਦੂਆਂ, ਮੁਸਲਮਾਨਾਂ ਜਾਂ ਇਸਾਈਆਂ ਲਈ ਹੀ ਹਨ ? ਕੀ ਰਜ਼ਨੀਸ਼ ਵਾਦੀਆਂ ਨੂੰ ਇਨ੍ਹਾਂ ਦਾ ਮੰਨਣਾ ਜ਼ਰੂਰੀ ਨਹੀਂ? ਕੀ ਰਜਨੀਸ਼ਵਾਦੀ ਰਜਨੀਸ਼ ਦੀ ਲਾਸ਼ ਨੂੰ ਘਰ ਵਿੱਚ ਨਹੀਂ ਰੱਖ ਰਹੇ ? ਉਸਦੇ ਸੜਾਂਦੇ ਮਾਰਦੇ ਸਰੀਰ ਨੂੰ ਘਰ ਘਰ ਨਹੀਂ ਪੁਚਾ ਰਹੇ ? ਕੀ ਉਹ ਦ੍ਰਿਸ਼ਟੀ ਤੋਂ ਸੋਚਣ ਦੀ ਖੇਚਲ ਕਰਨਗੇ ?

ਰਜਨੀਸ਼ ਕਹਿੰਦਾ ਹੈ, "ਜੀਵਤ ਗੁਰੂ ਨੂੰ ਖੋਜਣਾ ਪਰਮ ਸੁਭਾਗ ਹੈ। ਕਿਤਾਬ ਤਾਂ ਬਾਸੀ ਹੋ ਹੀ ਜਾਵੇਗੀ।" ਰਾਧਾ ਸੁਆਮੀ ਅਤੇ ਨਿਰੰਕਾਰੀ ਰਜਨੀਸ਼ ਦੇ ਇਨ੍ਹਾਂ ਵਿਚਾਰਾਂ ਨਾਲ ਸਹਿਮਤ ਹਨ। ਇਨ੍ਹਾਂ ਨਾਲ ਸਿੱਖਾਂ ਦੇ ਬਹੁਤ ਵੱਡੇ ਹਿੱਸੇ ਦਾ ਟਕਰਾਅ ਹੈ। ਰਜਨੀਸ਼ ਇਸਟਕਰਾਅ ਦੀ ਇੱਕ ਧਿਰ ਬਣ ਗਿਆ ਹੈ। ਗੁਰੂ ਗ੍ਰੰਥ ਦੀ ਪੂਜਾ ਬਾਰੇ ਰਜਨੀਸ਼ ਸਿੱਖ ਧਰਮ ਦਾ ਆਲੋਚਕ ਹੈ। (ਦੂਸਰੇ ਧਰਮਾਂ ਦੇ ਨਾਲ ਨਾਲ) ਉਹ ਕਹਿੰਦਾ ਹੈ, "ਜੇ ਤੂੰ ਛਾਤੀ ਤੇ ਰੱਖ

ਲਿਆ ਸ਼ਾਸ਼ਤਰ, ਜਿਸ ਤਰ੍ਹਾਂ ਹੋ ਗਿਆ ਹੈ। ਸਿੱਖ ਪੂਜ ਰਿਹਾ ਹੈ ਸ਼ਾਸ਼ਤਰਾਂ ਨੂੰ। ਇਸ ਲਈ ਗ੍ਰੰਥ ਹੀ ਗੁਰੂ ਹੀ ਹੋ ਗਿਆ।" (ਪੰਨਾ 47) ਇਸ ਨਾਲ ਅਸਹਿਮਤੀ ਨਹੀਂ ਹੋ ਸਕਦੀ ਪਰ ਇਹ ਸਭ ਕੁਝ ਰਜਨੀਸ਼ ਜਪੁਜੀ ਦੀ ਵਿਆਖਿਆ ਦੇ ਬਹਾਨੇ ਕਰ ਰਿਹਾ ਹੈ। ਇਹ ਧਿਆਨ ਦੇਣ ਯੋਗ ਹੈ। ਰਜਨੀਸ਼ ਦੀ ਨੀਯਤ ਹੋਰ ਵੀ ਸਾਫ਼ ਹੋ ਜਾਂਦੀ ਹੈ ਜਦੋਂ ਉਹ ਗੁਰੂ ਦੇ ਅਰਥਾਂ ਵੱਲ ਆਉਂਦਾ ਹੈ। ਜਦੋਂ ਉਹ ਕਹਿੰਦਾ ਹੈ, "ਗੁਰੂ ਦਾ ਅਰਥ ਹੈ ਟੈਕਨੀਕ। ਗੁਰੂ ਦਾ ਅਰਥ ਹੈ ਵਿਧੀ। ਗੁਰੂ ਦਾ ਅਰਥ ਹੈ ਮੈਥਡ।" (ਪੰਨਾ 74) ਗੁਰਮਤਿ ਵਿੱਚ ਗੁਰੂ ਦਾ ਪੂਰਾ ਸੰਕਲਪ ਹੈ ਅਤਿ ਕਥਨੀ ਦੀ ਪੱਧਰ ਤੇ ਗੁਰੂ ਦਾ ਗੁਣਗਾਨ ਵੀ ਹੋਇਆ ਹੈ। ਜਿਵੇਂ 'ਜੇ ਸਉ ਚੰਦਾ ਉਗਵੈ ਸੂਰਜ ਚੜੇ ਹਜਾਰ। ਏਤੇ ਚਾਨਣ ਹੋਦਿਆਂ ਗੁਰੂ ਬਿਨ ਘੋਰੁ ਅੰਧਾਰ।' ਇਸ ਪੂਰੇ ਸੰਕਲਪ ਨੂੰ ਟੈਕਨੀਕ ਦੇ ਅਰਥਾਂ ਤੱਕ ਘਟਾ ਦੇਣਾ ਅਗਿਆਨਤਾ ਨਹੀਂ ਚਲਾਕੀ ਹੈ। ਚਲਾਕੀ ਇਹ ਹੈ ਕਿ ਇਸ ਤੋਂ ਅਗਾਂਹ ਰਜਨੀਸ਼ ਦੀ ਆਪਣੀ ਸਮਝ ਸ਼ੁਰੂ ਹੁੰਦੀ ਹੈ। ਜੇ ਗੁਰੂ ਦਾ ਅਰਥ ਟੈਕਨੀਕ ਮੰਨ ਲਈਏ ਤਾਂ ਰਜਨੀਸ਼ ਨੇ 100 ਤੋਂ ਉੱਪਰ ਧਿਆਨ ਵਿਧੀਆਂ ਦਾ ਜ਼ਿਕਰ ਕੀਤਾ ਹੈ ਉਸਨੂੰ ਮੰਨਣਾ ਪਵੇਗਾ। ਇਸਨੂੰ ਸਵੀਕਾਰਨ ਤੋਂ ਬਾਅਦ ਜਿਉਂਦੇ ਜੀ ਰਜਨੀਸ਼ ਕੋਲ ਜਾਣਾ ਪੈਂਦਾ ਸੀ ਤੇ ਹੁਣ ਉਸਦੇ ਚੇਲਿਆਂ ਤੇ ਤਥਾਕਥਿਤ ਸਵਾਮੀਆਂ ਕੋਲ ਜਾਣਾ ਪਵੇਗਾ। ਗੁਰ ਸਿੱਖਣ ਲਈ ਨਵੇਂ ਗੁਰੂ ਰਜਨੀਸ਼ ਦੇ ਸ਼ਰਨ ਜਾਣਾ ਪਵੇਗਾ ਜਿਸਦੀ ਭਾਲ ਕਰਨਾ ਤੇ ਮਿਲਣਾ 'ਸੁਭਾਗ' ਹੈ। ਇਸਦੀ ਸ਼ਰਨ ਜਾਓਗੇ ਉਸਦਾ ਸਰਕਲ ਵਧੇਗਾ, ਉਸਦੇ ਟ੍ਰੇਨਿੰਗ ਕੈਂਪ ਸੱਜਣਗੇ ਉਨ੍ਹਾਂ ਦੇ ਸੈਕਸ ਕਮਿਊਨ ਭਰਨਗੇ। ਕੀ ਅਸੀਂ ਇਸ ਸਭ ਲਈ ਤਿਆਰ ਹਾਂ ?ਸਿੱਖ ਧਰਮ ਘੱਟੋ ਘੱਟ ਸਿਧਾਂਤਕ ਤੌਰ 'ਤੇ (ਅਮਲੀ ਤੌਰ 'ਤੇ ਭਾਵੇਂ ਪੂਰੀ ਤਰ੍ਹਾਂ ਨਹੀਂ) ਇਹ ਮੰਨਦਾ ਹੈ ਕਿ 'ਗਰੀਬਾਂ ਉੱਪਰ ਜੋ ਖਿੰਜੈ ਦਾੜੀ। ਪਾਰਬ੍ਰਹਮ ਸਾ ਅਗਨ ਮੈਂ ਸਾੜੀ।' ਜਾਂ 'ਨੀਚਾ ਅੰਦਰ ਨੀਚੁ ਜਾਤਿ ਨੀਚੀ ਹੂ ਅਤਿ ਨੀਚੁ। ਨਾਨਕ ਤਿਨ ਕੇ ਸੰਗ ਸਾਥਿ ਵਡਿਆ ਸਿਉ ਕਿਆ ਰੀਸੁ।' ਆਦਰਸ਼ ਸਿੱਖ ਇਨ੍ਹਾਂ ਵਚਨਾਂ ਨੂੰ ਅਵੱਸ਼ ਅਪਨਾਉਣ ਦਾ ਯਤਨ ਕਰਦਾ ਹੈ। ਦੁਖੀ ਬੇਸਹਾਰਾ ਨੂੰ ਸਹਾਰਾ ਦਿੰਦਾ ਹੈ। ਇਹ ਮਾਨਵੀ ਗੁਣ ਹਨ। ਗੁਰੂ ਤੇਗ ਬਹਾਦੁਰ ਦਾ ਪ੍ਰਸੰਗ ਸਭ ਨੂੰ ਪਤਾ ਹੈ। ਪਰ ਜਪੁਜੀ ਦੀ ਵਿਆਖਿਆ ਕਰਦਾ ਰਜਨੀਸ਼ ਕਹਿੰਦਾ ਹੈ, "ਧਿਆਨ ਰੱਖਣਾ ਕਦੇ ਕਿਸੇ ਆਦਮੀ ਨੂੰ ਦੁੱਖ ਵਿੱਚ ਸਹਾਰਾ ਨਾ ਦੇਣਾ। ਕਿਉਂਕਿ ਦੂਸਰੇ ਨੂੰ ਦੁੱਖ ਵਿੱਚ ਸਹਾਰਾ ਦੇਣਾ ਪਾਪ ਹੈ ਇਹ ਦੂਸਰੇ ਨੂੰ ਦੁੱਖ ਦੇਣ ਦੇ ਬਰਾਬਰ ਹੈ। ਉਹ ਬੜੀ ਸੂਖਮ ਤਰਕੀਬ ਹੈ। ਮੈਂ ਤੁਹਾਡੀ ਛਾਤੀ ਵਿੱਚ ਛੁਰਾ ਮਾਰਨਾ ਚਾਹੁੰਦਾ ਹਾਂ ਇਹ ਪਾਪ ਹੈ।" (ਪੰਨਾ 274) ਇਹ ਗੁਰਮਤਿ ਦੀ ਨਹੀਂ ਰਜਨੀਸ਼ ਦੀ ਹੀ ਸਿੱਖਿਆ ਹੋ

ਸਕਦੀ ਹੈ। ਰਜਨੀਸ਼ ਜੋ ਅਮੀਰਾਂ ਦਾ ਗੁਰੂ ਹੈ। ਸਾਰੀ ਉਮਰ ਉਨ੍ਹਾਂ ਦੇ ਸਿਰ 'ਤੇ ਐਸ਼ਪ੍ਰਸਤੀ ਕੀਤੀ ਤਾਂ ਨਮਕ ਹਲਾਲੀ ਵੀ ਜ਼ਰੂਰੀ ਹੈ। ਉਹ ਗਰੀਬ ਨੂੰ ਸਹਾਰਾ ਕਿਉਂ ਦੇਵੇ। ਉਸਨੂੰ ਮਰਨ ਦੇਣਾ ਚਾਹੀਦਾ ਹੈ। ਇਹ ਬੁਰਜੁਆਜ਼ੀ ਦਾ ਨਿਯਮ ਹੈ। ਇਸੇ ਦੀ ਪਾਲਣਾ ਉਹ ਅਗਾਂਹ ਕਰ ਰਿਹਾ ਹੈ। "ਜੇ ਇੱਕ ਹੀ ਆਦਮੀ ਸੁਖੀ ਹੋਵੇ ਤਾਂ ਉਸੇ ਨਾਲ ਐਸੀਆਂ ਤਰੰਗਾਂ ਪੈਦਾ ਹੋਣੀਆਂ ਸ਼ੁਰੂ ਹੁੰਦੀਆਂ ਹਨ ਜੋ ਦੂਸਰੇ ਨੂੰ ਵੀ ਸੁਖੀ ਹੋਣ ਦੇ ਸਮਰੱਥ ਬਣਾਉਂਦੀਆਂ ਹਨ।" (ਪੰਨਾ 276) ਫਿਰ ਈਰਖਾ ਕਿੱਥੋਂ ਪੈਦਾ ਹੁੰਦੀ ਹੈ ? ਜਦੋਂ ਦਇਆ ਦੀ ਵਿਆਖਿਆ ਕਰਦਾ ਹੈ ਤਾਂ ਦੂਸਰਿਆਂ (ਕਿਹੜੇ ਦੂਸਰਿਆਂ ਦਾ ?) ਦਾ ਫਿਕਰ ਕਰਨ ਦੀ ਗੱਲ ਕਰਦਾ ਹੈ। "ਦਇਆ ਦਾ ਅਰਥ ਹੈ ਦੂਸਰੇ ਦੀ ਫਿਕਰ ਕੇਅਰਿੰਗ ਫਾਰ ਅਦਰਜ਼। ਦੂਸਰਾ ਵੀ ਜੀਵੰਤ ਹੈ। ਉਸਦਾ ਵੀ ਮੁੱਲ ਹੈ।....।" (ਪੰਨਾ 301) ਕੀ ਦੁਖੀ ਗਰੀਬ ਆਦਮੀ ਤੇ ਦਇਆ ਕਰਨ ਦੀ ਲੋੜ ਨਹੀਂ ਸਿਰਫ਼ ਸੁਖੀ ਆਦਮੀ ਦੀ ਹੀ 'ਕੇਅਰਿੰਗ' ਕਰਨੀ ਹੈ ? ਹੈ ਨਾ ਸ਼ੁਭ ਵਿਚਾਰ !! ਦੁਖੀ ਲਈ ਕਰੋ ਕੁਝ ਨਾ। ਉਸਨੂੰ ਸਹਾਰਾ ਨਾ ਦੇਵੋ। ਪਰ ਇਕ ਸੁਖੀ ਹੋ ਜਾਏ ਤਾਂ ਉਸਦੀਆਂ ਤਰੰਗਾਂ ਦੂਸਰਿਆਂ ਨੂੰ ਸੁਖੀ ਕਰ ਦੇਣਗੀਆਂ ? (ਕਿਉਂਕਿ ਉਹ ਸੌ ਨੂੰ ਦੁੱਖ ਦੇ ਕੇ ਜੋ ਸੁਖੀ ਹੋਇਆ ਹੈ) ਅਜਿਹੇ ਗ਼ੈਰ_ਮਾਨਵਵਾਦੀ ਰਵੱਈਏ ਨੂੰ ਜਪੁਜੀ ਦੀ ਵਿਆਖਿਆ ਨਾਲ ਕਦੇ ਨਹੀਂ ਜੋੜਿਆ ਜਾ ਸਕਦਾ।

ਜਪੁਜੀ ਦੀ ਵਿਆਖਿਆ ਕਰਦਿਆਂ ਹੋਇਆਂ ਰਜਨੀਸ਼ ਦਾ ਇਸਤਰੀ ਪ੍ਰਤੀ ਰਵੱਈਆ ਬੇਹੂਦਗੀ ਦੀਆਂ ਹੱਦਾਂ ਪਾਰ ਕਰ ਜਾਂਦਾ ਹੈ। ਗੁਰੂ ਨਾਨਕ ਬਾਣੀ ਜੋ ਇਨ੍ਹਾਂ ਪੰਗਤੀਆਂ ਲਈ ਮਸ਼ਹੂਰ ਹੈ ਕਿ, "ਭੰਡੁ ਮੂਆ ਭੰਡ ਭਾਲੀਐ, ਭੰਡਿ ਹੋਵੈ ਬੰਧਾਨੁ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ?" ਉਸਦੀ ਵਿਆਖਿਆ ਰਜਨੀਸ਼ ਤੋਂ ਭੱਦੇ ਤਰੀਕੇ ਨਾਲ ਨਹੀਂ ਹੋ ਸਕਦੀ। ਸਭ ਤੋਂ ਪਹਿਲਾਂ ਉਹ ਘੁੰਡ ਦੇ ਹੱਕ ਵਿੱਚ ਬੋਲਦਾ ਹੈ। "ਪੂਰਬ ਵਿੱਚ ਇਸਤਰੀ ਨੂੰ ਲੱਜਾ ਸਿਖਾਈ ਹੈ। ਇਸ ਤੋਂ ਘੁੰਡ ਵਿਕਸਿਤ ਹੋਇਆ ਹੈ। ਘੁੰਡ ਲੱਜਾ ਦਾ ਹਿੱਸਾ ਸੀ। ਫਿਰ ਘੁੰਡ ਖ਼ਤਮ ਹੋ ਗਿਆ। ਅਤੇ ਜਿਉਂ ਹੀ ਘੁੰਡ ਖ਼ਤਮ ਹੋਇਆ ਲੱਜਾ (ਸ਼ਰਮ) ਵੀ ਖ਼ਤਮ ਹੋਣ ਲੱਗੀ। ਕਿਉਂਕ ਘੁੰਡ ਲੱਜਾ ਦਾ ਹਿੱਸਾ ਸੀ। ਇਹ ਉਸਦਾ ਬਾਹਰੀ ਅੰਗ ਸੀ।" (ਪੰਨਾ - 295) ਇਸ ਲਿਹਾਜ਼ ਨਾਲ ਤਾਂ ਰਜਨੀਸ਼ ਦੇ ਕਮਿਊਨ ਵਿੱਚ ਸਾਰੀਆਂ ਇਸਤਰੀਆਂ ਨਿਰਲੱਜ ਤੇ ਬੇਸ਼ਰਮ ਹਨ। ਉਹ ਨਾ ਕੇਵਲ ਘੁੰਡ ਹੀ ਨਹੀਂ ਕੱਢਦੀਆਂ ਸਗੋਂ ਤਥਾਕਥਿਤ ਭਗਵਾਨਾਂ/ਆਚਾਰੀਆਂ ਦੀ ਵਾਸ਼ਨਾ ਪੂਰਤੀ ਕਰਦੀਆਂ ਹਨ ਤੇ ਆਪ ਵੀ ਵਿਅਕਤੀਗਤ ਤੇ ਸਮੂਹਿਕ ਤੌਰ ਤੇ ਕਾਮ ਕੀੜਾ ਵਿੱਚ ਲਿਪਤ ਰਹਿੰਦੀਆਂ ਹਨ ? ਕੀ ਘੁੰਡ ਨੂੰ ਲੱਜਾ ਦੇ ਹਿੱਸੇ ਦੇ ਤੌਰ ਤੇ

ਵਿਚਾਰਿਆ ਜਾ ਸਕਦਾ ਹੈ ? ਫਿਰ ਆਦਮੀ ਨੇ ਤਾਂ ਕਦੇ ਘੁੰਡ ਕੱਢਿਆ ਨਹੀਂ। ਕੀ ਉਹ ਹਮੇਸ਼ਾ ਨਿਰਲੱਜ ਰਿਹਾ ਹੈ ? ਕੀ ਕਿਸੇ ਵਿਅਕਤੀ ਦੇ ਦਿਮਾਗ਼ ਦੇ ਕੂੜੇ-ਕਰਕਟ ਨੂੰ ਹੀ ਫ਼ਿਲਾਸਫ਼ੀ ਸਮਝ ਲਿਆ ਜਾਵੇ ? ਕੀ ਜਿਸ ਗੁਰਬਾਣੀ ਦੀ ਵਿਆਖਿਆ ਰਜਨੀਸ਼ ਕਰ ਰਿਹਾ ਹੈ ਉਹ ਇਨ੍ਹਾਂ ਵਿਚਾਰਾਂ ਦੀ ਹੈ ? ਨਹੀਂ ਆਦਿ ਗ੍ਰੰਥ ਵਿੱਚ ਤਾਂ ਕਬੀਰ ਦੀ ਬਾਣੀ ਬਿਲਕੁਲ ਵੱਖਰੀ ਗੱਲ ਕਰਦੀ ਹੈ।

ਰਹੁ ਰਹੁ ਰੀ ਬਹੁਰੀਆ, ਘੂੰਘਟ ਜਿਨਿ ਕਾਢੈ।

ਅੰਤ ਕੀ ਬਾਰ ਲਹੈਗੀ ਨਾ ਆਢੈ॥

ਘੂੰਘਟ ਕਾਢਿ ਗਈ ਤੇਰੀ ਆਗੈ॥

ਊਨ ਕੀ ਗੈਲਿ ਤੋਹਿ ਜਿਨਿ ਲਾਗੈ॥

ਘੂੰਘਟ ਕਾਢੇ ਕੀ ਇਹੈ ਬਡਾਈ॥

ਦਿਨ ਦਸ ਪਾਂਚ ਬਹੂ ਭਲੇ ਆਈਂ॥

(ਹੇ ਵਹੁਟੀ! ਇਹ ਭੈੜੀ ਰਸਮ ਤੋਂ ਹਟ, ਘੂੰਗਟ ਨਾ ਕੱਢ। ਘੁੰਡ ਕੱਢੇ ਦਾ ਮੁੱਲ ਅੰਤ ਨੂੰ ਧੇਲਾ ਵੀ ਨਹੀਂ ਪੈਣਾ। ਪਹਿਲਾਂ ਜੋ ਇਸਤਰੀਆਂ ਨਕਲ ਕਰਕੇ ਮੂੰਹ ਢੱਕਦੀਆਂ ਰਹੀਆਂ ਉਨ੍ਹਾਂ ਦੇ ਪਿੱਛੇ ਤੂੰ ਨਾ ਲੱਗ। ਹੋਰ ਕੋਈ ਲਾਭ ਨਹੀਂ, ਕੇਵਲ ਦਸ ਦਿਨ ਮੂਰਖ ਲੋਕਾਂ ਤੋਂ ਇਹ ਵਡਿਆਈ ਮਿਲਦੀ ਹੈ ਕਿ ਬਹੂ ਵੱਡੀ ਚੰਗੀ ਸ਼ਰਮੀਲੀ ਆਈ ਹੈ ਕਿਸੇ ਨੂੰ ਆਪਣਾ ਮੂੰਹ ਨਹੀਂ ਦਿਖਾਉਂਦੀ।) (ਗੁਰਮਤਿ ਮਾਰਤੰਡ ਕ੍ਰਿਤ ਕਾਨ ਸਿੰਘ ਨਾਭਾ, ਪੰਨਾ-463)

ਇੱਥੋਂ ਤੱਕ ਤਾਂ ਟ੍ਰੇਲਰ ਹੈ ਰਜਨੀਸ਼ ਦੀ ਅਸਲੀ ਫਿਲਮ ਤਾਂ ਅਗਾਂਹ ਸ਼ੁਰੂ ਹੁੰਦੀ ਹੈ ਜਦੋਂ ਉਹ 'ਖਿੰਥਾ ਕਾਲ ਕੁਆਰੀ ਕਾਇਆ" ਦੇ ਅਰਥਾਂ ਨੂੰ ਵਿਸਤਾਰ ਦਿੰਦਾ ਹੈ। ਗੁਰਮਤਿ ਵਿਚ ਇਸ ਪਉੜੀ ਦੇ ਅਰਥ ਹਨ, "ਕੰਨ ਦੀਆਂ ਮੁੰਦਰਾਂ ਸੰਤੋਖ ਨੂੰ ਬਣਾ। ਸੰਤੋਖ ਧਾਰਣ ਲਈ ਆਪਣੀਆਂ ਖਾਹਸ਼ਾਂ ਨੂੰ ਛੇਦਣਾ ਪੈਂਦਾ ਹੈ। ਇਸ ਲਈ ਸੰਤੋਖ ਨੂੰ ਮੁੰਦਰਾਂ ਬਣਾ ਰਿਹਾ ਹੈ। ਤੇਰੀ ਖੱਫਣੀ ਇਹ ਹੋਵੇ ਕਿ ਮਾਰਨਾ ਹੈ। ਤੇਰੀ ਰਹੁਰੀਤ ਹੋਵੇ ਕਿ ਦੇਹੀ ਨੂੰ ਕੁਆਰੀਆਂ ਵਾਕਰ ਪਵਿੱਤਰ ਰੱਖਣਾ ਹੈ, ਅਤੇ ਡੰਡਾ ਨਿਸ਼ਚੈ ਦਾ ਹੋਵੇ। ਸਾਰਿਆਂ ਨੂੰ ਆਪਣੇ ਨਾਲ ਸਮਝਣਾ। ਇਹ ਤੇਰਾ ਆਈ, ਪੰਥ ਹੋਵੇ।" (ਸ਼ਬਦਾਰਥ ਪੋਥੀ ਪਹਿਲੀ, ਪੰਨਾ 6) ਸਪੱਸ਼ਟ ਰੂਪ ਵਿੱਚ ਵੇਖਿਆ ਜਾ ਸਕਦਾ ਹੈ ਕਿ ਗੁਰਬਾਣੀ ਨਾਥਾਂ ਜੋਗੀਆਂ ਦੇ ਪ੍ਰਤੀਕਾਂ ਦੀ ਨਵੀ ਵਿਆਖਿਆ ਪੇਸ਼ ਕਰਦੀ ਹੈ ਕਿਉਂਕਿ ਇਸਦਾ ਦ੍ਰਿਸ਼ਟੀਕੋਣ 'ਵਿਚੇ

ਗ੍ਰਹਿਸਤ ਉਦਾਸ' ਹੈ। ਗੁਰੂ ਨਾਨਕ ਦੀ ਵਧੇਰੇ ਬਾਣੀ ਜੋਗ ਮਤ ਨਾਲ ਵਿਚਾਰਧਾਰਕ ਸੰਵਾਦ ਰਚਾਉਂਦੀ ਹੈ ਅਤੇ ਬਾਹਰੀ ਰਹੁ ਰੀਤਾਂ ਦਾ ਖੰਡਨ ਕਰਦੀ ਹੈ। ਪੰਡਿਤ, ਮੁੱਲਾਂ ਦੇ ਨਾਲ ਜੋਗੀ ਨੂੰ ਵੀ 'ਉਜਾੜੇ ਦਾ ਬੰਧੁ' ਮੰਨਦੀ ਹੈ। ਪਰ ਰਜਨੀਸ਼ ਤਾਂਤ੍ਰਿਕਾਂ ਦੀਆਂ ਧਿਆਨ ਮੁਦ੍ਰਾਵਾਂ ਨੂੰ ਹੀ ਨਹੀਂ ਅਪਣਾਉਂਦਾ ਸਗੋਂ ਇਨ੍ਹਾਂ ਦੀਆਂ ਪ੍ਰਤਿਕ੍ਰਿਆਵਾਦੀ ਰਹੁ_ਰੀਤਾਂ ਨੂੰ ਵੀ ਆਦਰਸ਼ਿਆ ਕੇ ਪੇਸ਼ ਕਰਦਾ ਹੈ। ਉਹ ਇਨ੍ਹਾਂ ਗੱਲਾਂ ਨੂੰ ਗੁਰਬਾਣੀ ਦੇ ਮੂੰਹ ਵਿੱਚ ਪਾਉਂਦਾ ਹੈ। ਉਸਦੀ ਵਿਆਖਿਆ ਦਾ ਕਮਾਲ ਦੇਖੋ। "ਨਾਥ ਸੰਪਰਦਾਇ ਅਤੇ ਤਾਂਤ੍ਰਿਕਾਂ ਦੇ ਬਹੁਤ ਸਾਰੇ ਸੰਪਰਦਾਇ ਹਨ ਜੋ ਸਾਧਨਾ ਲਈ ਕਿਸੇ ਕੁਆਰੀ ਇਸਤਰੀ ਨੂੰ ਲੱਭਦੇ ਹਨ ਕਿਉਂਕਿ ਕੁਆਰੀ ਇਸਤਰੀ ਨਾਲ ਵਿਸ਼ੇਸ਼ ਤਾਂਤ੍ਰਿਕ_ਸੰਭੋਗ ਦੇ ਮਾਧਿਅਮ ਨਾਲ ਧਿਆਨ ਦੀ ਉਪਲਬਧਤਾ ਹੋ ਸਕਦੀ ਹੈ। ਇਹ ਗੱਲ ਸਹੀ ਹੈ। ਇਹ ਹੋ ਸਕਦਾ ਹੈ। ਤੰਤ੍ਰ ਨੇ ਉਸਦਾ ਮਾਰਗ ਖੋਜਿਆ ਹੈ।" (ਪੰਨਾਂ_296) ਇਥੋਂ ਹੀ ਰਜਨੀਸ਼ ਦਾ 'ਸੰਭੋਗ ਤੋਂ ਸਮਾਧੀ ਵੱਲ' ਸਿਧਾਂਤ ਨਿੱਕਲਦਾ ਹੈ। ਇਥੋਂ ਹੀ ਉਸਦੇ ਕਮਿਊਨ ਦੀਆਂ ਕਾਮ-ਕ੍ਰੀੜਾਵਾਂ ਅਤੇ ਤਜਰਬੇ ਨਿੱਕਲਦੇ ਹਨ। ਅੱਠਵੀਂ ਸਦੀ ਵੱਲ ਲੈ ਕੇ ਜਾ ਰਿਹਾ ਹੈ ਸਾਨੂੰੂ ਰਜਨੀਸ਼। ਗੁਰਮਤਿ ਇਸ ਤੋਂ ਅਗਾਂਹ ਸੀ। ਅਸੀਂ ਇੱਕੀਵੀਂ ਸਦੀ ਵਿੱਚ ਪਹੁਚੰ ਗਏ ਹਾਂ। ਅੱਜ ਬੁਰਜੁਆਜ਼ੀ ਸੈਕਸ ਖੁਲ੍ਹ ਨੂੰ 'ਰੈੱਡ ਲਾਈਟ ਏਰੀਆ' ਦੇ ਰੂਪ ਵੱਚ ਕਾਨੂੰਨੀ ਮਾਨਤਾ ਦਿੰਦੀ ਹੈ। ਰਜਨੀਸ਼ ਪੁਰਾਣਾ ਸਾਹਮਣੇ ਲਿਆ ਕੇ ਵਿਚਕਾਰਲਾ ਸਵਸਥ ਤਿਆਗ ਅਜੋਕੀ ਸੈਕਸ_ਖੁਲ੍ਹ ਦਾ ਹੀ ਸਮਰੱਥਕ ਬਣਦਾ ਹੈ। ਰਜਨੀਸ਼ ਦੇ ਪੂਨਾ ਆਸ਼ਰਮ ਨੂੰ ਫੌਜ ਨੇ 'ਰੈੱਡ ਲਾਈਟ ਏਰੀਆ' ਹੀ ਮੰਨਿਆ। ਇਸ ਵਿੱਚ ਕੋਈ ਝੂਠ ਵੀ ਨਹੀਂ। 'ਏਕ ਓਂਕਾਰ ਸਤਿਨਾਮ' ਪੁਸਤਕ ਦੀ ਸਿਫ਼ਤ ਕਰਦਿਆਂ ਅਸੀਂ ਇਸ ਸਭ ਕੁਝ ਨੂੰ ਮਾਨਤਾ ਦੇ ਰਹੇ ਹੁੰਦੇ ਹਾਂ। ਕੀ ਪੰਜਾਬੀਆਂ ਨੇ 'ਰੈੱਡ ਲਾਈਟ ਏਰੀਆ' ਸੰਸਕ੍ਰਿਤੀ ਨੂੰ ਪ੍ਰਵਾਨ ਕਰ ਲਿਆ ਹੈ ? ਜੇ ਨਹੀਂ ਤਾਂ ਰਜਨੀਸ਼ ਦੁਆਰਾ ਕੀਤੀ ਜਪੁਜੀ ਦੀ ਵਿਆਖਿਆ ਨੂੰ ਮਾਨਤਾ ਕਿਉਂ ? ਇਹ ਕਿਹਾ ਜਾ ਸਕਦਾ ਹੈ ਕਿ ਅਸੀਂ 'ਸੰਭੋਗ ਤੋਂ ਸਮਾਧੀ ਵੱਲ' ਪੁਸਤਕ ਪੜ੍ਹੀ ਨਹੀਂ। ਅਜਿਹਾ ਨਹੀਂ ਹੈ ਉਸ ਉੱਪਰ ਵਧੇਰੇ ਚਰਚਾ ਕੀਤੀ ਜਾ ਰਹੀ ਹੈ।

'ਏਕ ਓਂਕਾਰ ਸਤਿਨਾਮ' ਵਿੱਚ ਬੜੇ ਹੀ ਸੂਖ਼ਮ ਤਰੀਕੇ ਨਾਲ ਧਰਮ ਤੇ ਵਿਗਿਆਨ ਦੇ ਵਿਰੋਧ ਨੂੰ ਇੱਕ ਦੂਜੇ ਦੇ ਪੂਰਕ ਮੰਨ ਕੇ ਧਰਮ ਦੇ ਹੱਕ ਵਿੱਚ ਭੁਗਤਿਆ ਗਿਆ ਹੈ। ਰਜਨੀਸ਼ ਦੇ ਤਰਕ ਅਨੁਸਾਰ, "ਧਰਮ ਤਾਂ ਸ੍ਰਸ਼ਟਾ ਨੂੰ ਖੋਜਦਾ ਹੈ, ਵਿਗਿਆਨ ਸ੍ਰਿਸ਼ਟੀ ਨੂੰ ਖੋਜਦਾ ਹੈ। ਇਕ ਸਿਰਿਉਂ ਧਰਮ ਖੋਜਦਾ ਹੈ। ਦੂਸਰੇ ਸਿਰੇ ਤੋਂ

ਵਿਗਿਆਨ ਖੋਜਦਾ ਹੈ। ਵਿਗਿਆਨ ਓਥੋਂ ਖੋਜਦਾ ਹੈ ਜਿੱਥੇ ਤੁਸੀਂ ਹੋ ਤੇ ਧਰਮ ਉਥੋਂ ਖੋਜਦਾ ਹੈ ਜਿਥੋਂ ਤੁਸੀਂ ਆਏ ਹੋ ਤੇ ਜਿੱਥੇ ਤੁਸੀਂ ਜਾਉਂਗੇ। ਤੁਹਾਡਾ ਆਰੰਭ ਤੇ ਤੁਹਾਡਾ ਅੰਤ ਧਰਮ ਖੋਜਦਾ ਹੈ। ਤੁਹਾਡਾ ਮੱਧ ਵਿਗਿਆਨ ਖੋਜਦਾ ਹੈ।" (ਪੰਨਾ 305) ਇਥੇ ਧਰਮ ਤੇ ਰਹੱਸਵਾਦੀ ਦਰਸ਼ਨ ਰਲਗੱਡ ਹੋਏ ਪਏ ਹਨ। ਇਹ ਸੱਚ ਨਹੀਂ ਹੈ ਕਿ ਧਰਮ ਕੇਵਲ ਸ੍ਰਿਸ਼ਟੀ ਦਾ ਆਦਿ ਅੰਤ ਖੋਜਦਾ ਹੈ ਤੇ ਨਾ ਹੀ ਇਹ ਸੱਚ ਹੈ ਕਿ ਵਿਗਿਆਨ ਕੇਵਲ ਸ੍ਰਿਸ਼ਟੀ (ਮੱਧ) ਨੂੰ ਖੋਜਦਾ ਹੈ ਤੇ ਆਦਿ ਅੰਤ ਬਾਰੇ ਉਸਦੇ ਕੋਈ ਨਿਰਣੇ ਨਹੀਂ ਹਨ। ਧਰਮ ਇੱਕ ਇਤਿਹਾਸਕ ਦੌਰ ਵਿੱਚ ਪੂਰੇ ਸਮਾਜਿਕ ਜੀਵਨ ਉੱਪਰ ਹਾਵੀ ਰਿਹਾ ਹੈ। ਖਾਣ ਪੀਣ ਪਹਿਨਣ ਤੋਂ ਲੈ ਕੇ ਨੈਤਿਕਤਾ ਦੇ ਨਿਯਮਾਂ ਤੱਕ ਨੂੰ ਧਰਮ ਨਿਸ਼ਚਿਤ ਕਰਦਾ ਰਿਹਾ ਹੈ। ਅੱਜ ਵੀ ਬਹੁਤ ਸਾਰੇ ਲੋਕਾਂ ਦਾ ਜੀਵਨ ਧਰਮ ਅਨੁਸਾਰ ਸੰਚਾਲਿਤ ਹੁੰਦਾ ਹੈ। ਫਿਰ ਇਹ ਕਿਵੇਂ ਕਿਹਾ ਜਾ ਸਕਦਾ ਹੈ ਕਿ ਧਰਮ ਕੇਵਲ ਸ੍ਰਿਸ਼ਟੀ ਦਾ ਆਦਿ ਅੰਤ ਹੀ ਲੱਭਦਾ ਹੈ ? ਸਵਾਲ ਹੈ ਕਿ ਜਿਸ ਆਦਿ ਅੰਤ ਨੂੰ ਧਰਮ ਸਦੀਆਂ ਤੋਂ ਲੱਭ ਰਿਹਾ ਹੈ ਕੀ ਉਸਨੇ ਲੱਭ ਲਿਆ ਹੈ ? ਵਿਗਿਆਨ ਨੇ ਜੋ ਕਲਪਨਾ ਕੀਤੀ ਕੁਝ ਸਾਲਾਂ ਵਿੱਚ ਉਸਨੂੰ ਯਥਾਰਥ ਬਣਾ ਦਿੱਤਾ। ਧਰਮ ਅਜਿਹਾ ਕੁਝ ਕਰ ਸਕਿਆ ਹੈ ? ਅਸਲ ਵਿਚ ਕੇਵਲ ਕਲਪਨਾਤਮਿਕ ਹੋਂਦ ਨੂੰ ਜਾਣਿਆ ਹੀ ਨਹੀਂ ਜਾ ਸਕਦਾ। ਵਿਗਿਆਨ ਦੂਸਰੇ ਸਿਰੇ ਤੋਂ ਨਹੀਂ ਸਗੋਂ ਭੌਤਿਕ ਨਿਯਮਾਂ ਤੋਂ ਰਹੱਸਵਾਦੀ ਹੋਂਦਾਂ ਦੀ ਵਿਆਖਿਆ ਕਰਦਾ ਹੈ। ਉਸਨੇ ਇਹ ਸਿੱਧ ਕੀਤਾ ਹੈ ਕਿ ਭੌਤਿਕ ਸੰਸਾਰ ਦਾ ਆਧਾਰ ਵੀ ਭੌਤਿਕ ਹੈ। ਬਾਹਰੀ ਰਹੱਸਵਾਦੀ ਹੋਂਦ ਇਸਦਾ ਕਾਰਣ ਨਹੀਂ। ਇਸ ਸ੍ਰਿਸ਼ਟੀ ਤੋਂ ਪਰੇ ਦੇ ਕਿਸੇ ਸੰਸਾਰ ਨੂੰ ਵਿਗਿਆਨਕ ਦ੍ਰਿਸ਼ਟੀ ਸਵੀਕਾਰ ਨਹੀਂ ਕਰਦੀ। ਅਸਲ ਵਿਚ ਦੋਨੋਂ ਦ੍ਰਿਸ਼ਟੀਆਂ ਇੱਕ ਦੂਜੀ ਦੀਆਂ ਵਿਰੋਧੀ ਹਨ। ਇਨ੍ਹਾਂ ਦਾ ਟਕਰਾਅ ਪਹਿਲਾਂ ਵੀ ਸੀ ਤੇ ਅੱਜ ਵੀ ਹੈ।

ਧਰਮ ਕਦੇ ਜੇਤੂ ਧਿਰ ਰਿਹਾ ਹੈ। ਪਰੰਤੂ ਵਿਗਿਆਨਕ ਤਰਕਾਂ ਸਾਹਵੇਂ ਹੁਣ ਉਹ ਨਿਹੱਥਾ ਹੈ। ਫਿਰ ਵੀ ਲੋਕ ਮਾਨਸਿਕਤਾ ਦਾ ਹਿੱਸਾ ਹੋਣ ਕਾਰਣ ਅੰਧ ਵਿਸ਼ਵਾਸ ਦੇ ਸਹਾਰੇ ਉਹ ਅੱਜ ਵੀ ਵਿਗਿਆਨਕ ਦ੍ਰਿਸ਼ਟੀ ਨੂੰ ਠਿੱਠ ਕਰਦਾ ਹੈ। ਰਜਨੀਸ਼ ਇਸੇ ਧਿਰ ਦਾ ਪ੍ਰਵਕਤਾ ਹੈ। ਉਹ ਕਹਿੰਦਾ ਹੈ, 'ਧਾਰਮਿਕ' ਨਾ ਤਾਂ ਪਿੰਡ ਪਿੰਡ ਰੌਸ਼ਨੀ ਕਰ ਸਕੇਗਾ ਨਾ ਐਟਮ ਬੰਬ ਬਣ ਸਕੇਗਾ ਲੇਕਿਨ ਦਿਲ_ਦਿਲ ਵਿੱਚ ਰੌਸ਼ਨੀ ਕਰ ਸਕੇਗਾ।" (ਪੰਨਾ 306) ਰਜਨੀਸ਼ ਨੇ ਅੱਜ ਤੱਕ ਦੇ ਸਾਰੇ ਧਰਮਾਂ ਨੂੰ ਨਿੰਦਿਆ ਹੈ ਕਿਉਂਕਿ ਉਹ ਕਾਮ ਨੂੰ ਦਬਾਉਂਦੇ ਹਨ। ਮਨੁੱਖ ਦੀ ਵਿਅਕਤੀਗਤ ਹੋਂਦ ਨੂੰ ਖ਼ਤਮ ਕਰਦੇ ਹਨ। ਮਰੇ ਹੋਏ ਬੰਦਿਆਂ ਤੇ ਗ੍ਰੰਥਾਂ ਦੀ ਪੂਜਾ ਕਰਦੇ ਹਨ ਆਦਿ ਆਦਿ। ਫਿਰ ਕਿਹੜਾ ਧਰਮ ਦਿਲ_ਦਿਲ ਵਿੱਚ ਰੌਸ਼ਨੀ ਕਰੇਗਾ? ਰਜਨੀਸ਼ ਦਾ ? ਉਹ ਤਾਂ ਆਪ ਸਾਰੀ ਉਮਰ ਭਟਕਦਾ

ਰਿਹਾ। ਨਿੱਤ ਨਵੀਆਂ ਗੱਲਾਂ ਕਰਦਾ ਰਿਹਾ। ਇੱਕ ਦਿਨ ਕਹਿ ਕੇ ਦੂਜੇ ਦਿਨ ਰੱਦ ਕਰਦਾ ਰਿਹਾ। ਫਿਰ ਰਜਨੀਸ਼ ਕਿਹੜੇ ਧਰਮ ਤੇ ਕਿਹੜੇ ਧਾਰਮਿਕ ਬੰਦੇ ਦੀ ਗੱਲ ਕਰਦਾ ਹੈ। ਰਜਨੀਸ਼ ਅਗਾਂਹ ਕਹਿੰਦਾ ਹੈ, "ਦੂਸਰੀ ਗੱਲ ਵਿੱਚ ਸਹਿਮਤੀ ਹੈ (ਕਿਹੜੀ ਸਹਿਮਤੀ ?) ਕਿ ਜਦ ਇੱਕ ਵਿਘਟਨ ਹੁੰਦਾ ਹੈ ਤਾਂ ਤਿੰਨ ਵਿੱਚ ਹੁੰਦਾ ਹੈ। ਵਿਗਿਆਨ ਕਹਿੰਦਾ ਹੈ ਇਲੈਕਟ੍ਰੀਸਿਟੀ (ਐਟਮ ?) ਤਿੰਨ ਵਿੱਚ ਟੁੱਟਦੀ ਹੈ_ਇਲੈਕਟ੍ਰਾਨ, ਨਿਊਟ੍ਰਾਨ ਅਤੇ ਪ੍ਰੋਟਾਨ। ਇਨ੍ਹਾਂ ਤਿੰਨਾਂ ਕਣਾਂ ਤੋਂ ਸਾਰਾ ਜਗਤ ਨਿਰਮਤ ਹੁੰਦਾ ਹੈ। ਧਰਮ ਕਹਿੰਦਾ ਹੈ ਉਹ ਤ੍ਰਿਮੂਰਤੀ ਹੁੰਦਾ ਹੈ। ਕ੍ਰਿਸ਼ਚੀਅਨ ਕਹਿੰਦਾ ਹੈ ਉਹ ਟ੍ਰਿਨਟੀ ਹੋ ਜਾਂਦਾ ਹੈ।" (ਪੰਨਾ 306) ਜਦੋਂ ਵਿਗਿਆਨ ਕੋਈ ਖੋਜ ਕਰਦਾ ਹੈ ਤਾਂ ਧਰਮ ਬਿਨ੍ਹਾਂ ਕਿਸੇ ਮਿਹਨਤ ਤੋਂ ਕਹਿ ਦਿੰਦਾ ਹੈ ਕਿ ਇਸਦਾ ਤਾਂ ਉਸਨੂੰ ਪਹਿਲਾਂ ਹੀ ਪਤਾ ਸੀ। ਇਸੇ ਲਈ ਉਹ ਜੋੜ ਤੋੜ ਵੀ ਕਰ ਲੈਂਦਾ ਹੈ। ਰਜਨੀਸ਼ ਦਾ ਤਰਕ ਵੀ ਅਜਿਹਾ ਹੀ ਹੈ। ਸਾਇੰਸ ਤਾਂ ਕਰਕੇ ਵਿਖਾਉਂਦੀ ਹੈ। ਧਰਮ ਕਲਪਨਾ ਹੀ ਕਲਪਨਾ ਕਰਦਾ ਹੈ। ਐਟਮ ਦਾ ਤਿੰਨਾਂ ਵਿੱਚ ਟੁੱਟਣਾ ਤਾਂ ਇਹ ਸਿੱਧ ਕਰਦਾ ਹੈ ਕਿ ਐਨਰਜੀ, ਦਾ ਪਦਾਰਥ ਦਾ ਪਰਿਵਰਤਨ ਹੁੰਦਾ ਹੈ ਕਿ ਇੱਕ ਰੂਪ ਤੋਂ ਦੂਜੇ ਰੂਪ ਵਿੱਚ ਇਸਨੂੰ ਸਥਾਪਿਤ ਨਹੀਂ ਕੀਤਾ ਜਾ ਸਕਦਾ ਇਸਨੂੰ ਪੈਦਾ ਨਹੀਂ ਕੀਤਾ ਜਾ ਸਕਦਾ। ਜੇ ਪਦਾਰਥ ਨੂੰ ਪੈਦਾ ਜਾਂ ਸਮਾਪਤ ਹੀ ਨਹੀਂ ਕੀਤਾ ਜਾ ਸਕਦਾ ਤਾਂ ਉਸਦੇ ਕਰਤਾ ਦੀ ਕਲਪਨਾ ਹੀ ਫਜ਼ੂਲ ਹੈ। ਫਿਰ ਕਲਪਨਾ ਤੋਂ ਤਿੰਨ ਪੈਦਾ ਕਰ ਲਉ ਜਾਂ ਤੇਰਾਂ ਕੀ ਫਰਕ ਪੈਂਦਾ ਹੈ। ਮਿੱਥ ਨਾਲ ਵਿਗਿਆਨਕ ਤੱਥਾਂ ਨੂੰ ਨਹੀਂ ਮਿਲਾਇਆ ਜਾ ਸਕਦਾ। ਰਜਨੀਸ਼ ਨੂੰ ਇਸ ਗੱਲ ਦਾ ਅਹਿਸਾਸ ਹੈ ਇਸ ਲਈ ਉਹ ਇਹ ਕਹਿ ਕੇ ਖਹਿੜਾ ਛੁਡਾਉਣਾ ਚਾਹੁੰਦਾ ਹੈ ਕਿ, "ਧਾਰਮਿਕ ਅਤਾਰਕਿਕ ਹੈ ਇਸ ਲਈ ਉਸਨੂੰ ਹਰਾਇਆ ਨਹੀਂ ਜਾ ਸਕਦਾ।" (ਪੰਨਾ 150) ਲੜਾਈ ਦੀ ਇੱਕ ਧਿਰ ਆਪੇ ਹੀ ਫੈਸਲਾ ਦੇ ਰਹੀ ਹੈ ਕਿ ਉਸਨੂੰ ਹਰਾਇਆ ਨਹੀਂ ਜਾ ਸਕਦਾ। ਕੀ ਪੁੱਛਿਆ ਜਾ ਸਕਦਾ ਹੈ ਕਿ ਜੇ ਧਾਰਮਿਕ ਅਤਾਰਕਿਕ ਹੈ ਤਾਂ ਉਸਨੂੰ ਵਿਗਿਆਨ ਨਾਲ ਪੰਗਾ ਲੈਣ ਦਾ ਕੀ ਅਧਿਕਾਰ ਹੈ? ਕੀ ਸਿਰਫ਼ ਲੋਕਾਂ ਨੂੰ ਆਪਣੇ ਮਗਰ ਲਾਉਣ ਲਈ ? ਉਨ੍ਹਾਂ ਦੀਆਂ ਭਾਵਨਾਵਾਂ ਦਾ ਸ਼ੋਸ਼ਣ ਕਰਨ ਲਈ।

ਰਜਨੀਸ਼ ਨੇ 'ਏਕ ਓਂਕਾਰ ਸਤਿਨਾਮ' ਵਿੱਚ ਕੁਝ ਹੋਰ ਮਸਲੇ ਵੀ ਛੇੜੇ ਹਨ। ਜਿਵੇਂ ਪੜ੍ਹਾਈ ਬਾਰੇ। ਇਹ ਵਿਚਾਰ ਅਨੇਕਾਂ ਲੈਕਚਰਾਂ ਵਿੱਚ ਉਹ ਪ੍ਰਗਟਾਉਂਦਾ ਹੈ। ਉਸਦੇ ਵਿਚਾਰਾਂ ਦਾ ਸੰਖੇਪ ਇਹ ਹੈ ਕਿ ਵਿਸ਼ਵ ਵਿਦਿਆਲਿਆਂ ਤੱਕ ਦਾ ਗਿਆਨ ਇੱਕ ਦੂਜੇ ਉੱਪਰ ਸਵਾਰੀ ਕਰਨ ਦਾ ਉਪਾਅ ਹੈ। (ਪੰਨਾ 67) ਉਹ ਇਹ ਭੁੱਲ ਜਾਂਦਾ ਹੈ ਕਿ ਅਨੇਕਾਂ ਅੰਤਰ_ਵਿਰੋਧਾਂ ਤੇ ਗਿਰਾਵਟਾਂ ਦੇ ਬਾਵਜੂਦ ਇਨ੍ਹਾਂ ਵਿਦਿਆਲਿਆਂ ਨੇ ਅਨੇਕਾਂ ਖੋਜਾਂ

ਕੀਤੀਆਂ ਹਨ ਜੋ ਵਿਕਾਸ ਵਿੱਚ ਸਹਾਈ ਹੋਈਆਂ ਹਨ। ਰਜਨੀਸ਼ ਦੇ ਚੇਲੇ ਉਸਦੇ ਇੱਕ ਪਾਸੜ ਵਿਚਾਰਾਂ ਨੂੰ ਤੋਤੇ ਵਾਂਗ ਰਟਦੇ ਤੇ ਉੱਗਲਦੇ ਚਲੇ ਜਾਂਦੇ ਹਨ। ਉਨ੍ਹਾਂ ਨੂੰ ਇਨ੍ਹਾਂ ਉੱਪਰ ਵਿਚਾਰ ਕਰਨ ਦੀ ਲੋੜ ਹੀ ਨਹੀਂ। ਉੱਪਰ ਕਹੇ ਅਨੁਸਾਰ ਰਜਨੀਸ਼ ਧਾਰਮਿਕ ਇਸ ਲਈ ਅਤਾਰਕਿਕ ਵੀ। ਇਸੇ ਲਈ ਉਹ ਆਪਣੇ ਵਰਗੇ ਪਾਖੰਡੀਆਂ ਨੂੰ ਚਮਤਕਾਰੀ ਸਮਝ ਲੈਂਦਾ ਹੈ। "ਤੁਸੀਂ ਕੁਝ ਚਮਤਕਾਰ ਕਰ ਲਏ, ਕਿ ਹੱਥ 'ਤੇ ਰਾਖ ਪੈਦਾ ਕਰ ਦਿੱਤੀ ਕਿ ਸਤ ਸਾਈਂ ਬਾਬਾ ਹੋ ਗਏ, ਕਿ ਤਾਬੀਜ਼ ਕੱਢ ਕੇ ਕਿਸੇ ਨੂੰ ਦੇ ਦਿੱਤਾ ਇਸ ਨਾਲ ਕੀ ਹੋਵੇਗਾ।" (ਪੰਨਾ 301) ਡਾ. ਕਾਵੂਰ ਤੇ ਕਈ ਜਾਦੂਗਰਾਂ ਨੇ ਵੀ ਸਾਈਂ ਬਾਬਾ ਦੀ ਜਾਦੂਗਰੀ ਨੂੰ ਕਈ ਵਾਰੀ ਨੰਗਿਆਂ ਕੀਤਾ ਹੈ। ਪਰ ਨਾ ਤਾਂ ਸਾਈਂ ਬਾਬਾ ਵਿੱਚ ਨਾ ਹੀ ਉਸਦੇ ਚੇਲਿਆਂ ਵਿੱਚ ਡਾ. ਕਾਵੂਰ ਦਾ ਜਾਂ ਦੂਸਰੇ ਚੈਲੰਜ ਕਰਨ ਵਾਲਿਆਂ ਦਾ ਸਾਹਮਣਾ ਕਰਨ ਦੀ ਹਿੰਮਤ ਰਹੀ ਹੈ। ਪ੍ਰੇਮਾ ਨੰਦ ਵੀ ਡਾ. ਕਾਵੂਰ ਦੇ ਕੰਮ ਨੂੰ ਹੀ ਅਗਾਂਹ ਵਧਾ ਰਿਹਾ ਹੈ। ਡਾ. ਕਾਵੂਰ ਨੇ ਰਜਨੀਸ਼ ਨੂੰ ਚੈਲੰਜ ਕਿਉਂ ਕੀਤਾ ਕਿਉਂਕਿ ਰਜਨੀਸ਼ ਮਨੁੱਖੀ ਸ਼ਕਤੀਆਂ ਨੂੰ ਤਿੰਨ ਪਰਤੀ ਕਲਪਿਤ ਕਰਦਾ ਹੈ। ਅਵਚੇਤਨ ਤੋਂ ਅਗਾਂਹ ਚੌਥੇ ਪਦ ਨੂੰ ਜੋੜਦਾ ਹੈ। ਟੈਲੀਪੈਥੀ ਵਿੱਚ ਵਿਸ਼ਵਾਸ ਕਰਦਾ ਹੈ। ਅਵਚੇਤਨ ਨਾਲ ਕਿਸੇ ਨੂੰ ਮਾਰਨ ਤੇ ਮਨ ਦੀ ਗੱਲ ਪੜ੍ਹਨ ਦੇ ਦਾਅਵੇ ਕਰਦਾ ਹੈ। ਡਾ. ਕਾਵੂਰ ਇਨ੍ਹਾਂ ਸਭ ਦਾ ਵਿਰੋਧੀ ਹੈ। ਇਸ ਲਈ ਵਿਰੋਧ ਸੁਭਾਵਿਕ ਹੈ। ਚੋਰ ਚੋਰ ਮੌਸੇਰੇ ਭਾਈ। ਸਾਈਂ ਬਾਬਾ ਤੇ ਰਜਨੀਸ਼ ਇੱਕੋ ਹੀ ਥੈਲੀ ਦੇ ਚੱਟੇ ਵੱਟੇ ਹਨ। ਫਿਰ ਵੀ ਰਜਨੀਸ਼ ਆਪਣੇ ਆਪ ਨੂੰ ਸਾਈਂ ਬਾਬਾ ਤੋਂ ਉੱਪਰ ਸਿੱਧ ਕਰਨ ਲਈ ਤਰਲੋ ਮੱਛੀ ਹੋ ਰਿਹਾ ਹੈ। 'ਏਕ ਓਂਕਾਰ ਸਤਿਨਾਮ' ਪੜ੍ਹਦਿਆਂ ਹੋਰ ਬਹੁਤ ਕੁਝ ਨਾਲ ਵਾਹ ਪੈਂਦਾ ਹੈ। ਇੱਥੇ ਇੱਕ ਦੋ ਗੱਲਾਂ। ਰਜਨੀਸ਼ ਕਹਿੰਦਾ ਹੈ ਕਿ ਗੁਰੂ ਨਾਨਕ ਨੇ ਮੱਝੀਆਂ ਚਾਰਨੀਆਂ ਇਸ ਲਈ ਸਵੀਕਾਰ ਕੀਤੀਆਂ ਕਿਉਂਕਿ ਉਹ ਬੰਦਿਆਂ ਨਾਲੋਂ ਪਸ਼ੂਆਂ ਨਾਲ ਰਹਿ ਕੇ ਵਧੇਰੇ ਸ਼ਾਂਤੀ ਮਹਿਸੂਸ ਕਰਦੇ ਸਨ। (ਪੰਨਾ 258) ਕੀ ਇਹ ਗੁਰੂ ਨਾਨਕ ਦੀ ਸਿਫ਼ਤ ਹੈ ? ਰਜਨੀਸ਼ ਭਾਰਤ ਦੀ ਦੁਰਗਤੀ ਦਾ ਕਾਰਣ ਇਹ ਮੰਨਦਾ ਹੈ ਕਿ ਇਸਦੇ ਲੋਕਾਂ ਨੇ ਸਾਰਿਆਂ ਪ੍ਰਤੀ ਸੰਤੋਸ਼ ਕਰ ਲਿਆ ਪਰ ਆਪਣੇ ਪ੍ਰਤਿ ਸੰਤੋਸ਼ ਨਹੀਂ ਕੀਤਾ। (ਪੰਨਾ 155) ਜੇ ਆਪਣੇ ਪ੍ਰਤੀ ਸੰਤੋਸ਼ ਕਰ ਲਿਆ ਹੁੰਦਾ ਤਾਂ ਉਸਦੀ ਹੋਰ ਵੀ ਦੁਰਗਤੀ ਹੋਣੀ ਸੀ ਕਿ ਸਦਗਤੀ ਹੋਣੀ ਸੀ ? ਅਖ਼ੀਰ ਤੇ ਇੱਕ ਦੋ ਛੋਟੀਆਂ ਛੋਟੀਆਂ ਗੱਲਾਂ। ਵਿਆਖਿਆ ਸਮੇਂ ਰਜਨੀਸ਼ ਕੁਝ ਅਰਥਾਂ ਦੇ ਅਨਰਥ ਇਉਂ ਕਰਦਾ ਹੈ ਕਿ ਹੱਸੇ ਬਗੈਰ ਨਹੀਂ ਰਿਹਾ ਜਾ ਸਕਦਾ। ਉਹ ਅੰਮ੍ਰਿਤ ਵੇਲੇ ਦੀ ਲੰਬੀ ਵਿਆਖਿਆ ਕਰਦਾ ਹੈ। ਪਰ ਅੰਮ੍ਰਿਤ ਵੇਲੇ ਨੂੰ ਸ਼ਾਮ ਦਾ ਵੇਲਾ ਸਮਝਦਾ ਹੈ। ਪੰਜਾਬ ਦਾ ਹਰ ਬੱਚਾ

ਜਾਣਦਾ ਹੈ ਕਿ ਸੁਬਹ ਦੇ ਵੇਲੇ ਨੂੰ 'ਅੰਮ੍ਰਿਤ ਵੇਲਾ' ਕਿਹਾ ਜਾਂਦਾ ਹੈ। ਰਜਨੀਸ਼ ਸ਼ਾਇਦ ਜਾਣ ਬੁੱਝ ਕੇ ਇਹ ਅਰਥ ਦੇ ਰਿਹਾ ਹੋਵੇ ਕਿਉਂਕਿ ਉਸਦੇ ਧਿਆਨ ਸ਼ਿਵਰ ਤੇ ਕਾਮ_ਸ਼ਿਵਰ ਰਾਤ ਨੂੰ ਹੀ ਲੱਗਦੇ ਹਨ। ਜਦੋਂ ਉਹ 'ਰਜ਼ਾ' ਨੂੰ ਰਜਾਈ ਬਣਾ ਦਿੰਦਾ ਹੈ ਤਾਂ ਦਿਲ ਬਾਗ਼ੋ ਬਾਗ਼ ਹੋ ਜਾਂਦਾ ਹੈ। " (ਪੰਨਾ 280) ਇਥੇ ਉਹ 'ਨਾਨਕ ਰਹਿਣ ਰਜਾਈ' ਦੇ ਅਰਥ ਕਰ ਰਿਹਾ ਹੈ ਜਿਸਦੇ ਅਰਥ ਹਨ ਪ੍ਰਮਾਤਮਾ ਦੀ ਇੱਛਾ ਵਿੱਚ ਰਹਿਣਾ ਜ਼ਰੂਰੀ ਹੈ। ਉਹ ਸ਼ੇਖ ਫਰੀਦ ਨੂੰ ਗੁਰੂ ਨਾਨਕ ਦਾ ਸਮਕਾਲੀ ਦਸਦਾ ਹੈ। 'ਨਾਨਕ ਨੀਚੁ ਕਹੈ ਵਿਚਾਰ' ਦੇ ਅਰਥ ਕਰਦਾ ਹੈ, "ਇਸ ਤਰ੍ਹਾਂ ਨਾਨਕ ਨੀਚ ਦਾ ਵਿਚਾਰ ਕਰਦੇ ਹਨ।"

ਅਸਲ ਵਿਚ ਗੁਰੂ ਨਾਨਕ ਆਪਣੇ ਆਪ ਨੂੰ (ਨਿੰਮ੍ਰਤਾ ਕਾਰਣ) ਸੰਬੋਧਨ ਕਰਦੇ ਹਨ। ਰਜਨੀਸ਼ ਹਿੰਦੂਆਂ ਦੀਆਂ ਮਿੱਥਾਂ ਤੋਂ ਬੜਾ ਪ੍ਰਭਾਵਿਤ ਹੁੰਦਾ ਹੈ। ਜਪੁਜੀ ਵਿੱਚ ਪੰਜਾ ਖੰਡਾਂ ਦਾ ਜ਼ਿਕਰ ਹੈ। ਪਰ ਉਹ ਚਾਰ ਵੀ ਕਹਿ ਜਾਂਦਾ ਹੈ। ਗੁਰੂ ਨਾਨਕ ਨਾਲ ਜੁੜੀਆਂ ਦੰਤ ਕਥਾਵਾਂ ਨੂੰ ਹਾਸੋ ਹੀਣਾ ਰੂਪ ਦੇ ਦਿੰਦਾ ਹੈ। ਪ੍ਰਚੱਲਿਤ ਦੰਤ ਕਥਾ ਅਨੁਸਾਰ ਮੌਲਵੀ ਗੁਰੂ ਨਾਨਕ ਨੂੰ ਨਮਾਜ਼ ਪੜ੍ਹਨ ਲਈ ਲੈ ਜਾਂਦਾ ਹੈ। ਗੁਰੂ ਨਾਨਕ ਨੇ ਨਮਾਜ਼ ਨਹੀਂ ਪੜ੍ਹੀ। ਸਮਝਾਉਣ ਲਈ ਮੌਲਵੀ ਨੂੰ ਦੱਸਿਆ ਕਿ ਉਸਦਾ ਧਿਆਨ ਤਾਂ ਘਰ ਸੂਈ ਘੋੜੀ ਵੱਲ ਸੀ ਕਿ ਕਿਤੇ ਉਸਦਾ ਵਛੇਰਾ ਵਿਹੜੇ ਦੇ ਖੂਹ ਵਿੱਚ ਨਾ ਡਿੱਗ ਪਵੇ। ਰਜਨੀਸ਼ ਕਹਿੰਦਾ ਕਿ ਮੌਲਵੀ ਦਾ ਧਿਆਨ ਫਸਲ ਕੱਟਣ ਵੱਲ ਸੀ। ਮੌਲਵੀ ਜੱਟਾਂ ਵਾਲੇ ਕੰਮ ਨਹੀਂ ਕਰਦੇ ਉਨ੍ਹਾਂ ਨੂੰ ਵਿਹਲੀਆਂ ਮਿਲ ਜਾਂਦੀਆਂ ਹਨ। ਹਰਦੁਆਰ ਵਿੱਚ ਲੋਕਾਂ ਨੂੰ ਪਿੱਤਰਾਂ ਨਾਲ ਪਾਣੀ ਦਿੰਦਿਆਂ ਵੇਖ ਕੇ ਗੁਰੂ ਨਾਨਕ ਪੱਛਮ ਵੱਲ ਪਾਣੀ ਦੇਣ ਲੱਗ ਜਾਂਦੇ ਹਨ। ਰਜਨੀਸ਼ ਕਹਿੰਦਾ ਹੈ ਕਿ ਗੁਰੂ ਨਾਨਕ ਨੇ ਖੂਹ ਤੇ ਚੜ੍ਹ ਕੇ ਪਾਣੀ ਪੱਛਮ ਨੂੰ ਦੇਣਾ ਸ਼ੁਰੂ ਕਰ ਦਿੱਤਾ। ਗੰਗਾ 'ਚ ਖੂਹ ਕਿੱਥੋਂ ਆ ਗਿਆ। ਖੂਹ ਤੇ ਪੱਛਮ ਵੱਲ ਪਾਣੀ ਦੇਣ ਦਾ ਲੋਕਾਂ 'ਤੇ ਕੀ ਅਸਰ ਹੋਣਾ ਸੀ। ਅਸਲ ਮਸਲਾ ਤਾਂ ਗੰਗਾ ਦੇ ਪਾਣੀ ਦਾ ਹੈ। ਖ਼ੈਰ 'ਦੰਤ ਕਥਾਵਾਂ' ਤਾਂ ਦੰਤ ਕਥਾਵਾਂ ਹੀ ਹੁੰਦੀਆਂ ਹਨ। ਉਨ੍ਹਾਂ ਵਿੱਚ ਪਰਿਵਰਤਨ ਦੀ ਗੁੰਜਾਇਸ਼ ਰਹਿੰਦੀ ਹੈ। ਇਸ ਲਈ ਰਜਨੀਸ਼ ਨੂੰ ਮੁਆਫ਼ ਕੀਤਾ ਜਾ ਸਕਦਾ ਹੈ। ਪਰ ਜੋ ਲੋਕ ਉਸਦੀ ਯਾਦਾਸ਼ਤ ਦਾ ਸਿੱਕਾ ਮੰਨਦੇ ਹਨ ਉਨ੍ਹਾਂ ਲਈ ਸ਼ਾਇਦ ਇਹ ਅਣਹੋਣੀ ਹੋਵੇ। ਪਰ ਇਹ ਸੱਚ ਹੈ ਕਿ ਉਹ ਸਾਰੀਆਂ ਦੰਤ ਕਥਾਵਾਂ ਦੀਆਂ ਲੱਤਾਂ-ਬਾਹਵਾਂ ਤੋੜਦਾ ਰਹਿੰਦਾ ਹੈ।

ਅਸੀਂ ਜੋ ਕਹਿਣਾ ਸੀ ਕਹਿ ਲਿਆ। ਬਾਕੀ ਫੈਸਲਾ ਪਾਠਕਾਂ 'ਤੇ ਹੈ ਕਿ ਉਨ੍ਹਾਂ ਨੇ ਰਜਨੀਸ਼ ਦੀ ਪੁਸਤਕ 'ਏਕ ਓਂਕਾਰ ਸਤਿਨਾਮ' (20 ਲੈਕਚਰਾਂ ਦਾ ਸੰਗ੍ਰਹਿ) ਨੂੰ ਮਹਾਨਰਚਨਾ ਮੰਨਣਾ ਹੈ ਜਾਂ ਉਸ ਉੱਪਰ ਵਿਚਾਰ ਰਕਕੇ ਉਸਦੀ ਅਸਲੀਅਤ ਨੂੰ ਸਮਝਣਾ ਹੈ।

# ਅਧਿਆਇ ਦੂਜਾ

# ਰਜਨੀਸ਼ ਦੇ ਕੁਝ ਆਧਾਰ-ਸਿਧਾਂਤ

ਪੰਜਾਬੀ ਜਗਤ ਵਿੱਚ ਰਜਨੀਸ਼ ਜੀਉਂਦੇ ਜੀਅ ਕਦੇ ਚਰਚਿਤ ਨਹੀਂ ਹੋਇਆ, ਪਰ ਮਰਨ ਤੋਂ ਬਾਅਦ ਅਖ਼ਬਾਰਾਂ ਨੇ ਉਸਨੂੰ ਖੂਬ ਉਛਾਲਿਆ। 'ਹਰਕਾਰਾ" ਵਰਗੇ ਤੱਤੇ ਪਰਚੇ ਦਾ ਕੇਵਲ ਰਜਨੀਸ਼ ਲਈ ਪ੍ਰਤੀਬੱਧ ਹੋ ਜਾਣਾ ਬੌਧਿਕ ਹਲਕਿਆਂ ਵਿਚ ਵਿਵਾਦ ਦਾ ਕਾਰਨ ਬਣਿਆ। ਰਜਨੀਸ਼ ਦੀ ਜਪੁਜੀ ਸਾਹਿਬ ਦੀ ਵਿਆਖਿਆ ਨੇ ਧਾਰਮਿਕ ਹਲਕਿਆਂ ਵਿੱਚ ਕਾਫੀ ਉਤੇਜਨਾ ਪੈਦਾ ਕੀਤੀ ਹੈ। ਜਿਥੋਂ ਤੱਕ ਧਾਰਮਿਕ ਹਲਕਿਆਂ ਦਾ ਸੰਬੰਧ ਹੈ, ਸਿੱਖ ਕੁਝ ਕਰਨ ਤੋਂ ਬਾਅਦ ਹੀ ਉਸਦੇ ਨਤੀਜਿਆਂ ਬਾਰੇ ਸੋਚਦੇ ਹਨ। ਜਦੋਂ ਉਨ੍ਹਾਂ ਨੂੰ ਪਤਾ ਲੱਗੇਗਾ ਕਿ ਰਜਨੀਸ਼ ਸਿੱਖਾਂ ਤੇ ਸਿੱਖ ਗੁਰੂਆਂ ਬਾਰੇ ਕੀ ਸੋਚਦਾ ਸੀ ਤੇ ਜਪੁਜੀ ਦੀ ਵਿਆਖਿਆ ਦੇ ਬਹਾਨੇ ਉਸਨੇ ਕੀ ਕੁਝ ਹੋਰ ਵੀ ਪਰੋਸ ਦਿੱਤਾ ਹੈ ਤਾਂ ਉਹ ਇਸ ਉੱਪਰ ਸ਼ਾਇਦ ਫ਼ਤਵਾ ਵੀ ਦੇ ਦੇਣ, ਭਾਵੇਂ ਉਹ ਆਪ ਇਸ ਲਈ ਉਸਨੂੰ ਸਿਰੋਪਾ ਵੀ ਦੇ ਚੁੱਕੇ ਹਨ। ਜਦੋਂ ਸਾਹਿਤਕ ਹਲਕਿਆਂ ਵਿੱਚ, ਬੌਧਿਕ ਲੋਕਾਂ ਵਿੱਚ 'ਹਰਕਾਰਾ" ਵਰਗੇ ਮੈਗਜ਼ੀਨ ਵੱਲੋਂ ਰਜਨੀਸ਼ ਦਾ ਸਿੱਧਾ ਪ੍ਰਵੇਸ਼ ਕਰਵਾਉਣ ਦੀ ਕੋਸ਼ਿਸ਼ ਹੁੰਦੀ ਹੈ, ਤਾਂ ਇਸਦਾ ਗੰਭੀਰ ਨੋਟਿਸ ਲੈਣਾ ਬਣਦਾ ਹੈ।

ਇਸੇ ਦ੍ਰਿਸ਼ਟੀ ਤੋਂ ਇੱਥੇ ਅਸੀਂ ਉਸ ਦੀਆਂ ਕੁਝ ਦਾਰਸ਼ਨਿਕ ਕਿਸਮ ਦੀਆਂ ਸਥਾਪਨਾਵਾਂ ਦਾ ਵਿਸ਼ਲੇਸ਼ਣ ਕਰਨ ਦਾ ਯਤਨ ਕਰ ਰਹੇ ਹਾਂ। ਰਜਨੀਸ਼ ਦਾ ਸੁਝਾਅ/ਉਪਦੇਸ਼ ਇਹ ਹੈ ਕਿ ਆਪਣੇ ਸ਼ੱਕ ਨੂੰ ਕਦੇ ਵੀ ਮਰਨ ਨਾ ਦੇਵੋ। ਬੜਾ ਨੇਕ ਸੁਝਾਅ ਹੈ। ਪਰ ਰਜਨੀਸ਼ ਦਾ ਇਹ ਸੁਝਾਅ ਕਿਥੇ ਤੱਕ ਜਾਂਦਾ ਹੈ, ਇਸ ਨੂੰ ਦੇਖਣਾ ਜ਼ਰੂਰੀ ਹੈ। "ਸ਼ੱਕ ਕਰੋ ਤੇ ਕਰਦੇ ਜਾਉ ਉਦੋਂ ਤੱਕ ਜਦੋਂ ਤੱਕ ਤੁਸੀਂ ਕੁਝ ਆਪ ਜਾਣ ਜਾਉਗੇ ਤਾਂ ਤੁਸੀਂ ਸ਼ੱਕ ਨਹੀਂ ਕਰੋਗੇ। ਫਿਰ ਸ਼ੱਕ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਸ਼ੱਕ ਕਰਨ ਦਾ ਕੋਈ ਰਾਹ ਹੀ ਨਹੀਂ ਰਹਿ ਜਾਂਦਾ।" (ਰਜਨੀਸ਼ ਬਾਈਬਲ, ਜਿਲਦ ਪਹਿਲੀ, ਪੰਨਾ 686, ਅਗਾਂਹ ਇਸੇ ਪੁਸਤਕ ਦੇ ਪੰਨੇ ਹੀ ਦਿੱਤੇ ਜਾਣਗੇ।) ਜਿੰਨੀ ਇਹ ਗੱਲ ਕਹਿਣੀ ਸੌਖੀ ਹੈ, ਉਨੇ ਹੀ ਇਸ ਦੇ ਨਤੀਜੇ ਗੰਭੀਰ ਹੋ ਸਕਦੇ ਹਨ। ਪਹਿਲੀ ਗੱਲ ਧਿਆਨ

ਵਿੱਚ ਰੱਖਣੀ ਚਾਹੀਦੀ ਹੈ ਕਿ ਰਜਨੀਸ਼ ਆਪਣੇ ਤੋਂ ਪੂਰਵਵਰਤੀ ਹਰ ਧਰਮ ਦੇ ਖਿਲਾਫ਼ ਹੈ। ਪੈਗੰਬਰ, ਮਸੀਹ, ਰੱਬ, ਤੀਰਥੰਕਰ ਉਨ੍ਹਾਂ ਦੀਆਂ ਪੁਸਤਕਾਂ ਉੱਪਰ ਵਿਸ਼ਵਾਸ ਦੇ ਖਿਲਾਫ਼ ਹੈ। ਇਹ ਖਿਲਾਫ਼ਤ ਨਫ਼ਰਤ ਦੀ ਹੱਦ ਤੱਕ ਜਾਂਦੀ ਹੈ। ਮਹਾਤਮਾ ਬੁੱਧ, ਮਹਾਂਵੀਰ ਨੂੰ ਤਾਂ ਉਹ ਸਭਿਆ, ਪੜ੍ਹੇ ਲਿਖੇ ਮੰਨ ਵੀ ਲੈਂਦਾ ਹੈ ਕਿਉਂਕਿ ਉਹ ਰਾਜ ਘਰਾਣਿਆਂ ਵਿੱਚੋਂ ਆਏ ਹਨ, ਪਰ ਈਸਾ ਨੂੰ ਉਹ ਕਿਤੇ ਵੀ ਨਹੀਂ ਬਖ਼ਸ਼ਦਾ। ਕਿਉਂ? ਕਿਉਂਕਿ ਉਹ ਅਨਪੜ੍ਹ ਹੈ, ਅਸਭਿਅਹੈ ਤੇ ਦਾਸ ਵੀ ਹੈ। ਉਹ ਭੀੜ ਦਾ ਹਿੱਸਾ ਬਣਨਾ ਚਾਹੁੰਦਾ ਹੈ। ਸਭ ਤੋਂ ਵੱਧ ਮਾੜੀ ਗੱਲ ਕਿ ਉਹ ਤਰਖਾਣ ਹੈ। ਰਜਨੀਸ਼ ਦੇ ਭਾਰਤੀ ਸੰਸਕਾਰ ਜਾਤ ਪਾਤ ਵਿੱਚ ਗ੍ਰਸੇ ਹੋਏ ਹਨ। ਇਸੇ ਲਈ ਉਹ ਕਬੀਰ ਨੂੰ ਵੀ ਈਸਾ ਨਾਲ ਰਲਾ ਦਿੰਦਾ ਹੈ। ਗਰੀਬਾਂ ਪ੍ਰਤੀ/ਲਿਤਾੜਿਆਂ ਪ੍ਰਤੀ, ਉਨ੍ਹਾਂ ਦੇ ਆਗੂਆਂ ਪ੍ਰਤੀ ਇਹੋ ਜਿਹਾ ਵਿਹਾਰ ਰਜਨੀਸ਼ ਦੀ ਕੁਲੀਨ ਵਰਗੀ ਮਾਨਸਿਕਤਾ ਦਾ ਇਜ਼ਹਾਰ ਹੀ ਤਾਂ ਹੈ। ਉਹ ਕਹਿੰਦਾ ਹੈ, "ਈਸਾ ਜਾਂ ਕਬੀਰ ਵਰਗੇ ਕੋਰੇ ਅਨਪੜ੍ਹਾਂ ਲਈ ਦਾਅਵਾ ਕਰਨਾ ਜਾਂ ਪੂਰੇ ਜ਼ੋਰ ਨਾਲ ਕਿਸੇ ਗੱਲ ਦਾ ਇਜ਼ਹਾਰ ਕਰਨਾ ਬੜਾ ਆਸਾਨ ਕੰਮ ਹੈ। ਆਪਣੇ ਆਲੇ ਦੁਆਲੇ ਮੂਰਖਾਂ ਦਾ ਟੋਲਾ ਇਕੱਠਾ ਕਰੋ, ਜੋ ਦੁਨੀਆਂ ਵਿੱਚ ਸਭ ਤੋਂ ਆਸਾਨ ਕੰਮ ਹੈ। ਗਲੀ ਵਿੱਚ ਸਿਰ ਭਾਰ ਖੜੇ ਹੋਵੋ, ਮੂਰਖ ਦੌੜਦੇ ਆਉਣਗੇ।"(ਪੰਨਾ_303) ਰਜਨੀਸ਼ ਜਦੋਂ ਕਬੀਰ ਬਾਣੀ ਦੀ ਵਿਆਖਿਆ ਕਰਦਾ ਹੈ ਤਾਂ ਉਸੇ ਕਬੀਰ ਦੀ ਬਾਣੀ ਰਾਹੀਂ ਆਪਣੇ ਘਟੀਆ ਜਿਹੇ ਵਿਚਾਰਾਂ ਨੂੰ ਪੇਸ਼ ਕਰ ਰਿਹਾ ਹੁੰਦਾ ਹੈ। ਉਹ ਬ੍ਰਾਹਮਣਵਾਦ ਵਲੋਂ ਭਾਰਤ ਦੇ ਚੌਥਾਈ ਹਿੱਸੇ ਨੂੰ ਅਛੂਤ ਬਣਾਉਣ ਦੀ ਗੱਲ ਕਰਦਾ ਹੈ, ਪਰ ਬ੍ਰਾਹਮਣ ਦੀ ਬੌਧਿਕ ਉੱਚਤਾ ਨੂੰ ਪ੍ਰਵਾਨ ਕਰਕੇ ਅਲੈਗਜ਼ਾਂਡਰ ਤੇ ਉਨ੍ਹਾਂ ਨਾਲ ਜੁੜੀਆਂ ਕਹਾਣੀਆਂ (ਜੋ ਦੰਤ ਕਥਾਵਾਂ ਹਨ) ਸੁਆਦ ਲੈ ਲੈ ਸੁਣਾਉਂਦਾ ਹੈ। ਇਹ ਹੈ ਸਾਰ ਰਜਨੀਸ਼ ਦਾ

। ਰਜਨੀਸ਼ ਜਦੋਂ ਸ਼ੱਕ ਦਾ ਡੰਡਾ ਮਿੱਥਾਂ ਤੇ ਦੰਤ ਕਥਾਵਾਂ ਉੱਪਰ ਚਲਾਉਂਦਾ ਹੈ ਤਾਂ ਉਹ ਬੇਹੂਦਗੀ ਦੀ ਹੱਦ ਤੱਕ ਚਲਾ ਜਾਂਦਾ ਹੈ। ਬਾਈਬਲ ਦੀ ਆਦਮ ਤੇ ਹਵਾ ਦੀ ਮਿੱਥ, ਈਸਾ ਮਸੀਹ ਦੀ ਸੂਲੀ ਚਾੜ੍ਹਨ ਸਮੇਂ ਨਾਲ ਜੁੜੀਆਂ ਦੰਤ ਕਥਾਵਾਂ, ਬੋਧ ਜਾਤਕ ਕਥਾਵਾਂ, ਤੀਰਥੰਕਰਾਂ ਨਾਲ ਜੁੜੀਆਂ ਕਥਾਵਾਂ ਨਾਲ ਉਹ ਬੜੇ ਵੱਡੇ ਭਲਵਾਨਾਂ ਵਾਂਗ ਦੰਗਲ ਵਿੱਚ ਉੱਤਰਦਾ ਹੈ, ਤੇ ਹਰ ਲੈਕਚਰ ਵਿੱਚ ਇਨ੍ਹਾਂ ਨਾਲ ਜੂਝਦਾ ਹੈ, ਪਰ ਲੱਗਦਾ ਬੜਾ ਬਚਗਾਨਾ ਹੈ। ਕਿਉਂਕਿ ਤੁਸੀਂ ਹਵਾਈ ਦੁਸ਼ਮਣ ਨਾਲ ਲੜ੍ਹਨ ਲਈ ਲੰਗੋਟ ਕੱਸੀ ਫਿਰੋ ਤਾਂ ਤੁਹਾਨੂੰ ਕੋਈ ਭਲਾ_ਮਾਣਸ ਨਹੀਂ ਕਹੇਗਾ। ਹਾਂ, ਤੁਹਾਡੇ ਆਪਣੇ ਦੱਲੇ ਤਾੜ੍ਹੀਆਂ ਮਾਰ ਸਕਦੇ ਹਨ, ਜਾਂ ਘੁੱਗੂ ਬਣ ਕੇ ਸੁਣੀ ਜਾਂਦੇ,

ਦੇਖੀ ਜਾਂਦੇ ਹਨ। ਜਦੋਂ ਅਸੀਂ ਮਿੱਥਾਂ ਤੇ ਦੰਤ ਕਥਾਵਾਂ ਦੀ ਪ੍ਰਕ੍ਰਿਤੀ ਉੱਪਰ ਵਿਚਾਰ ਕਰਦੇ ਹਾਂ ਤਾਂ ਸਪੱਸ਼ਟ ਹੁੰਦਾ ਹੈ ਕਿ ਇਨ੍ਹਾਂ ਕਾਲਪਨਿਕ ਸਿਰਜਣਾਵਾਂ ਦੇ ਪੈਰ ਵੀ ਯਥਾਰਥ ਵਿੱਚ ਹੀ ਹੁੰਦੇ ਹਨ। ਮਨੁੱਖ ਆਪਣੇ ਇਤਿਹਾਸਕ ਕਾਲ ਖੰਡ ਦੀ ਚੇਤਨਾ ਅਨੁਸਾਰ ਹੀ ਸਵਾਲਾਂ ਦੇ ਜਵਾਬ ਲੱਭਦਾ ਹੈ। ਅੱਜ ਤੋਂ ਦੋ ਹਜ਼ਾਰ ਸਾਲ ਪਹਿਲਾਂ ਦੀ ਤਾਂ ਗੱਲ ਛੱਡੋ ਅੱਜ ਵੀ ਮਨੁੱਖ ਕਈ ਵਾਰ ਵਿਗਿਆਨ ਦੇ ਯੁੱਗ ਵਿੱਚ ਨਹੀਂ ਸਗੋਂ ਸਦੀਆਂ ਪਹਿਲਾਂ ਦੀ ਮਾਨਸਿਕਤਾ ਵਿੱਚ ਰਹਿ ਰਿਹਾ ਹੈ, ਇਸੇ ਲਈ ਉਹ ਇਨ੍ਹਾਂ ਮਿੱਥਾਂ, ਦੰਤ ਕਥਾਵਾਂ ਵਿੱਚ ਵਿਸ਼ਵਾਸ ਕਰਦਾ ਹੈ।

ਸਮਾਜਵਾਦੀ ਦੇਸ਼ਾਂ ਦੇ ਤਜਰਬੇ ਵਿੱਚ ਕੋਸ਼ਿਸ਼ ਹੋਈ ਕਿ ਵਿਗਿਆਨਕ ਸਮਾਜਿਕ ਮਾਹੌਲ ਦਿੱਤਾ ਜਾਵੇ, ਜਿਸਨੂੰ ਅੰਦਰੋਂ ਬਾਹਰੋਂ ਦੁਸ਼ਮਣਾਂ ਨੇ ਬਰਦਾਸ਼ਤ ਨਹੀਂ ਕੀਤਾ। ਰਜਨੀਸ਼ ਵੀ ਇਸ ਦੇ ਖਿਲਾਫ਼ ਹੈ ਤੇ ਜਿਸ ਸਰਮਾਏਦਾਰੀ ਵਿਵਸਥਾ ਦਾ ਉਹ ਆਪ ਪ੍ਰਵਕਤਾ ਹੈ, ਉਸ ਵਿੱਚ ਮੁਨਾਫ਼ੇ ਦੀ ਆਪਾ_ਧਾਪੀ, ਵਿਅਕਤੀਗਤ ਗਰਜ਼ਾਂ ਤੋਂ ਉੱਪਰ ਨਹੀਂ ਉੱਠਣ ਦਿੰਦੀ। ਇਸੇ ਲਈ ਲੋਕਾਂ ਨੂੰ ਵਿਗਿਆਨਕ ਮਾਹੌਲ ਕੌਣ ਦੇਵੇ? ਰਜਨੀਸ਼ ਵਿਅਕਤੀਵਾਦੀ ਹੈ ਉਹ ਆਪ ਤੋਂ ਉੱਪਰ ਉੱਠਣਾ ਮੂਰਖਤਾ ਮੰਨਦਾ ਹੈ, ਫਿਰ ਤੁਸੀ ਜਿੰਨਾ ਮਰਜ਼ੀ ਮਿੱਥਾਂ ਦੇ ਖਿਲਾਫ਼ ਲਾਠੀਆਂ ਚੁੱਕੀ ਫਿਰੋ, ਉਹ ਮਨੁੱਖਤਾ ਦਾ ਖਹਿੜਾ ਨਹੀਂ ਛੱਡਣਗੀਆਂ। ਮਿੱਥਾਂ ਵਿੱਚ ਬ੍ਰਹਿਮੰਡ ਸਿਰਜਣਾ ਤੋਂ ਲੈ ਕੇ ਧਰਤੀ ਉੱਪਰ ਮਨੁੱਖ ਦੇ ਆਉਣ ਤੱਕ ਦੇ ਕਾਰਣ ਲੱਭੇ ਗਏ ਹਨ, ਆਪਣੇ ਇਤਿਹਾਸਕ ਚੌਖਟੇ ਦੀ ਸੋਚ ਵਿੱਚ ਪਹਿਲਾਂ ਜਾਦੂ ਵਿੱਚ, ਫਿਰ ਧਰਮ ਵਿੱਚ, ਤੇ ਅੱਜ ਵਿਗਿਆਨ ਵਿੱਚ। ਰਜਨੀਸ਼ ਲਈ ਇਤਿਹਾਸਕ ਸੰਦਰਭ ਕੋਈ ਅਰਥ ਨਹੀਂ ਰੱਖਦਾ। ਉਪਰੋਕਤ ਸੋਚ ਅਧੀਨ ਆਦਮ ਹਵਾ ਦੀ ਮਿੱਥ ਸਿਰਜੀ ਗਈ ਹੈ, ਇਸੇ ਤਰ੍ਹਾਂ ਦੀਆਂ ਦੁਨੀਆਂ ਭਰ ਵਿੱਚ ਹਜ਼ਾਰਾਂ ਮਿੱਥਾਂ ਪ੍ਰਚੱਲਿਤ ਹਨ, ਉਨ੍ਹਾਂ ਦਾ ਨਕਾਰਣ ਵਿਗਿਆਨਕ ਸੋਚ ਵਿੱਚ ਹੈ, ਹਵਾਈ ਲੜਾਈਆਂ ਵਿੱਚ ਨਹੀਂ। ਦੂਸਰੀ ਗੱਲ ਸ਼ੱਕ ਦੀ ਦੰਤ ਕਥਾਵਾਂ ਉੱਪਰ। ਹਰ ਫਿਰਕਾ ਆਪਣੇ ਇਸ਼ਟ ਦੇਵ ਦੀ ਸਰਵਉੱਚਤਾ ਸਿੱਧ ਕਰਨ ਲਈ ਉਸ ਨਾਲ ਅਸੰਭਵ ਘਟਨਾਵਾਂ, ਦੰਤ ਕਥਾਵਾਂ ਜੋੜਦਾ ਹੈ। ਈਸਾ ਵਲੋਂ ਮੁਰਦਾ ਜਗਾਉਣਾ, ਪਾਣੀ ਦਾ ਸ਼ਰਾਬ ਬਣਾਉਣਾ, ਪੱਥਰ ਨੂੰ ਰੋਟੀ ਵਿੱਚ ਬਦਲਣਾ, ਪਾਣੀ ਉੱਪਰ ਤਰਨਾ ਆਦਿ ਦੰਤ ਕਥਾਵਾਂ ਹਨ। ਜਿਨ੍ਹਾਂ ਉੱਪਰ ਕਿੰਤੂ ਨਹੀਂ ਕੀਤਾ ਜਾਂਦਾ ਤੇ ਨਾ ਹੀ ਈਸਾ ਦੇ ਕੁਆਰੀ ਦੇ ਪੇਟੋਂ ਜੰਮਣ ਉੱਪਰ, ਜਾਂ ਈਸਾ ਦੀ ਸੂਲੀ ਚੜ੍ਹਨ ਤੋਂ ਬਾਦ ਕਬਰ ਵਿਚੋਂ ਉੱਠਣ ਬਾਰੇ ਪ੍ਰਸ਼ਨ ਕੀਤਾ ਜਾਂਦਾ ਹੈ।

ਉਸ ਤਰ੍ਹਾਂ ਵਿਗਿਆਨਕ ਸੋਚ ਇਨ੍ਹਾਂ ਘਟਨਾਵਾਂ ਦੀ ਅਸਲੀਅਤ ਸਮਝਦੀ ਹੈ। ਪਰ ਇੱਕ ਮਿੱਥ ਨੂੰ ਤੋੜਨ ਲਈ ਅਨੇਕ ਤਰ੍ਹਾਂ ਦਾ ਹੋਰ ਖੇਹ ਸੁਆਹ ਜੋੜ ਦੇਣਾ, ਮਿੱਥਾਂ ਤੇ ਦੰਤ ਕਥਾਵਾਂ ਨਾਲ ਘੁਲਣ ਲਈ ਗਲਤ

ਦਾਅ ਹਨ, ਜਿਵੇਂ ਬਾਈਬਲ ਦੇ ਸ਼ੈਤਾਨ ਸੱਪ ਨੂੰ ਭਾਰਤੀ ਸੱਪ ਅਨੁਸਾਰ, ਚੰਗਾ ਮੰਨ ਕੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰਨੀਆਂ। ਈਸਾ ਨੂੰ ਮਰਿਆ ਹੀ ਨਾ ਮੰਨ ਕਸ਼ਮੀਰ ਉਸਦੀ ਕਬਰ ਲੱਭ ਲੈਣੀ, ਜਾਂ ਕਰਾਈਸਟ ਨੂੰ ਕ੍ਰਿਸ਼ਨ ਦਾ ਬਦਲਿਆ ਰੂਪ ਦੱਸਣਾ, ਕੁਤਰਕ ਕਰਨ ਤੋਂ ਵੱਧ ਕੁਝ ਨਹੀਂ। ਸਾਨੂੰ ਇਹੋ ਜਿਹੇ ਸ਼ੱਕ ਦੀ ਲੋੜ ਨਹੀਂ ਜੋ ਇਤਿਹਾਸਕ ਵਿਗਿਆਨਕਤਾ ਦੀ ਥਾਂ ਕੁਤਰਕ ਦਾ ਸਹਾਰਾ ਲਏ। ਇਹ ਗੱਲਾਂ ਰਜਨੀਸ਼ ਵਲੋਂ ਦੂਸਰੇ ਪੈਗੰਬਰਾਂ, ਤੀਰਥੰਕਰਾਂ ਬਾਰੇ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚੋਂ ਨਿੰਦਾ_ਰਸ ਤਾਂ ਲਿਆ ਜਾ ਸਕਦਾ, ਪਰ ਹੈ ਸਭ ਕੁਝ ਬਕਵਾਸ। ਥੋੜ੍ਹਾਂ ਅਗਾਂਹ ਚੱਲੀਏ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਸ਼ੱਕ ਕਰਨ ਦੀ ਸਮਰੱਥਾ ਹਰ ਵਿਅਕਤੀ ਦੀ ਵੱਖ ਵੱਖ ਹੋਵੇਗੀ, ਹਰ ਸਮੂਹ ਦਾ ਆਪਣੇ ਹਿੱਤਾਂ ਦਾ ਮਸਲਾ ਵੀ ਸ਼ੱਕ ਨੂੰ ਵੱਖਰੀ ਤਰ੍ਹਾਂ ਰੱਖਦਾ ਹੈ। ਇੱਕ ਅਨਪੜ੍ਹ ਦਾ ਇੱਕ ਸ਼ੱਕ ਹੈ ਕਿ ਆਦਮੀ ਚੰਦਰਮਾ ਉੱਪਰ ਗਿਆ ਹੀ ਨਹੀਂ। ਸਗੋਂ ਕਿਤਿਉਂ ਨੇੜਿਉਂ ਹੀ ਮਿੱਟੀ ਚੁੱਕ ਕੇ ਲੈ ਆਇਆ ਹੈ। ਉਹ ਵੀ ਉਸ ਸਥਿਤੀ 'ਤੇ ਪਹੁੰਚ ਗਿਆ ਹੈ ਜਿੱਥੇ ਹੋਰ ਸ਼ੱਕ ਨਹੀਂ ਕੀਤਾ ਜਾ ਸਕਦਾ। ਪੜ੍ਹਿਆ ਲਿਖਿਆ ਵਿਗਿਆਨਕ ਸੋਚ ਦਾ ਧਾਰਣੀ ਰਜਨੀਸ਼ ਵਾਂਗ ਸ੍ਰਿਸ਼ਟੀ ਦੀ ਅਸੀਮਤਾ ਤੱਕ ਪਹੁੰਚ ਜਾਵੇਗਾ। ਪਰ ਅਧਿਆਤਮਵਾਦੀ ਸਾਇੰਸਦਾਨ, ਐਟਮ ਦੇ ਤੱਤਾਂ ਤੋਂ ਹੋਰ ਸੂਖ਼ਮ ਭਗਵਾਨ ਤੇ ਜਾ ਕੇ 'ਸ਼ੱਕ ਨਹੀਂ ਕਰੇਗਾ'। ਕਿਹਾ ਜਾ ਸਕਦਾ ਹੈ ਕਿ ਰਜਨੀਸ਼ ਦਾ ਸ਼ੱਕ ਦਾ ਵਿਚਾਰ ਧਾਰਮਿਕ ਵਿਸ਼ਵਾਸ ਦੀ ਅਤਿਵਾਦੀ ਪ੍ਰਤਿਕਿਰਿਆ ਹੈ। ਯਥਾਰਥਕ, ਇਤਿਹਾਸਕ, ਵਗਿਆਨਕ ਵਿਸ਼ਲੇਸ਼ਣ ਇਸਦੇ ਨੇੜੇ ਵੀ ਨਹੀਂ ਗਿਆ। ਜੇ ਹਰ ਚੀਜ਼ ਉੱਪਰ ਸ਼ੱਕ ਹੋ ਸਕਦਾ ਹੈ ਤਾਂ ਰਜਨੀਸ਼ ਦੇ ਵਿਚਾਰਾਂ ਉੱਪਰ 'ਸ਼ੱਕ' ਕਿਉਂ ਨਹੀਂ ਕੀਤਾ ਜਾ ਸਕਦਾ ? ਇਥੇ ਆ ਕੇ ਰਜਨੀਸ਼ ਆਪਣੇ ਆਪ ਨੂੰ ਸ਼ੱਕ ਤੋਂ ਤਰਕ ਤੋਂ ਉੱਪਰ ਰੱਖਣ ਲਈ ਬਜਿਦ ਹੈ। ਆਪਣੇ ਧਰਮ ਬਾਰੇ ਉਹ ਕਹਿੰਦਾ ਹੈ ਇਹ ਪਹਿਲਾ ਧਰਮ ਹੈ ਤੇ, "ਸ਼ਾਇਦ ਇਹ ਆਖ਼ਰੀ ਧਰਮ ਹੈ ਕਿਉਂਕਿ, ਮੈਂ ਤੁਹਾਨੂੰ ਅਜਿਹਾ ਕੁਝ ਨਹੀਂ ਦਿੱਤਾ, ਜਿਸ ਉੱਪਰ ਕੋਈ ਤਰਕ ਕੀਤਾ ਜਾ ਸਕੇ.... ਮੇਰੇ ਖਿਲਾਫ਼ ਕੋਈ ਤਰਕ ਨਹੀਂ ਕਰ ਸਕਦਾ।" (ਪੰਨਾ 17) ਸ਼ੱਕ ਕਰਨਾ ਸਿਖਾਉਣ ਵਾਲਾ ਆਪ ਸ਼ੱਕ ਦੇ ਘੇਰੇ ਵਿੱਚ ਆਪਣੇ ਆਪ ਨੂੰ ਨਾ ਆਉਣ ਦੇਵੇ, ਭਾਵੇਂ ਿਇਹ ਭੁਲੇਖੇ ਵਿੱਚ ਹੀ ਕਿਉਂ ਨਾ ਹੋਵੇ ਕਦੇ ਵੀ ਬਖਸ਼ਣ ਯੋਗ ਨਹੀਂ ਹੋ ਸਕਦਾ।

ਦੂਜਾ ਸੁਝਾਅ ਜਾਂ ਉਪਦੇਸ਼ ਹੈ, ਕਦੇ ਵੀ ਨਕਲ ਨਾ ਕਰੋ। ਰਜਨੀਸ਼ ਦਾ ਸੰਦਰਭ ਹਮੇਸ਼ਾ ਧਰਮ ਹੁੰਦੇ ਹਨ। ਜਦੋਂ ਉਹ ਕਹਿੰਦਾ ਹੈ ਕਿ ਦੈਵੀ ਨਕਲ ਨਾ ਕਰੋ ਤਾਂ ਉਸਦਾ ਉਦੇਸ਼ ਹੁੰਦਾ ਹੈ ਕਿ ਈਸਾ, ਬੁੱਧ, ਮਹਾਂਬੀਰ ਆਦਿ ਬਣਨ ਦਾ ਯਤਨ ਨਾ ਕਰੋ। ਜਦ ਕਿ ਸਾਰੇ ਧਰਮ ਅਜਿਹਾ ਕਰਕੇ ਵਿਅਕਤੀ ਦੀ ਵੱਖਰਤਾ ਖ਼ਤਮ ਕਰਦੇ

ਹਨ। ਕਿਸੇ ਹੱਦ ਤੱਕ ਇਹ ਗੱਲ ਠੀਕ ਹੈ ਕਿ ਜੇ ਤੁਸੀਂ ਦੂਸਰਿਆਂ ਵਾਂਗ ਵਿਹਾਰ ਕਰੋਗੇ, ਦੂਸਰਿਆਂ ਵਾਂਗ ਹੀ ਸੋਚਣ ਲੱਗੋਗੇ ਤਾਂ ਤੁਹਾਡੀ ਆਪਣੀ ਸਖਸ਼ੀਅਤ ਗੁਆਚ ਜਾਵੇਗੀ। ਪਰ ਮਨੁੱਖ ਮਨੁੱਖਤਾ ਦਾ ਹਿੱਸਾ ਹੋਣ ਕਾਰਣ ਬਹੁਤਾ ਕੁਝ ਆਪਣੀ ਪਰੰਪਰਾ ਤੋਂ ਆਪਣੇ ਆਲੇ ਦੁਆਲੇ ਤੋਂ ਗ੍ਰਹਿਣ ਕਰਦਾ ਹੈ। ਇਹ ਸਭ ਕੁਝ ਨੂੰ ਪਚਾ ਕੇ ਉਹ ਇੱਕ ਵੱਖਰੀ ਸ਼ਖਸੀਅਤ ਵਿਕਸਿਤ ਕਰਦਾ ਹੈ। ਉਂਜ ਉਸਦੀ 'ਆਪਣੀ ਸ਼ਖਸ਼ੀਅਤ' ਨਾਮ ਦੀ ਕੋਈ ਚੀਜ਼ ਨਹੀਂ ਹੁੰਦੀ। ਉਹ ਮਾਸ ਦਾ ਲੋਥੜਾ ਪੈਦਾ ਹੁੰਦਾ ਹੈ। ਆਚਾਰ, ਵਿਚਾਰ, ਵਿਹਾਰ ਸਭ ਕੁਝ ਉਸਨੇ ਸਮਾਜ ਤੋਂ ਗ੍ਰਹਿਣ ਕਰਨੇ ਹੁੰਦੇ ਹਨ, ਪਰ ਕੁਦਰਤੀ ਤੌਰ ਤੇ ਉਸ ਵਿਚ ਕੁਝ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਤੇ ਕੁਝ ਸੀਮਾਵਾਂ, ਉਨ੍ਹਾਂ ਕਰਕੇ ਉਹ ਵੱਖਰਾ ਹੁੰਦਾ ਹੈ। ਸੰਗੀਤ ਦਾ ਗੁਣ ਵਿਸ਼ੇਸ਼ ਹੈ। ਕਵੀ ਕੋਲ ਕਾਵਿਕਤਾ ਦਾ ਤੇ ਇਸ ਤਰ੍ਹਾਂ ਹੋਰ। ਕਦੇ ਵੀ ਨਕਲ ਨਾ ਕਰਨ ਦੇ ਸੁਝਾਅ ਦੀ ਥਾਂ ਲੋੜ ਹੈ ਆਲੋਚਨਾਤਮਕ, ਵਿਗਿਆਨਕ ਦ੍ਰਿਸ਼ਟੀ ਪੈਦਾ ਕਰਨ ਦੀ ਜੋ ਨਕਲ ਕਰਨ ਜਾਂ ਨਾ ਕਰਨ, ਕਿਸੇ ਦੀ ਕੋਈ ਚੀਜ਼ ਗ੍ਰਹਿਣ ਕਰਨ ਜਾਂ ਨਾ ਗ੍ਰਹਿਣ ਕਰਨ ਤੋਂ ਪਹਿਲਾਂ ਉਸਦਾੂੰ ਵਿਸ਼ਲੇਸ਼ਣ ਕਰ ਸਕੇ। ਜੇ ਬਚਪਨ ਤੋਂ ਹੀ ਬੱਚੇ ਇਸ ਗੱਲ ਨੂੰ ਅਪਣਾ ਲੈਣ ਕਿ ਉਨ੍ਹਾਂ ਨੇ ਕਿਸੇ ਦੀ ਨਕਲ ਨਹੀਂ ਕਰਨੀ ਤਾਂ ਉਹ ਅੱਸੀ ਸਾਲ ਬਾਦ ਜਾਨਵਰ ਦੇ ਜਾਨਵਰ ਹੀ ਰਹਿ ਜਾਣਗੇ। ਮਨੁੱਖ ਬਣਨ ਦੀ ਗੱਲ ਉਸ ਬਾਰੇ ਸੋਚੀ ਹੀ ਨਹੀਂ ਜਾ ਸਕਦੀ। ਜਦੋਂ ਕਿ ਸਿਰਫ਼ 'ਤੁਸੀਂ (ਆਪ) ਬਣੋ ਕੁਝ ਹੋਰ ਨਹੀਂ, ਕਿਹਾ ਜਾਂਦਾ ਹੈ ਤਾਂ ਇਸਦੀ ਵਿਅਕਤੀਵਾਦੀ ਧੁਨੀ ਸਪੱਸ਼ਟ ਪਛਾਣੀ ਜਾ ਸਕਦੀ ਹੈ। ਅਸਲ ਵਿਚ ਇਹ ਅਤਿ ਦਾ ਵਿਅਕਤੀਵਾਦ ਪੂੰਜੀਵਾਦੀ ਵਿਵਸਥਾ ਦੀ ਸਿਖ਼ਰ ਦੀ ਦੇਣ ਹੈ। ਰਜਨੀਸ਼ ਕਹਿੰਦਾ ਹੈ, "ਪੈਸਾ ਗਿਣਾਤਮਕ ਹੈ, ਆਤਮਿਕ ਹੈ ਗੁਣਾਤਮਕ" (Money si quanttiy spritiualtiy si qualtiy) ਜੋ ਪੈਸਾ ਕਮਾਉਣ ਦੀ ਹੋੜ ਵਿੱਚ ਮੈਂ ਸਭ ਤੋਂ ਅੱਗੇ ਹਾਂ, ਵੱਖ ਹਾਂ, ਮੈਂ, ਕੱਲਾ, ਕੱਲਾ ਅਮੀਰ ਹਾਂ ਤਾਂ ਮੇਰੀ ਅਧਿਆਤਮਕਤਾ ਵੀ ਵੱਖਰੀ ਹੋਵੇਗੀ, ਮੇਰੀ ਗੁਣਾਤਮਕਤਾ ਵੀ ਵੱਖਰੀ ਹੋਵੇਗੀ। ਯੂਨੀਕ ਹੋਵੇਗੀ। ਰਜਨੀਸ਼ ਇਸੇ ਪੂੰਜੀਵਾਦੀ ਤਰਕ ਅਨੁਸਾਰ ਆਪਣੇ ਵਿਚਾਰ ਪਰੋਸ ਰਿਹਾ ਹੈ, ਇਸਦਾ ਵਿਸ਼ਲੇਸ਼ਣ ਕਰਨ ਸਮੇਂ ਇਹ ਤੱਥ ਕਦੇ ਵੀ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ।

ਰਜਨੀਸ਼ ਅਤਿ ਨੂੰ ਪਹਿਲ ਦਿੰਦਾ ਹੈ ਉਸ ਤੋਂ ਬਹੁਤ ਪ੍ਰਭਾਵਿਤ ਹੁੰਦਾ ਹੈ। ਜਿਵੇਂ ਉਹ ਡਾਇਓਜੀਨ ਦੇ ਨੰਗੇ ਰਹਿ ਕੇ, ਸੁਤੰਤਰ ਵਿਚਰਨ ਨੂੰ ਆਦਰਸ਼ਿਆ ਕੇ ਪੇਸ਼ ਕਰਦਾ ਹੈ ਤੇ ਜਦੋਂ ਉਹ ਕੁੱਤੇ ਨੂੰ ਪਾਣੀ ਪੀਂਦੇ ਵੇਖਦਾ ਹੈ ਅਤੇ ਪਾਣੀ ਪੀਣ ਵਾਲੀ ਚਿੱਪੀ ਵੀ ਵਗਾਹ ਮਾਰਕੇ ਹੋਰ ਸੁਤੰਤਰ ਹੁੰਦਾ ਹੈ, ਆਪਣੇ ਵਰਗਾ ਆਪ ਤਾਂ ਰਜਨੀਸ਼ ਬਾਗੋ ਬਾਗ ਹੋ ਜਾਂਦਾ ਹੈ। ਪਰ ਇੱਕ ਗੱਲ ਉਹ ਭੁੱਲ ਗਿਆ ਕਿ ਡਾਇਊਜੀਨ ਨੇ ਕੁੱਤੇ ਦੀ ਨਕਲ ਕੀਤੀ। ਕਿਤੇ

ਇਹ ਸੁਝਾਅ ਤਾਂ ਨਹੀਂ ਕਿ ਜਾਨਵਰਾਂ ਦੀ ਨਕਲ ਤਾਂ ਕਰੋ ਪਰ ਬੰਦਿਆਂ ਦੀ ਨਹੀਂ ? ਸਾਫ਼ ਹੈ ਕਿ ਰਜਨੀਸ਼ ਉੱਪਰ ਅਤਿਵਾਦੀ ਉਲਾਰੂ ਵਿਚਾਰ ਹਮੇਸ਼ਾ ਛਾਏ ਰਹਿੰਦੇ ਹਨ। 'ਤੁਸੀਂ ਆਪਣਾ ਗਿਆਨ ਇੱਕ ਪਾਸੇ ਰੱਖ ਦਿਉ ਇਹ ਤੁਹਾਡੇ ਵਿਜ਼ਨ ਨੂੰ ਰੋਕੇਗਾ ਨਹੀਂ। ਇਹ ਤੁਹਾਡੇ ਤੇ ਯਥਾਰਥ ਦੇ ਦਰਮਿਆਨ ਨਹੀਂ ਆਵੇਗਾ। ਤੁਹਾਨੂੰ ਯਥਾਰਥ ਪਾਸ ਨੰਗਿਆਂ ਜਾਣਾ ਪਵੇਗਾ। ਜੇ ਤੁਹਾਡੇ ਤੇ ਯਥਾਰਥ ਵਿੱਚ ਕਿਤਾਬਾਂ ਹੋਣਗੀਆਂ, ਤਾਂ ਜੋ ਵੀ ਤੁਸੀਂ ਵੇਖੋਗੇ, ਉਹ ਅਸਲੀ ਨਹੀਂ ਹੋਵੇਗਾ।" (ਪੰਨਾ 692) ਇਹ ਹੈ ਰਜਨੀਸ਼ ਦਾ ਤੀਜਾ ਸੁਝਾਅ, "ਗਿਆਨ ਤੋਂ ਬਚੋ।" ਇਸ ਦਾ ਅਰਥ ਇਹ ਵੀ ਹੈ ਕਿ ਅਗਿਆਨ ਨੂੰ ਅਪਣਾਓ। ਰਜਨੀਸ਼ ਨਾਲੋਂ ਦੂਸਰੇ ਧਰਮ ਵਧੇਰੇ ਯਥਾਰਥਕ ਹਨ। ਉਹ ਗਿਆਨ ਦੀ ਤੋਤੇ_ਰਟਣੀ ਨੂੰ ਨਿੰਦਦੇ ਹਨ। ਉਹ ਗਿਆਨ ਨਾਲ, ਬਗਾਨੇ ਗਿਆਨ ਨਾਲ ਕਚਕੌਲ ਭਰਨ ਦੀ ਥਾਂ (ਭਾਈ ਵੀਰ ਸਿੰਘ) "ਵਿੱਦਿਆ ਵਿਚਾਰੀ ਤਾਂ ਪਰਉਪਕਾਰੀ" ਦਾ ਸੁਝਾਅ ਦਿੰਦੇ ਹਨ। ਰਜਨੀਸ਼ ਦਾ ਸੁਝਾਅ ਅਸਲ ਵਿੱਚ ਅਜੋਕੇ ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਨੂੰ ਦੇਖ ਕੇ ਬਣਿਆ ਹੈ, ਜਿਸਨੂੰ ਉਹ "Most snobbsih trbie ni the whole world" ਕਹਿੰਦਾ ਹੈ। ਕਹਿਣਾ ਇੰਨਾ ਹੀ ਬਣਦਾ ਹੈ ਕਿ ਗਿਆਨ ਦਾ ਅਰਜਕ ਆਲੋਚਨਾਤਮਕ ਹੋਣਾ ਚਾਹੀਦਾ ਹੈ ਤੇ ਮਨੁੱਖ ਦੇ ਆਪਣੇ ਮੌਲਿਕ ਵਿਚਾਰ ਹੋਣੇ ਚਾਹੀਦੇ ਹਨ। ਨਾ ਕਿ ਗਿਆਨ ਨੂੰ ਚਿਮਟੇ ਨਾਲ ਚੁੱਕੋ। ਜੇ ਸਾਰੇ ਲੋਕ ਤੁਹਾਡੇ ਵਰਗੇ ਧਿਆਨੀ ਹੋ ਜਾਣ, ਐਸ਼ਪ੍ਰਸਤ ਹੋ ਜਾਣ, ਵਿਅਕਤੀਵਾਦੀ ਹੋ ਜਾਣ ਤਾਂ ਅੱਜ ਜੋ ਸਮਾਜ ਹੈ, ਜੋ ਵਿਗਿਆਨਕ ਵਿਕਾਸ ਹੈ, ਉਹ ਸੰਭਵ ਵੀ ਨਹੀਂ ਹੁੰਦਾ, ਤੇ ਜੋ ਹੈ ਉਹ ਵੀ ਮੁੜ ਜਾਂਗਲੀ ਹੋ ਜਾਵੇਗਾ ਜੇ ਤੁਹਾਡੇ 'ਪਵਿਤ੍ਰ' ਸ਼ਬਦਾਂ ਉੱਪਰ ਫੁੱਲ ਚੜ੍ਹਾਏ ਜਾਣ ਤਾਂ। ਜਿਵੇਂ ਭਗਤੀ ਅੰਦੋਲਨ ਨੇ ਥੋਥੇ ਗਿਆਨ ਵਿਰੁੱਧ ਭਗਤੀ ਦੀ ਪ੍ਰਾਥਮਿਕਤਾ ਨੂੰ ਪ੍ਰਵਾਨ ਕੀਤਾ, ਇਵੇਂ ਹੀ ਰਜਨੀਸ਼ ਨੇ ਬੇਗਾਨੇ (ਗੈਰਮੌਲਿਕ) ਵਿਚਾਰਾਂ ਨੂੰ ਗ੍ਰਹਿਣ ਕਰਨ ਦੀ ਥਾਂ ਧਿਆਨ ਉੱਪਰ ਬਲ ਦਿੱਤਾ। ਪਰ ਰਜਨੀਸ਼ ਦੀ ਪ੍ਰਵਿਰਤੀ ਦੂਸਰੀ ਸਿਖ਼ਰ 'ਤੇ ਜਾਣ ਦੀ ਹੈ। ਯਥਾਰਥ ਦਾ ਸਾਹਮਣਾ ਕਰਨ ਲਈ ਗਿਆਨ ਨੂੰ ਇੱਕ ਪਾਸੇ ਕਰ ਦਿਉ। ਜੇ ਪ੍ਰਾਕ੍ਰਿਤਕ ਯਥਾਰਥ ਦਾ ਸਾਹਮਣਾ ਕਰਨ ਸਮੇਂ ਸੂਰਜ ਗ੍ਰਹਿਣ ਦੇ ਵਿਗਿਆਨਕ ਗਿਆਨ ਨੂੰ ਇੱਕ ਪਾਸੇ ਕਰ ਦਿੱਤਾ ਜਾਵੇ, ਧਰਤੀ ਦੇ ਸੂਰਜ ਗਿਰਦ ਘੁੰਮਣ ਦੇ ਗਿਆਨ ਤੋਂ ਲੈ ਕੇ ਖਾਣ ਪੀਣ ਆਦਿ ਦੇ ਡਾਕਟਰੀ ਗਿਆਨ ਨੂੰ ਇੱਕ ਲਾਂਭੇ ਕਰ ਦਿੱਤਾ ਜਾਵੇ, ਤਾਂ ਪ੍ਰਕ੍ਰਿਤੀ ਨਾਲ ਸਾਡਾ ਸਰੋਕਾਰ ਆਦਿ ਮਾਨਵ ਵਾਲਾ ਰਹਿ ਜਾਵੇਗਾ। ਤੁਸੀਂ ਵਿਗਿਆਨ ਹੀ ਤਿਆਗ ਦਿੱਤਾ ਤਾਂ ਤੁਸੀਂ ਯਥਾਰਥ ਤੋਂ ਕੀ ਭਾਲੋਗੇ ? ਛਿੱਕੂ। ਜੇ ਕਿਤਾਬਾਂ ਵਿਚਕਾਰ ਹੋਣਗੀਆਂ ਤਾਂ ਯਥਾਰਥ ਅਸਲੀ ਨਹੀਂ ਹੋਵੇਗੀ। ਕਿੰਨੇ ਸੁਹਣੇ ਵਿਚਾਰ ਹਨ ਤੇ ਕਿੰਨੇ ਬਕਵਾਸੀ। ਹੁਣ ਤੱਕ ਗ੍ਰਹਿਣ ਕੀਤੇ ਵਿਗਿਆਨਕ ਵਿਚਾਰਾਂ ਤੋਂ ਬਗੈਰ

ਯਥਾਰਥ ਦੇ ਸਨਮੁੱਖ ਹੋਣ ਦਾ ਅਰਥ ਹੈ ਗ਼ੈਰ ਵਿਗਿਆਨਕ ਹੋਣਾ। ਕੀ ਰਜਨੀਸ਼ ਸਾਨੂੰ ਗ਼ੈਰ ਵਿਗਿਆਨਕ ਹੋਣ ਲਈ ਉਤਸ਼ਾਹਿਤ ਨਹੀਂ ਕਰ ਰਿਹਾ? ਭਗਤੀ 'ਪੜਿ ਪੜਿ ਗਡੀ ਲਦੀਅਹਿ, ਪੜਿ ਪੜਿ ਗਡੀਅਹਿ ਖਾਤ। ਪੜਿ ਪੜਿ ਬੇੜੀ ਪਾਈਅਹਿ, ਪੜਿ ਪੜਿ ਲਦੀਅਹਿ ਸਾਥ। ਪੜੀਹਿ ਜੇਤੇ ਬਰਸਿ ਬਰਸਿ ਪੜੀਅਹਿ ਜੇਤੇ ਮਾਸ। ਨਾਨਕ ਲੇਖੈ ਇਕ ਗੱਲ ਹੋਰ ਹਉਮੈ ਝਖਣਾ ਝਾਖ' ਦਾ ਪਾਠ ਪੜ੍ਹਾਉਂਦੀ ਹੈ, ਰਜਨੀਸ਼ ਇਸਦਾ ਵੀ ਅਤਿਭਾਵੀ ਰੂਪ ਪੇਸ਼ ਕਰਦਾ ਹੈ, ਪਰ ਮਨੁੱਖਤਾ ਇਹ ਸਭ ਕੁਝ ਸੁਣਦੀ ਹੋਈ ਵੀ ਆਪਣੇ ਰਸਤੇ ਤੇ ਤੁਰੀ ਜਾ ਰਹੀ ਹੈ ਤੇ ਤੁਰੀ ਜਾਵੇਗੀ। ਮਨੁੱਖ ਗਿਆਨ ਦੇ ਉਬੜ_ਘਾਬੜ ਰਸਤਿਆਂ ਦੇ ਰਾਹੀਂ ਜਾਨ ਦੀਆਂ ਬਾਜ਼ੀਆਂ ਲਾ ਕੇ ਤੁਰੇ ਰਹਿਣਗੇ।

ਚੌਥੇ ਸੁਝਾਅ ਨਾਲ ਸਾਰੇ ਪਦਾਰਥਵਾਦੀ ਸਹਿਮਤ ਹਨ। ਜੇ ਰੱਬ ਨਹੀਂ, ਦੇਵੀ ਦੇਵਤੇ ਨਹੀਂ ਤਾਂ ਅਰਦਾਸ ਕਿਸਨੂੰ ਕਰੋਗੇ ? ਇਸਦੀ ਥਾਂ ਰਜਨੀਸ਼ ਨੇ ਦ੍ਰਿਸ਼ਟੀਮਾਨ ਮਾਨਵ, ਪਸ਼ੂ, ਦ੍ਰਖ਼ਤਾਂ, ਦਰਿਆਵਾਂ,ਪਹਾੜਾਂ ਨੂੰ ਪਿਆਰ ਕਰਨ ਦੀ ਗੱਲ ਕਹੀ ਹੈ। ਪਰ ਇਹ ਪਿਆਰ ਸਵੈ ਪਿਆਰ ਨਾਲੋਂ ਤੀਬਰ ਨਹੀਂ ਹੈ। ਦੂਸਰੀਆਂ ਥਾਵਾਂ ਤੇ ਵਿਅਕਤੀਵਾਦ ਭਾਰੂ ਹੋ ਜਾਂਦਾ ਹੈ ਇਸ ਲਈ ਇਹ ਪਿਆਰ ਢੋਂਗ ਬਣ ਕੇ ਰਹਿ ਜਾਂਦਾ ਹੈ। ਜਦੋਂ ਰਜਨੀਸ਼ ਇਹ ਸੁਝਾਅ ਦਿੰਦਾ ਹੈ ਕਿ 'ਹਰ ਛਿਣ ਨੂੰ ਜੀਓ' ਚੰਗੇ ਮਾੜੇ ਦਾ ਵਿਚਾਰ ਨਾ ਕਰੋ, ਤਾਂ ਇੱਕ ਪਾਸੇ ਸਮਾਜ ਦੀ ਤਤਕਾਲੀਨ ਤਣਾਉ ਯੁਕਤ ਜ਼ਿੰਦਗੀ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਦੂਸਰੇ ਪਾਸੇ ਸਮੇਂ ਸੰਬੰਧੀ ਵਿਚਾਰ ਪੇਸ਼ ਹਨ ਤੇ ਤੀਸਰੇ ਇਸਦਾ ਹੱਲ, 'ਧਿਆਨ 'ਚ ਰਹਿਣਾ, ਹੁਣ ਵਿੱਚ ਜੀਣਾ ਹੈ' ਵੀ ਦਿੱਤਾ ਗਿਆ ਹੈ। ਕੋਈ ਮਾਨਸਿਕ ਤੌਰ ਤੇ ਪ੍ਰੇਸ਼ਾਨ ਵਿਅਕਤੀ ਆਪਣੇ ਭੂਤ ਨਾਲ ਦੀਆਂ ਮੰਦੀਆਂ ਘਟਨਾਵਾਂ ਤੋਂ ਛੁਟਕਾਰਾ ਨਾ ਪਾ ਸਕਦਾ ਹੋਵੇ, ਜਾਂ ਕੋਈ ਮਰੀਜ਼ ਆਪਣੇ ਭਵਿੱਖ ਨੂੰ ਲੈ ਕੇ ਚਿੰਤਾ ਗ੍ਰਸਤ ਰਹਿੰਦਾ ਹੋਵੇ ਤਾਂ ਉਸ ਲਈ ਇਹ ਸੁਝਾਅ ਸਾਰਥਕ ਹੋ ਸਕਦਾ ਹੈ। ਪਰ ਥੋੜ੍ਹੀ ਦੇਰ ਲਈ। ਦਵਾਈਆਂ ਦੇ ਕੇ ਨੀਂਦ ਲਿਆ ਕੇ ਮਾਨਸਿਕ ਤਣਾਓ ਨੂੰ ਡਾਕਟਰ ਦੂਰ ਕਰੇਗਾ, ਪਰ ਇਸਦਾ ਅਰਥ ਇਹ ਨਹੀਂ ਕਿ ਭੂਤ ਵਿੱਚ ਵਾਪਰੀਆਂ ਘਟਨਾਵਾਂ ਖ਼ਤਮ ਹੋ ਗਈਆਂ ਹਨ ਅਤੇ ਭਵਿੱਖ ਵਿੱਚ ਚਿੰਤਾ ਖ਼ਤਮ ਹੋ ਗਈ ਹੈ। ਇਹ ਮਸਲਾ ਵਿਅਕਤੀਗਤ ਹੈ। ਪਰੰਤੂ ਸਮਾਜ, ਮਨੁੱਖਤਾ ਕਦੇ ਵੀ ਵਰਤਮਾਨ ਵਿੱਚ ਨਹੀਂ ਹੁੰਦੀ, ਉਹ ਵਰਤਮਾਨ ਵਿੱਚ ਵੀ ਭੂਤਕਾਲ ਦੀਆਂ ਉਪਲਬਧੀਆਂ ਛੁਪਾਈ ਬੈਠੇ ਹੁੰਦੀ ਹੈ। ਜਿਵੇਂ ਅੱਜ ਦੇ ਉਡਦੇ ਜਹਾਜ਼ ਉਸ ਮਨੁੱਖ ਦੀ ਇੱਛਾ ਛੁਪਾਈ ਬੈਠੇ ਹਨ ਜਿਸਨੇ ਪਹਿਲੀ ਵਾਰ ਪੰਛੀਆਂ ਦੇ ਪਰ ਬੰਨ੍ਹ ਕੇ ਉੱਪਰੋਂ ਛਾਲ ਮਾਰ ਕੇ ਜਾਨ ਦੇ ਦਿੱਤੀ। ਉਸਤੋਂ ਬਾਅਦ ਹਜ਼ਾਰਾਂ ਵਿਗਿਆਨੀਆਂ ਦੀਆਂ ਖੋਜਾਂ ਨੇ

ਜਹਾਜ਼ ਨੂੰ ਅੱਜ ਦੇ ਰੂਪ ਵਿੱਚ ਲਿਆਂਦਾ। ਇਸੇ ਤਰ੍ਹਾਂ ਵਰਤਮਾਨ, ਭੂਤਕਾਲ ਦੀਆਂ ਨਸਲਾਂ ਵਲੋਂ ਕੀਤੇ ਕੁਕਰਮਾਂ ਦਾ ਫਲ ਵੀ ਭੋਗਦਾ ਹੈ। ਭਾਰਤ ਵਿੱਚ ਜਾਤ ਪਾਤ ਦੇ ਸਰਾਪ ਨੂੰ ਕੀ ਅਸੀਂ ਅੱਜ ਨਹੀਂ ਭੋਗ ਰਹੇ। ਇਸ ਤਰ੍ਹਾਂ ਵਰਤਮਾਨ ਭਵਿੱਖ ਨੂੰ ਸਿਰਜਦਾ ਹੈ, ਆਪਣੀ ਚੰਗਿਆਈਆਂ ਬੁਰਿਆਈਆਂ ਉਸਦੇ ਪੱਲੇ ਪਾਉਂਦਾ ਹੈ। ਤਿੰਨਾਂ ਕਾਲਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਯਥਾਰਥਵਾਦੀ ਸੋਚ ਇਹ ਹੈ। ਪਰ ਰਜਨੀਸ਼ ਹਰ ਥਾਂ ਕੁਝ ਸਨਸਨੀਖੇਜ ਕਹਿਣ ਦੇ ਆਹਰ ਵਿੱਚ ਰਹਿੰਦਾ ਹੈ। ਉਹਦੀ ਸੁਣੋ, "ਹੋਂਦ ਇੱਕੋ ਕਾਲ ਜਾਣਦੀ ਹੈ, ਉਹ ਹੈ ਵਰਤਮਾਨ ਕਾਲ। ਭਾਸ਼ਾ ਨੇ ਤਿੰਨ ਕਾਲ ਸਿਰਜੇ ਹਨ ਅਤੇ ਤੁਹਾਡੇ ਮਨ ਵਿੱਚ ਦਸ ਤਣਾਓ ਪੈਦਾ ਕੀਤੇ ਹਨ।" (ਪੰਨਾ 697) ਹੈ ਨਾ ਕਮਾਲ, ਯਥਾਰਥ ਨੂੰ ਪ੍ਰਗਟਾਉਣ ਦਾ, ਸੋਚਾਂ ਨੂੰ ਸਾਂਭਣ ਦਾ। 'ਸਮਾਂ ਨਹੀਂ ਬੀਤਦਾ, ਅਸੀਂ ਬੀਤਦੇ ਹਾਂ' ਠੀਕ ਹੈ, ਇਸੇ ਨੂੰ ਧਿਆਨ ਵਿੱਚ ਰੱਖਕੇ ਸਮੇਂ ਦਾ ਸੰਕਲਪ ਹੋਂਦ ਵਿੱਚ ਆਉਂਦਾ ਹੈ, ਇਸ ਲਈ ਸਮਾਂ ਸਥਾਨ ਦੀ ਇਕੱਠੀ ਗੱਲ ਕੀਤੀ ਜਾਂਦੀ ਹੈ। ਜੇ ਦਾਰਸ਼ਨਿਕ ਰੁਖ ਅਪਣਾਇਆ ਜਾਵੇ ਤਾਂ ਰਜਨੀਸ਼ ਦੇ ਉਲਟ ਇਹ ਵੀ ਕਿਹਾ ਜਾ ਸਕਦਾ ਹੈ ਕਿ ਛਿਣ ਇੱਕ ਰੇਖਾ ਹੈ ਇਸਦੇ ਇੱਕ ਪਾਰ ਭੂਤਕਾਲ ਹੈ ਤੇ ਦੂਸਰੇ ਪਾਸੇ ਭਵਿੱਖ। ਵਰਤਮਾਨ ਕਾਲ ਤਾਂ ਹੈ ਹੀ ਕੁਝ ਨਹੀਂ, ਇਹ ਤਾਂ ਭੂਤ ਤੇ ਭਵਿੱਖ ਦਾ ਸੰਗਮ_ਸਥੂਲ ਹੈ। ਪਰ ਅਸੀਂ ਯਥਾਰਥਵਾਦੀ ਹਾਂ, ਇਸ ਤਰ੍ਹਾਂ ਦੀ ਸਨਸਨੀਖੇਜ਼ ਲਫਾਜ਼ੀ ਕਰਨੀ ਸਾਡਾ ਮੰਤਵ ਨਹੀਂ ਹੈ। ਯਥਾਰਥ ਹੈ, ਸੋਚ ਹੈ ਤਾਂ ਭਾਸ਼ਾ ਉਸਨੂੰ ਪ੍ਰਗਟਾਉਣ ਲਈ ਰਚੀ ਜਾਵੇਗੀ। ਭਾਸ਼ਾ ਖਲਾਅ ਵਿਚੋਂ ਪੈਦਾ ਨਹੀਂ ਹੁੰਦੀ।

ਰਜਨੀਸ਼ ਭਾਸ਼ਾ ਨਾਲ ਅਜਿਹਾ ਖਿਲਵਾੜ ਆਮ ਕਰਦਾ ਹੈ। ਜਿਵੇਂ ਅਨੇਕਾਂ ਥਾਵਾਂ ਤੇ 'ਰੱਬ' ਤੋਂ ਤਾਂ ਇਨਕਾਰੀ ਹੈ, ਪਰ 'ਰੱਬਤਾ' ਨੂੰ ਆਪਣਾ ਨਿਸ਼ਾਨਾ ਮੰਨਦਾ ਹੈ। ਕਹਿੰਦਾ ਹੈ ਕਿ ਨਾਂਵ ਤਾਂ ਲੋਕਾਂ ਨੇ, ਭਾਸ਼ਾ ਨੇ ਸਿਰਜੇ ਹਨ। ਅਸਲੀ ਗੱਲ ਵਿਸ਼ੇਸ਼ਣ ਦੀ ਹੈ। ਭਲੇ ਮਾਣਸ ਨੂੰ ਕੋਈ ਪੁੱਛੇ ਨਾਮ ਤੋਂ ਬਗ਼ੈਰ ਵਿਸ਼ੇਸ਼ਣ ਕਿਵੇਂ ਹੋਂਦ ਵਿੱਚ ਆ ਸਕਦਾ ਹੈ ? ਮਨੱੁਖ ਨੇ ਰੱਬ ਦੀ ਹੋਂਦ ਨੂੰ ਸਵੀਕਾਰ ਕੀਤਾ ਤਾਂ ਹੀ, 'ਰੱਬਤਾ' 'ਰੱਬੀ' 'ਰੱਬ ਵਰਗਾ' ਆਦਿ ਸ਼ਬਦ ਹੋਂਦ ਵਿੱਚ ਆਏ। ਤੁਸੀਂ ਰੱਬ ਤੋਂ ਇਨਕਾਰ ਕਰੋਗੇ ਤਾਂ ਬਾਕੀ, ਸਾਰੇ ਵਿਸ਼ੇਸ਼ਣ ਨਿਰਾਰਥਕ ਹੋ ਜਾਣਗੇ, ਪਰੰਤੂ ਮੁਹਾਵਰੇ ਦੇ ਤੌਰ ਤੇ ਉਹ ਕਾਫੀ ਸਮਾਂ ਬਾਦ ਤੱਕ ਜਾਰੀ ਰਹਿੰਦੇ ਹਨ। ਯਥਾਰਥ ਇਹ ਹੈ। ਇਹੋ ਜਿਹਾ ਮਦਾਰੀਪੁਣਾ ਕਈ ਵਾਰ ਲੋਕਾਂ ਨੂੰ ਕੀਲ ਲੈਂਦਾ ਹੈ, ਪਰ ਵਿਸ਼ਲੇਸ਼ਣ ਸਮੇਂ ਉਹ ਕਿਤੇ ਨਹੀਂ ਠਹਿਰਦਾ। ਸਾਰੇ ਹੀ ਯਥਾਰਥਵਾਦੀ ਅਗਲੇ ਪਿਛਲੇ ਜਨਮ ਨੂੰ ਪ੍ਰਵਾਨ ਨਹੀਂ ਕਰਦੇ (ਰਜਨੀਸ਼ ਇਸ ਦੀ ਚਰਚਾ ਘੱਟ ਹੀ ਕਰਦਾ ਹੈ), ਸਵਰਗ_ਨਰਕ ਨੂੰ ਨਹੀਂ ਮੰਨਦੇ, ਇਸ ਲਈ ਉਹ ਇਸ ਜੀਵਨ ਨੂੰ ਭਰਪੂਰਤਾ ਵਿੱਚ ਮਾਣਣ ਦੀ ਗੱਲ

ਕਰਦੇ ਹਨ। ਚਾਰਵਾਕੀਆਂ ਨਾਲ ਤਾਂ ਐਸ਼ਪ੍ਰਸਤੀ ਦੇ ਸਾਰੇ ਚਿੰਨ੍ਹ ਇਸੇ ਲਈ ਜੋੜ ਰੱਖੇ ਹਨ। ਵਿਅਕਤੀਗਤ ਤੌਰ ਤੇ ਤਣਾਓ ਘੱਟ ਕਰਨ ਲਈ ਰਜਨੀਸ਼ ਦੀ ਇਹ ਉਪਰੋਕਤ ਸਲਾਹ ਕਾਰਗਰ ਸਿੱਧ ਹੋ ਸਕਦੀ ਹੈ, ਪਰ ਦਾਰਸ਼ਨਿਕ ਪੱਧਰ ਤੇ ਇਸਦਾ ਥੋਥਾਪਣ ਜ਼ਾਹਰ ਹੈ। ਜਿਵੇਂ ਰੱਬ ਨੂੰ ਸਾਰੇ ਮਾਨਵੀ ਗੁਣਾਂ ਦਾ ਮੁਜੱਸਮਾ ਬਣਾ ਕੇ ਮਨੁੱਖ ਨੇ ਸਰਬ ਸਮਰੱਥ ਬਣਾ ਦਿੱਤਾ ਹੈ ਤੇ ਪਕ੍ਰਿਤੀ ਨੂੰ ਉਸਦੇ ਅਧੀਨ ਕਰਕੇ ਸਾਰੇ ਪ੍ਰਕ੍ਰਿਤੀ ਦੇ ਕਰੋਪਾਂ ਨੂੰ ਵੀ ਉਸੇ ਦਾ ਹੁਕਮ ਮੰਨ ਕੇ ਪ੍ਰਵਾਨ ਕਰਦਾ ਹੈ ਤੇ ਉਸ ਤੋਂ ਡਰਦਾ ਵੀ ਹੈ। ਪਰ ਇਸ ਪ੍ਰਕ੍ਰਿਤੀ ਦੇ ਪ੍ਰਕੋਪ ਨੂੰ ਬਦਲਣ ਵਾਲੇ, ਸਾਰੇ ਦੁੱਖਾਂ ਦਾ ਨਾਸ਼ ਕਰਨ ਵਾਲਾ ਮਹਾਂਮਾਨਵ ਦੀ ਸਿਰਜਣਾ ਵੀ ਮਾਨਵ ਨੇ ਹੀ ਕੀਤੀ ਹੈ। ਭਾਰਤੀ ਮਿੱਥ ਜਗਤ ਵਿੱਚ 24 ਅਵਤਾਰਾਂ ਦੀ ਸਿਰਜਣਾ ਇਸੇ ਦ੍ਰਿਸ਼ਟੀ ਤੋਂ ਹੀ ਕੀਤੀ ਗਈ ਹੈ। ਲੋਕ_ਕਲਪਨਾ ਅਨੁਸਾਰ ਤੇਈ ਅਵਤਾਰ ਹੋ ਚੁੱਕੇ ਹਨ, 'ਕਲਕੀ' ਅਵਤਾਰ ਨੇ ਭਵਿੱਖ ਵਿੱਚ ਆਉਣਾ ਹੈ। ਅਸਲ ਵਿੱਚ ਮਿੱਥਾਂ ਦੀ ਸਿਰਜਣਾ ਰਾਹੀਂ ਜਾਂ ਮਹਾਂਮਾਨਵਾਂ ਰਾਹੀਂ ਮਨੁੱਖ ਆਪਣੀਆਂ ਸਰੀਰਕ ਤੇ ਮਾਨਸਿਕ ਕਮਜ਼ੋਰੀਆਂ ਉੱਪਰ ਜਿੱਤ ਹਾਸਲ ਕਰਨੀ ਚਾਹੁੰਦਾ ਹੈ। ਉਹ ਕਿਸੇ ਇਤਿਹਾਸਕ ਪੜਾਅ ਉੱਪਰ ਇਕ ਮਹਾਮਾਨਵ ਦੀ ਸਿਰਜਣਾ ਕਰਦਾ ਹੈ, ਤਾਂ ਦੂਸਰੇ ਇਤਿਹਾਸਕ ਪੜਾਅ ਉੱਪਰ ਦੂਸਰੇ ਮਹਾਂਮਾਨਵ ਦੀ। ਇਸੇ ਲਈ ਇਹ 'ਮਹਾਂਮਾਨਵ' ਵੀ ਵੇਲੇ ਦੇ ਸਦਾਚਾਰਕ ਮੁੱਲਾਂ ਦੇ ਧਾਰਨੀ ਹੁੰਦੇ ਹਨ। ਉਨ੍ਹਾਂ ਦੇ ਇਹ ਸਦਾਚਾਰਕ ਰੂਪ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਪ੍ਰਭਾਵਿਤ ਕਰਦੇ ਹਨ। ਜਦੋਂ ਰਜਨੀਸ਼ 'ਮਹਾਂਮਾਨਵ' ਦੀ ਗੱਲ ਕਰਦਾ ਹੈ ਉਸਦੇ ਸਾਹਮਣੇ ਇੱਕ ਪਾਸੇ ਮਹਾਂਵੀਰ, ਮਸੀਹ ਤੇ ਬੱੁਧ ਹਨ ਤੇ ਦੂਸਰੇ ਪਾਸੇ ਨਿਤਸ਼ੇ ਦਾ 'Superman' ਕਿਸੇ ਵੀ ਇਤਿਹਾਸਕ ਪੜਾਅ ਤੇ ਆਮ ਮਨੁੱਖ ਨੂੰ ਅਜਿਹੀ ਕਲਪਣਾ ਕਰਨ ਤੋਂ ਨਹੀਂ ਰੋਕਿਆ ਜਾ ਸਕਦਾ, ਅਜੋਕਾ 'ਸੁਪਰਮੈਨ' ਬ੍ਰਹਿਮੰਡਾਂ ਵਿੱਚ ਘੁੰਮਦਾ, ਸਾਇੰਸ ਤੇ ਤਕਨਾਲੋਜੀ ਦੇ ਆਸਰੇ ਅਸਾਧਾਰਣ ਜੀਵਾਂ ਨਾਲ ਟਕਰਾਉਂਦਾ ਹੈ। ਕੰਪਿਊਟਰ ਯੁੱਗ ਵਿੱਚ ਇਸੇ ਤਰ੍ਹਾਂ ਦੇ ਮਹਾਂਮਾਨਵਾਂ ਦੀ ਸਿਰਜਣਾ ਹੋ ਸਕਦੀ ਹੈ। ਪਰ ਰਜਨੀਸ਼ ਇਸ ਤੱਥ ਨੂੰ ਜਾਣ ਬੁੱਝ ਕੇ ਪ੍ਰਵਾਨ ਨਹੀਂ ਕਰਨਾ ਚਾਹੁੰਦਾ। 'ਪਰ ਤੁਸੀਂ ਮਾਨਵ ਮਾਤਰ ਬਣਨਾ ਹੈ।' ਇਸ ਗੱਲ ਨੂੰ ਖਿੜੇ ਮੱਥੇ ਪ੍ਰਵਾਨ ਕਰੋ ਕਿ ਤੁਸੀਂ ਮਨੁੱਖ ਹੋ 'ਕੇਵਲ ਪ੍ਰਮਾਣਿਕ ਮਨੁੱਖ ਬਣੋ' (ਪੰਨਾ 710) ਜੇ ਪ੍ਰਮਾਣਕ ਮਨੁੱਖ ਹੀ ਬਣਨਾ ਹੈ ਫਿਰ ਤਿੰਨ ਪੱਧਰਾਂ ਦੀਆਂ ਸਰੀਰਕ ਸ਼ਕਤੀਆਂ ਜਗਾਉਣ ਦੀ ਕੀ ਲੋੜ ਹੈ ? ਧਿਆਨ ਰਾਹੀਂ ਦੂਜੇ ਦੇ ਮਨ ਨੂੰ ਪੜ੍ਹਨ ਦੀ ਸਮਰੱਥਾ ਪ੍ਰਾਪਤ ਕਰਨ ਜਾਂ ਕਿਸੇ ਨੂੰ ਵੀ ਆਪਣੇ ਅਨੁਸਾਰ ਚਲਾਉਣ ਜਾਂ ਮਾਰਨ ਜੀਉਣ ਦੀ ਕਲਾ ਸਿੱਖਣ ਦੀ ਕੀ ਲੋੜ ਹੈ ? ਰਜਨੀਸ਼ ਦੇ ਚੇਲਿਆਂ ਨੂੰ 'ਇਨਲਾਈਟਨਮੈਂਟ' ਪ੍ਰਾਪਤ ਕਰਨ ਦਾ ਕਮਲ ਕਿਉਂ ਚੜ੍ਹਿਆ ਹੋਇਆ ਹੈ। ਜੇ ਮਨੁੱਖ

ਨੂੰ ਮਹਾਂਵੀਰ, ਬੁੱਧ, ਮਸੀਹ ਨਹੀਂ ਬਣਨਾ ਚਾਹੀਦਾ ਤਾਂ ਰਜਨੀਸ਼ ਦੇ ਅਫਲਾਤੂਨੀ ਜਿਹੇ ਵਿਚਾਰਾਂ ਮਗਰ ਲੱਗ ਕੇ ਉਸ ਵਰਗਾ ਆਚਰਣ ਕਰਨ ਦੀ ਕੀ ਲੋੜ ਹੈ। ਕਥਨ ਬੜੇ ਯਥਾਰਥਕ ਹਨ, ਪਰ ਥੀਊਰੀ ਤੇ ਪ੍ਰੈਕਟਸ ਵਿੱਚ ਇਹ ਏਨਾ ਪਾੜਾ ਕਿਉਂ ਹੈ ? ਇਹ ਪ੍ਰਸ਼ਨ ਤਾਂ ਪੁੱਛਿਆ ਹੀ ਜਾ ਸਕਦਾ ਹੈ।

ਜਦੋਂ ਕੋਈ ਚੀਜ਼ ਅਪ੍ਰਾਕ੍ਰਿਤਕ ਹੋ ਜਾਵੇ ਹੱਦੋਂ ਵਧ ਜਾਵੇ ਤਾਂ ਉਸਦਾ ਵਿਰੋਧ ਉਸਦੇ ਅੰਦਰੋਂ ਹੀ ਉੱਠਦਾ ਹੈ ਤੇ ਪੁਰਾਣੇ ਦਾ ਨਾਸ਼ ਹੁੰਦਾ ਹੈ ਤੇ ਨਵੀਨਤਾ ਦਾ ਆਰੰਭ। ਪ੍ਰਕ੍ਰਿਤੀ ਇਵੇਂ ਵਿਰੋਧ ਵਿਕਾਸੀ ਸਿਧਾਂਤ ਅਨੁਸਾਰ ਚੱਲਦੀ ਹੈ ਤੇ ਸਮਾਜਵਾਦੀ ਧਰਮ ਤੇ ਵਿਅਕਤੀ ਵੀ ਇਸ ਤੋਂ ਉੱਪਰ ਨਹੀਂ ਹਨ। ਰਜਨੀਸ਼ ਧਾਰਮਿਕ ਦਾ ਵਿਰੋਧ ਵੀ ਕੁਝ ਇਸ ਤਰ੍ਹਾਂ ਹੀ ਕਰ ਰਿਹਾ ਹੈ। ਜੈਨੀ ਹੋਣ ਨਾਤੇ ਉਸਨੇ ਨਾ ਕੇਵਲ ਤੀਰਥੰਕਰਾਂ ਨੂੰ ਸਰੀਰ ਸਾਧਦੇ, ਭੁੱਖੇ ਰਹਿੰਦਿਆਂ ਸੁਣਿਆ ਹੈ ਸਗੋਂ ਆਪਣੇ ਆਲੇ ਦੁਆਲੇ ਸਮਾਜ ਵਿੱਚ ਪਰਿਵਾਰ ਵਿੱਚ ਵੀ ਇਹ ਕੁਝ ਹੁੰਦਾ ਵੇਖਿਆ ਹੈ। ਇਸਦੇ ਨਾਲ ਹੀ ਮੁਸਲਮਾਨਾਂ ਦੇ ਰੋਜ਼ੇ, ਯੋਗੀਆਂ ਦੇ ਹੱਠ ਵੀ ਆ ਮਿਲਦੇ ਹਨ। ਜਿਸਤੋਂ ਉਸਦਾ ਵਿਚਾਰ ਹੋਂਦ ਵਿੱਚ ਆਉਂਦਾ ਹੈ ਕਿ ਪ੍ਰਾਕ੍ਰਿਤਕ ਵਿਰੋਧ ਵਿੱਚ ਮਹਾਤਮਾ ਬੁੱਧ ਦੀ ਅਹਿੰਸਾ ਆਉਂਦੀ ਹੈ। ਇਹ ਸਭ ਕੁਝ ਕੁਦਰਤੀ ਹੈ। ਪਰੰਤੂ ਕਈ ਵਾਰ ਅਤਿ ਦੇ ਮੁਕਾਬਲੇ ਦੂਸਰਾ ਅਤਿ ਵੀ ਆ ਜਾਂਦਾ ਹੈ। ਵੈਦਿਕ ਅਤਿ ਦੀ ਹਿੰਸਾ ਦੇ ਮੁਕਾਬਲੇ ਮਹਾਤਮਾ ਬੁੱਧ, ਮਹਾਂਵੀਰ ਦੀ ਅਤਿ ਦੀ ਅਹਿੰਸਾ ਆ ਜਾਂਦੀ ਹੈ। ਰਜਨੀਸ਼ ਨਾਲ ਵੀ ਕੁਝ ਅਜਿਹਾ ਹੀ ਹੋਇਆ ਹੈ। ਉਹ ਧਰਮਾਂ ਨਾਲ ਲੜਦਾ ਲੜਦਾ ਦੂਸਰੇ ਸਿਖ਼ਰ 'ਤੇ ਪਹੁੰਚ ਜਾਂਦਾ ਹੈ। ਇਹੀ ਕੁਝ "ਪ੍ਰਾਕ੍ਰਿਤਕ ਬਣੋ, ਆਪਣੇ ਸਰੀਰ ਨਾਲ ਲੜਾਈ ਨਾ ਕਰੋ" ਦੇ ਵਿਚਾਰ ਨਾਲ ਹੋਇਆ ਹੈ।

ਉਹ ਕਹਿੰਦਾ ਹੈ, "ਲਹਿਰਾਂ ਦੇ ਵਿਰੋਧ ਵਿੱਚ ਚੱਲਣ ਦੀ ਬਜਾਏ ਇਸਦੇ ਨਾਲ ਚਲੋ

ਪਹਿਲੀ ਚਰਚਾ ਵਿੱਚ ਰਜਨੀਸ਼ ਕਹਿੰਦਾ ਹੈ ਦੁਨੀਆਂ ਤੋਂ ਵੱਖ ਹੋਕੇ ਚਲੋ _ ਯੂਨੀਕ ਬਣੋ, ਪਰ ਇੱਥੇ ਕਹਿੰਦਾ ਹੈ ਦੁਨੀਆਂ ਦੇ ਨਾਲ ਚਲੋ ਉਸੇ ਵਰਗੇ ਬਣੋ ? ਜੀਵਨ ਨੂੰ ਗੁਜ਼ਰਨ ਦਿਓ। ਪਵਿੱਤਰ ਗ੍ਰੰਥ ਪਵਿਤ੍ਰ ਆਦਰਸ਼ ਕਿਸੇ ਦੇ ਨਾਂ ਤੇ ਵੀ ਆਪਣੀ ਇਕਸੁਰਤਾ ਭੰਗ ਨਾ ਕਰੋ।" (ਪੰਨਾ 720) ਇਹ ਵਿਚਾਰ ਆਪਣੇ ਆਪ ਵਿੱਚ ਗ਼ੈਰ ਕੁਦਰਤੀ ਹਨ। ਜੇ ਸਾਰੇ ਲੋਕ ਸਮਾਜਿਕ, ਰਾਜਨੀਤਕ ਧਾਰਮਿਕ ਲਹਿਰਾਂ ਦੇ ਨਾਲ ਹੀ ਵਹਿ ਜਾਣ, ਉਨ੍ਹਾਂ ਦੇ ਹੱਕ ਜਾਂ ਵਿਰੋਧ ਵਿੱਚ ਕੁਝ ਨਾ ਕਰਨ, ਕਿਸੇ ਗ੍ਰੰਥ ਜਾਂ ਆਦਰਸ਼ ਉੱਪਰ ਆਪਣੀ ਚਾਲ ਨਾ ਤਿਆਗਣ ਤਾਂ ਕੀ ਤੁਸੀਂ ਯਥਾਸਥਿਤੀਵਾਦੀ ਨਹੀਂ ਹੋ ? ਕੀ ਇਸ ਤਰ੍ਹਾਂ ਸਮਾਜਿਕ ਵਿਕਾਸ ਨੂੰ ਤੁਸੀਂ ਰੋਕ ਨਹੀਂ ਰਹੇ ? ਸ਼ਾਇਦ

ਇਹ ਕਿਹਾ ਜਾਏ ਕਿ ਸਰੀਰ ਦੇ ਸੰਬੰਧ ਵਿੱਚ ਕਹੀ ਗੱਲ ਨੂੰ ਪੂਰੇ ਸਮਾਜ ਉੱਪਰ ਢੁਕਾਉਣਾ ਠੀਕ ਨਹੀਂ। ਚਲੋ ਸਰੀਰ ਨੂੰ ਸੁੱਖ ਰਹਿਤ ਬਣਨ ਦਿਉ, ਉਸ ਨੂੰ ਕੁਦਰਤੀ ਨੇਮਾਂ ਵਿੱਚ ਚੱਲਣ ਦਿਓ।

ਪਰ ਜਿਸ ਸਮਾਜ ਵਿੱਚ ਤੁਸੀਂ ਰਹਿ ਰਹੇ ਹੋ ਉਸ ਵਿਚ ਇਹ ਕੁਝ ਸੰਭਵ ਹੈ ? ਜਿਸ ਪਰਿਵਾਰ ਵਿੱਚ ਇਕ ਵੇਲੇ ਰੋਟੀ ਪਕਦੀ ਹੋਵੇ, ਉਸ ਪਰਿਵਾਰ ਦੇ ਜੀਆਂ ਦੇ ਸਰੀਰ ਇੱਕ ਵੇਲੇ ਖਾਣ ਦੇ ਆਦੀ ਹੁੰਦੇ ਹਨ। ਬਿਮਾਰ ਹੋਣ ਤੇ ਸਰੀਰ ਗ਼ੈਰ ਕੁਦਰਤੀ ਚਾਲ ਹੀ ਚੱਲਦਾ ਹੈ। ਕਈ ਵਾਰ ਬਿਪਤਾ ਸਮੇਂ ਸਰੀਰ ਨੂੰ ਕਈ ਚੀਜ਼ਾਂ ਦਾ ਤਿਆਗ ਕਰਨਾ ਪੈਂਦਾ ਹੈ, ਕਿਉਂਕਿ ਉਹ ਚੀਜ਼ਾਂ ਉਪਲੱਬਧ ਹੀ ਨਹੀਂ ਹੁੰਦੀਆਂ। ਗੱਲ ਕੀ ਸਮਾਜ ਤੇ ਪ੍ਰਕ੍ਰਿਤੀ ਦੀ ਲੜਾਈ ਵਿੱਚ, ਵਿਅਕਤੀ ਤੇ ਸਮਾਜ ਦੇ ਵਿਰੋਧ ਵਾਲੀ ਸਥਿਤੀ ਵਿੱਚ, ਇਤਿਹਾਸ ਦੀ ਦਵੰਦਾਤਮਕ ਤੌਰ ਸਮੇਂ ਸਰੀਰਾਂ ਨੂੰ ਲਹਿਰ ਦੇ ਵਿਰੋਧ ਵਿੱਚ ਚੱਲਣਾ ਪੈਂਦਾ ਹੈ, ਤੇ ਚੱਲਣਾ ਪੈਂਦਾ ਰਹੇਗਾ, ਇਹ ਕਿਸੇ ਵਿਅਕਤੀ ਵਿਸ਼ੇਸ਼ ਦੇ ਆਪਣੇ ਹੱਥ ਵਿੱਚ ਨਹੀਂ ਹੈ। ਰਹੀ ਗੱਲ ਕਿਸੇ ਵੀ ਧਰਮ ਗ੍ਰੰਥ ਜਾਂ ਆਦਰਸ਼ ਨੂੰ ਅਪਨਾਉਣ ਦੀ, ਇਹ ਵਿਚਾਰ ਵੀ ਆਪਣੇ ਆਪ ਵਿੱਚ ਗ਼ੈਰ_ਕੁਦਰਤੀ ਹੈ। ਤੁਸੀਂ ਕਿਸੇ ਵੀ ਗ੍ਰੰਥ ਨੂੰ, ਕਿਸੇ ਵੀ ਆਦਰਸ਼ ਨੂੰ ਮੂਲੋਂ ਹੀ ਮਨਫ਼ੀ ਨਹੀਂ ਕਰਦੇ ਕਿਉਂਕਿ ਇਨ੍ਹਾਂ ਦੀ ਹੋਂਦ ਇਤਿਹਾਸਕ ਕਾਰਣਾਂ ਕਰਕੇ ਸੰਭਵ ਹੋਈ ਹੈ। ਇਹ ਆਪਣੇ ਇਤਿਹਾਸਕ ਫਰਜ਼ ਨੂੰ ਨਿਭਾਉਂਦੇ ਹਨ ਤੇ ਅਗਲੇ ਸਮਾਜ ਤੱਕ ਆਪਣਾ ਪ੍ਰਭਾਵ ਜਾਰੀ ਰੱਖਦੇ ਹਨ। ਆਦਰਸ਼ਹੀਣਤਾ ਪਸ਼ੂਪੁਣਾ ਅਪਣਾਉਣ ਦੀ ਸਲਾਹ ਹੈ, ਮਾਨਵ ਦੇ ਵਿਕਾਸ ਨੂੰ ਅਵਰੁੱਧ ਕਰਨ ਦੀ ਚੇਸ਼ਟਾ ਹੈ। ਜੇ ਵਿਅਕਤੀ ਜਾਂ ਸਮਾਜ ਦੇ ਸਾਹਮਣੇ ਕੋਈ ਆਦਰਸ਼ ਹੀ ਨਾ ਹੋਵੇ ਤਾਂ ਜਿਵੇਂ ਹੈ ਉਸਨੂੰ ਉਵੇਂ ਰਹਿਣ ਦਿਉ ਦੀ ਗੱਲ ਪ੍ਰਵਾਨ ਕਰਨੀ ਪਵੇਗੀ। ਜੇ ਵਿਦਿਆਰਥੀ ਸਾਹਮਣੇ ਕੁਝ ਬਣਨ ਦਾ ਆਦਰਸ਼ ਨਾ ਹੋਵੇ ਤਾਂ ਉਹ ਰਾਤਾਂ ਜਾਗ ਕੇ (ਲਹਿਰ ਦੇ ਉਲਟ ਸਰੀਰ ਨੂੰ ਕਸ਼ਟ ਦੇ ਕੇ) ਮਿਹਨਤ ਨਾ ਕਰੇ। ਜੇ ਸਮਾਜ ਦੇ ਸਾਹਮਣੇ ਜਾਤ-ਰਹਿਤ, ਵਰਗ-ਰਹਿਤ, ਬੁਰਾਈਆਂ ਰਹਿਤ ਸਮਾਜ ਉਸਾਰਨ ਦਾ ਸੁਪਨਾ ਨਾ ਹੋਵੇ ਤਾਂ ਉਹ ਸਮੂਹਿਕ ਤੌਰ ਤੇ ਕਦੇ ਵੀ ਸੁਖ ਆਰਾਮ ਦਾ ਤਿਆਗ ਕਰਕੇ ਲੰਬੀਆਂ ਲੜਾਈਆ ਨਾ ਲੜੇ। ਸਰੀਰ ਨੇ ਪ੍ਰਕ੍ਰਿਤੀ ਦੇ ਵਿਰੋਧ ਵਿੱਚ ਆਪਣੇ ਬਚਾਅ ਲਈ ਨਾ ਸਿਰਫ ਹੱਥਾਂ ਨੂੰ ਵਰਤਣ ਦੀ ਹੀ ਜਾਚ ਸਿੱਖੀ ਹੈ, ਸਗੋਂ ਬਦਲਦੇ ਮੌਸਮਾਂ ਅਨੁਸਾਰ ਆਪਣੇ ਆਪਨੂੰ ਢਾਲ ਕੇ ਬਚਾਇਆ ਵੀ ਹੈ। ਇੱਕ ਸਮਾਜ ਨੇ ਆਪਣੇ ਵਿਚੋਂ ਹੀ ਆਪਣਾ ਵਿਰੋਧ ਸਿਰਜ ਕੇ ਨਵੇਂ ਸਮਾਜ ਦਾ ਸੁਪਨਾ ਸਿਰਜਿਆ ਤੇ ਪ੍ਰਵਾਣ ਚੜ੍ਹਾਇਆ ਹੈ, ਭਾਵੇਂ ਸੁਪਨੇ ਤੇ ਸਥਾਰਥ ਵਿੱਚ ਅੰਤਰ ਵੀ ਰਹਿ ਜਾਂਦਾ ਹੈ। ਇਸ ਲਈ ਉਪਰੋਕਤ ਵਿਚਾਰ ਦੇ ਅਧੂਰੇਪਣ ਨੂੰ ਕਿਸੇ ਕੀਮਤ ਤੇ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਸਗੋਂ ਕਿਹਾ ਜਾ

ਸਕਦਾ ਹੈ ਕਿ ਇਹ ਇੱਕ ਹੱਦ ਤੋਂ ਬਾਅਦ ਮਨੁੱਖ ਵਿਰੋਧੀ ਵਿਚਾਰ ਵੀ ਹੈ। "ਜੀਵਨ ਦੀ ਇੱਜ਼ਤ ਕਰੋ, ਆਦਰ ਕਰੋ, ਜ਼ਿੰਦਗੀ ਨਾਲੋਂ ਪਵਿੱਤਰ ਕੁਝ ਵੀ ਨਹੀਂ, ਜੀਵਨ ਤੋਂ ਦੈਵੀ ਹੋਰ ਕੁਝ ਨਹੀਂ।" (ਪੰਨਾ 722) ਇਨ੍ਹਾਂ ਵਿਚਾਰਾਂ ਨਾਲ ਘੱਟੋ_ਘੱਟ ਪਦਾਰਥਵਾਦੀਆਂ ਦਾ ਕਿਸੇ ਤਰ੍ਹਾਂ ਦਾ ਕੋਈ ਵਿਰੋਧ ਨਹੀਂ। ਸਾਰੇ ਪਦਾਰਥਵਾਦੀ ਪਹਿਲਾਂ ਹੀ ਇਸ ਉੱਪਰ ਬਲ ਦਿੰਦੇ ਰਹੇ ਹਨ। ਚਾਰਵਾਕ ਤੋਂ ਲੈ ਕੇ ਹੁਣ ਤੱਕ।

ਰਜਨੀਸ਼ ਦੀ ਇਸ ਗੱਲ ਨਾਲ ਵੀ ਕਿਸੇ ਨੂੰ ਕੋਈ ਇਤਰਾਜ਼ ਨਹੀਂ ਕਿ 'ਸਿਰਜਣਾਤਮਕ ਬਣੋ'। ਕਲਾ ਦੀ ਸਿਰਜਣਾ ਕਰੋ, ਸੰਗੀਤ ਦੀ ਸਿਰਜਣਾ ਕਰੋ, ਕਾਵਿ ਦੀ ਸਿਰਜਣਾ ਕਰੋ। ਪਰ ਵਿਰੋਧ ਇਸ ਸਵਾਲ ਉੱਪਰ ਹੈ ਕਿ ਇਹ ਸਿਰਜਣਾਤਮਕਤਾ ਕਿਸ ਲਈ? ਰਜਨੀਸ਼ ਦਾ ਸਿੱਧਾ ਜਵਾਬ ਹੈ ਕਿ "ਸਿਰਫ਼ ਆਪਣੀ ਖੁਸ਼ੀ ਲਈ।" ਇੱਥੇ ਸਿੱਧੇ ਤੌਰ ਤੇ "ਕਲਾ ਮਨੋਰੰਜਨ ਲਈ ਮਨ ਦੀ ਖੁਸ਼ੀ ਲਈ।" ਦਾ ਸਮਰਥਨ ਹੈ। ਪਰ ਇਹ ਸਿਧਾਂਤ ਉੱਚ ਵਰਗਾਂ ਦਾ ਹੋ ਸਕਦਾ ਹੈ, ਆਮ ਲੋਕਾਂ ਦਾ ਨਹੀਂ। ਕਲਾ ਦਾ ਮੰਤਵ ਉਪਯੋਗਤਾ ਤੋਂ ਲੈ ਕੇ ਯਥਾਰਥ ਦੀਆਂ ਕੁੜੱਤਣਾਂ ਤੋਂ ਰਾਹਤ ਲਈ ਵੀ ਲੋਕ_ਕਲਾ ਦਾ ਪ੍ਰਯੋਗ ਕਰਦੇ ਹਨ, ਪਰ ਸੁਚੇਤ ਤੌਰ ਤੇ ਕਲਾ ਕਦੇ ਵੀ ਕੇਵਲ ਮਨੋਰੰਜਨ ਲਈ ਨਹੀਂ ਹੋ ਸਕਦੀ। ਉਹ ਸਿੱਧੇ ਅਸਿੱਧੇ ਢੰਗ ਨਾਲ ਜੀਵਨ ਨੂੰ ਵਧੇਰੇ ਸੁੰਦਰ ਬਣਾਉਣ ਪ੍ਰਤੀ ਪ੍ਰਤਿਬੱਧ ਹੁੰਦੀ ਹੈ। ਸ਼ਬਦਾਂ ਦੀ ਕਲਾ ਤਾਂ ਗੁਲਾਮੀ ਦੇ ਬੰਧਨਾਂ ਨੂੰ ਤੋੜਨ ਲਈ ਸਹਾਇਕ ਸਿੱਧ ਹੁੰਦੀ ਹੈ। ਪਰ ਜਿਵੇਂ ਕਿ ਪਿੱਛੇ ਵੇਖ ਆਏ ਹਾਂ ਕਿ ਰਜਨੀਸ਼ ਸਮਕਾਲੀ ਸਥਿਤੀ ਨੂੰ ਬਣਾਈ ਰੱਖਣਾ ਚਾਹੁੰਦਾ ਹੈ, ਇਸ ਲਈ ਉਸਤੋਂ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਉਹ ਕਲਾ ਨੂੰ ਉਦੇਸ਼ ਮੁਖੀ ਪ੍ਰਵਾਣ ਕਰੇ। ਰਜਨੀਸ਼ ਉਦੇਸ਼ਹੀਣਤਾ ਦਾ ਵਿਚਾਰਕ ਹੈ।

ਦਸਵੇਂ ਸੁਝਾਅ ਵਿੱਚ ਰਜਨੀਸ਼ ਕਹਿੰਦਾ ਹੈ, "ਕਿਸੇ ਤਰ੍ਹਾਂ ਦੇ ਨਿਯਮਾਂ ਨੂੰ ਮੈਂ ਨਹੀਂ ਮੰਨਿਆ।" ਰਜਨੀਸ਼ ਉਸਦੇ ਆਪਣੇ ਕਹਿਣ ਮੁਤਾਬਕ ਸੋਲ੍ਹਾਂ ਸਾਲ ਦੀ ਉਮਰ ਤੱਕ ਜੈਨੀ ਨਿਯਮਾਂ ਅਨੁਸਾਰ ਉਸਨੇ ਕਦੇ ਰਾਤ ਨੂੰ ਖਾਣਾ ਨਹੀਂ ਖਾਧਾ। ਸਕੂਲ ਦੇ ਵਿਦਿਆਰਥੀਆਂ ਨਾਲ ਜੇ ਜਬਰਦਸਤੀ ਖਾਧਾ ਤਾਂ ਬਿਮਾਰ ਹੋ ਗਿਆ, ਜਾਂ ਇਸੇ ਤਰ੍ਹਾਂ ਹੋਰ ਨਿਯਮ। ਇਹ ਨਿਯਮ ਆਦਮੀ ਕਈ ਵਾਰ ਸੁਚੇਤ ਨਹੀਂ ਅਚੇਤ ਹੀ ਗ੍ਰਹਿਣ ਕਰ ਰਿਹਾ ਹੁੰਦਾ ਹੈ। ਇਹ ਉਸਦੇ ਸੰਸਕਾਰਾਂ ਦਾ ਹਿੱਸਾ ਬਣ ਜਾਂਦੇ ਹਨ। ਜਿਵੇਂ ਜੈਨੀ ਵੈਸ਼ਨੋ ਹੁੰਦੇ ਹਨ। ਰਜਨੀਸ਼ ਦਾ ਕਮਿਊਨ ਵੀ ਸ਼ਾਕਾਹਾਰੀ ਹੈ। "ਜੀਵਨ ਪ੍ਰਤੀ ਇੱਜ਼ਤ ਆਦਰ ਕਰਕੇ ਮੇਰਾ ਕਮਿਊਨ ਸ਼ਾਕਾਹਾਰੀ ਹੈ। ਸਿਰਫ਼ ਸੁਆਦ ਵਾਸਤੇ

ਹੀ ਜੀਵਨ (ਜੀਵ) ਨੂੰ ਤਬਾਹ ਕਰਨਾ, ਦਿਲ ਖਰਾਬ ਕਰਨ ਵਾਲਾ ਵਿਚਾਰ ਹੈ। " (ਪੰਨਾ 722) ਮਸਲਾ ਇੱਥੇ ਇਹ ਨਹੀਂ ਹੈ ਕਿ ਰਜਨੀਸ਼ ਸ਼ਾਕਾਹਾਰੀ ਹੋ ਕੇ ਸਵਰਗ ਦੀ ਝਾਕ ਰੱਖਦਾ ਹੈ ਕਿ ਨਹੀਂ। ਸਗੋਂ ਮਸਲਾ ਇਹ ਹੈ ਕਿ ਜੈਨੀ ਨਿਯਮ ਸੰਸਕਾਰਾਂ ਦਾ ਹਿੱਸਾ ਬਣ ਗਏ ਹਨ। ਫਿਰ ਇਹ ਤਾਂ ਮੰਨ ਲਿਆ ਮਾਸ ਖਾਣਾ ਤੇਰੇ ਲਈ ਦਿਲ ਖਰਾਬ ਕਰਨ ਵਾਲੀ ਗੱਲ ਹੈ ਪਰ ਤਿੰਨ ਹਜ਼ਾਰ ਜਾਂ ਸੱਤ ਹਜ਼ਾਰ ਲੋਕਾਂ ਨੂੰ ਕਿਉਂ ਆਪਣੇ ਵਾਂਗ ਫਾਹੇ ਦਿੱਤਾ ਹੋਇਆ ਹੈ। ਕਿੱਥੇ ਹੈ ਵਿਅਕਤੀਗਤ ਸੁਤੰਤਰਤਾ ਦਾ ਵਿਚਾਰ। ਇਸ ਲਈ ਇਸ ਗੱਲ ਵਿੱਚ ਕੋਈ ਤੱਤ ਨਹੀਂ ਕਿ ਰਜਨੀਸ਼ ਨੇ ਕਿਸੇ ਵੀ ਨਿਯਮ ਨੂੰ ਨਹੀਂ ਮੰਨਿਆ। ਪਰ ਉਪਰਲੀ ਸਾਰੀ ਚਰਚਾ ਤੋਂ ਸਪੱਸ਼ਟ ਹੋ ਗਿਆ ਹੈ ਕਿ ਉਹ ਸੁਝਾਵਾਂ ਦੇ ਰੂਪ ਵਿੱਚ ਨਵੇਂ ਨਿਯਮਾਂ ਦੀ ਰਚਨਾ ਕਰ ਰਿਹਾ ਹੈ, ਜੋ ਪੂੰਜੀਵਾਦੀ ਵਿਵਸਥਾ ਦੇ ਅਨੁਕੂਲ ਹਨ। ਉਹ ਆਪ ਵੀ ਮੰਨਦਾ ਹੈ ਕਿ ਜੋ ਅੱਜ ਸੱਚ ਹੈ ਕਲ੍ਹ ਬਦਲ ਸਕਦਾ ਹੈ। ਨਿਯਮਾਂ ਉੱਪਰ ਵੀ ਇਹ ਗੱਲ ਲਾਗੂ ਹੁੰਦੀ ਹੈ। ਇਸ ਸੰਦਰਭ ਵਿੱਚ ਉਸਦੇ ਇਨ੍ਹਾਂ ਵਿਚਾਰਾਂ ਦੇ ਆਰ ਪਾਰ ਝਾਕਿਆ ਜਾ ਸਕਦਾ ਹੈ ਕਿ, "ਜੇ ਨਿਯਮਾਂ ਅਨੁਸਾਰ ਜਿਉਂਦਾ ਹੈ ਆਪਣੇ ਆਪ ਨੂੰ ਤਬਾਹ ਕਰਦਾ ਹੈ। ਆਪਣੇ ਆਪ ਨੂੰ ਜ਼ਹਿਰੀਲਾ ਬਣਾ ਰਿਹਾ ਹੈ। ਨਿਯਮ ਤੁਹਾਡੇ ਤੋਂ ਬਾਹਰ ਕਿਸ ਨੇ ਬਣਾਏ ਹਨ। ਉਸ ਸਮੇਂ ਬਣਾਏ ਜਿਥੇ ਤੁਸੀਂ ਆਪ ਨਹੀਂ ਵਿਚਰੇ।" ਇਨ੍ਹਾਂ ਦਾ ਇੱਕ ਸਮਾਂ ਅਤੇ ਸਥਾਨ ਹੈ। (ਪੰਨਾ 731) ਨਿਯਮ ਕਿਸੇ ਸਮੇਂ ਸਥਾਨ ਵਿੱਚ ਬਣਦੇ ਹਨ। ਇਸ ਨਾਲ ਕਿਸੇ ਨੂੰ ਕੋਈ ਇਤਰਾਜ਼ ਨਹੀਂ। ਪਰ ਇਹ ਸਾਰੇ ਨਿਯਮ ਸਮੇਂ ਸਥਾਨ ਦੀ ਬਦਲੀ ਕਰਕੇ ਫਜ਼ੂਲ ਹੋ ਜਾਂਦੇ ਹਨ, ਯਥਾਰਥਕ ਨਹੀਂ। ਇਵੇਂ ਤਾਂ ਇੱਕ ਸੰਨ ਵਿੱਚ ਇੱਕ ਨਿਯਮ ਬਣਨ ਅਗਲੇ ਵਿੱਚ ਵੱਖਰੇ ਤੇ ਦੋਨਾਂ ਦਾ ਕੋਈ ਸਬੰਧ ਹੀ ਨਾ ਹੋਵੇ। ਪਰ ਇਤਿਹਾਸ ਦੇ ਵਿਕਾਸ ਵਾਂਗ ਨਿਯਮਾਂ ਦਾ ਵਿਕਾਸ ਵੀ ਹੁੰਦਾ ਹੈ। ਦਿੱਕਤ ਉਦੋਂ ਸਾਹਮਣੇ ਆਉਂਦੀ ਹੈ, ਜਦੋਂ ਸਮਾਂ ਵਿਹਾ ਚੁੱਕੇ ਨਿਯਮਾਂ ਨਾਲ ਚੰਬੜੇ ਰਹਿਣ ਦੀ ਜ਼ਿੱਦ ਕੀਤੀ ਜਾਂਦੀ ਹੈ। ਇਸਦਾ ਇਹ ਵੀ ਅਰਥ ਨਹੀਂ ਕਿ ਜੇ ਪਿਛਲੇ ਸਮਾਂ ਵਿਹਾ ਚੁੱਕੇ ਨਿਯਮ ਛੱਡਣੇ ਚਾਹੀਦੇ ਹਨ ਤਾਂ ਅੱਜ ਦੇ ਸਮੇਂ ਦੇ ਕੋਈ ਨਿਯਮ ਹੀ ਨਹੀਂ ਹਨ। ਸੁਚੇਤ ਪੱਧਰ ਤੇ ਰਜਨੀਸ਼ ਲੱਖ ਕਹੇ ਕਿ ਉਹ ਕਿਸੇ ਵੀ ਨਿਯਮ ਨੂੰ ਨਹੀਂ ਮੰਨਦਾ ਪਰ ਉਸਦੇ ਸਾਰੇ/ਵਿਚਾਰ ਲੜੀ, ਨਿਯਮ ਪੂੰਜੀਵਾਦੀ, ਅਰਾਜਕਤਾ, ਵਿਅਕਤੀਵਾਦ ਦੇ ਅਨੁਕੂਲ ਚਲਦੇ ਹਨ। ਇੱਕ ਗੱਲ ਹੋਰ ਜੇ ਵਿਅਕਤੀਵਾਦ ਕਿਸੇ ਵੀ ਨਿਯਮ ਵਿੱਚ ਨਹੀਂ ਬੱਝਦਾ ਤਾਂ ਤੁਸੀਂ ਕਿਹੜੇ ਸਮਾਜ ਦੀ ਕਲਪਨਾ ਕਰੋਗੇ ? ਅਰਾਜਕ

ਸਮਾਜ ਦੀ। ਰਜਨੀਸ਼ ਮੂਲਰੂਪ ਵਿੱਚ ਅਰਾਜਕਤਾਵਾਦੀ ਤਾਂ ਹੈ ਹੀ। ਇਸੇ ਅਰਾਜਕਤਾ ਵਿਚੋਂ ਉਸਦਾ ਸੁਨਹਿਰੀ ਸੁਝਾਅ ਪੈਦਾ ਹੁੰਦਾ ਹੈ। "The Golden rule forlfie si that theri are no golden rules" (ਪੰਨਾ 730)

'ਖ਼ਤਰਨਾਕ ਢੰਗ ਨਾਲ ਜੀਉ' ਰਜਨੀਸ਼ ਦਾ ਇੱਕ ਹੋਰ ਸੂਤਰ_ਵਾਕ ਹੈ। ਇਸਦਾ ਪ੍ਰਾਸੰਗਿਕ ਅਰਥ ਬਣਦਾ ਹੈ ਕਿ ਹਮੇਸ਼ਾਂ ਪੰਗੇ ਲਓ। "ਖ਼ਤਰਨਾਕ ਢੰਗ ਨਾਲ ਜਿਉਣ ਦਾ ਅਰਥ ਹੈ ਜਦੋਂ ਵੀ ਤੁਹਾਡੇ ਸਾਹਮਣੇ ਚੋਣ ਹੋਵੇ, ਸਾਵਧਾਨ। ਆਸਾਨ ਨੂੰ ਨਾ ਚੁਣੋ, ਇੱਜ਼ਤਦਾਰ, ਸਮਾਜਿਕ ਤੌਰ ਤੇ ਪ੍ਰਵਾਨਿਤ ਦੀ ਚੋਣ ਨਾ ਕਰੋ। ਜ਼ਮੀਰ ਦੀ ਆਵਾਜ਼ ਸੁਣੋ।" (ਪੰਨਾ 744) ਇਨ੍ਹਾਂ ਸ਼ਬਦਾਂ ਦੇ ਨਤੀਜੇ ਵਿਅਕਤੀਗਤ ਜੀਵਨ ਤੋਂ ਲੈ ਕੇ ਸਮਾਜਿਕ ਜੀਵਨ ਜੰਗਾਂ ਯੁੱਧਾਂ ਲੜਾਈਆਂ ਤੱਕ ਵੱਖੋ ਵੱਖਰੇ ਹੋਣਗੇ। ਅਸਲ ਵਿੱਚ ਇਹ ਸੁਝਾਅ ਰਜਨੀਸ਼ ਆਪਣੇ ਨਿੱਜੀ ਜੀਵਨ ਦੇ ਆਧਾਰ ਉੱਪਰ ਦਿੰਦਾ ਹੈ। ਜੇ ਹਰ ਵਿਅਕਤੀ ਦੀ ਆਪਣੀ ਜ਼ਿੰਦਗੀ ਹੈ। ਜੇ ਉਹ ਰਜਨੀਸ਼ ਦੇ ਕਹਿਣ ਮੁਤਾਬਿਕ 'ਯੁਨੀਕ' ਹੈ, ਤਾਂ ਉਹ ਰਜਨੀਸ਼ ਨਹੀਂ ਹੋ ਸਕਦਾ। ਜੇ ਉਹ ਰਜਨੀਸ਼ ਨਹੀਂ ਹੋ ਸਕਦਾ ਤਾਂ ਉਸ ਲਈ ਇਹ ਸੁਝਾਅ ਮੰਨਣ ਦਾ ਕੋਈ ਬੰਧਨ ਨਹੀਂ। ਰਜਨੀਸ਼ ਯੂਨੀਵਰਸਿਟੀ ਪਰਿਵਾਰ ਦੇ ਆਦੇਸ਼ ਦੇ ਉਲਟ ਜਾਂਦਾ ਹੈ, ਘਰੋਂ ਪੈਸੇ ਕਬੂਲ ਨਹੀਂ ਕਰਦਾ, ਅਖ਼ੀਰ ਤੇ ਸਮਝੌਤਾ ਪਿਓ ਨਾਲ ਇਹ ਹੁੰਦਾ ਹੈ ਕਿ ਉਹ ਪੈਸੇ ਹੋਸਟਲ ਰੱਖ ਜਾਇਆ ਕਰੇਗਾ। ਪਰ ਰਜਨੀਸ਼ ਉਸਨੂੰ ਕਿਵੇਂ ਖਰਚੇਗਾ ਉਹ ਉਸਦਾ ਹਿਸਾਬ ਨਹੀਂ ਰੱਖੇਗਾ। ਹੈ ਨਾ ਖ਼ਤਰਨਾਕ ਢੰਗ ਨਾਲ ਜੀਉਣਾ! ਯੂਨੀਵਰਸਿਟੀ ਦੇ ਲਾਅ ਮੁਤਾਬਿਕ ਉਹ ਮਿਲਟਰੀ ਟ੍ਰੇਨਿੰਗ ਨਹੀਂ ਕਰਦਾ ਫਿਰ ਵੀ ਜਾਅਲੀ ਡਿਗਰੀ ਪ੍ਰਵਾਣ ਕਰ ਲੈਂਦਾ ਹੈ, ਵੀ.ਸੀ. ਦੇ ਕਹੇ। ਕਿੰਨਾ ਖ਼ਤਰਨਾਕ ਜੀਉਣ ਢੰਗ ਹੈ! ਕਲਾਸ ਵਿੱਚ 12 ਤੋਂ 2 ਵਜੇ ਤੱਕ ਸੁੱਤਾ ਰਹਿੰਦਾ ਹੈ, ਗਾਲਾਂ ਕੱਢਦਾ ਹੈ, ਪ੍ਰੋਫੈਸਰਾਂ ਨੂੰ, ਬਹੁਤ ਵਧੀਆ ਢੰਗ ਹੈ, ਜੀਉਣ ਦਾ! ਸਾਰੇ ਸਰਟੀਫਿਕੇਟ ਫਾੜ ਕੇ, ਹੁਣ ਵਾਲਾ ਪ੍ਰਵਾਣਿਤ ਰੂਪ ਧਾਰਣ ਕਰ ਲੈਂਦਾ ਹੈ। ਹੈ ਨਾ ਖ਼ਤਰਨਾਕ ਢੰਗ ਨਾਲ ਜੀਉਣ ਦੀ ਮਿਸਾਲ। ਪਰ ਹਰ ਵਅਕਤੀ ਉੱਪਰ ਇਸਨੂੰ ਠੋਸਿਆ ਜਾ ਸਕਦਾ ਹੈ। ਇਹ ਸੁਝਾਅ ਠੀਕ ਹੈ ਕਿ ਜ਼ਮੀਰ ਦੀ ਆਵਾਜ਼ ਅਨੁਸਾਰ ਫੈਸਲਾ ਕਰਨਾ ਚਾਹੀਦਾ ਹੈ, ਪਰ ਭਾਵੁਕ ਨਹੀਂ ਹੋਣਾ ਚਾਹੀਦਾ। ਜੇ ਥੋੜ੍ਹੀ ਦੇਰ ਚੁੱਪ ਰਹਿ ਕੇ ਚਲਦਾ ਹੋਵੇ ਤੇ ਤੁਹਾਡੀ ਇੱਜ਼ਤ ਨਾਲ ਜਿਉਣ ਨੂੰ ਵੀ ਠੇਸ ਨਾ ਲੱਗਦੀ ਹੋਵੇ, ਤਾਂ ਫੈਸਲਾ ਹੋਰ ਹੋਵੇਗਾ ਪਰ ਜੇ ਇੱਕ ਫੈਸਲਾ ਸਾਰੀ ਸ਼ਖਸੀਅਤ ਨੂੰ ਹੀ ਕੁਚਲ ਕੇ ਰੱਖ ਸਕਦਾ ਹੋਵੇ ਤਾਂ ਫਿਰ ਚੋਣ ਬਿਲਕੁਲ ਦੂਸਰੀ ਹੋਵੇਗੀ। ਜਾਣ ਬੁੱਝ ਕੇ ਸੌਖੇ ਇੱਜ਼ਤਦਾਰ ਤੇ ਪ੍ਰਵਾਣਿਤ ਨੂੰ ਇਸ ਲਈ ਤਿਆਗਣ ਦੀ ਲੋੜ ਨਹੀਂ ਕਿਉਂਕਿ ਤੁਸੀਂ ਇਸ ਸਭ

ਕੁਝ ਦੇ ਉਲਟ ਕਰਨਾ ਹੀ ਕਰਨਾ ਹੈ। ਸਮੂਹਿਕ ਤੌਰ ਤੇ ਸਮਾਜ ਤੇ ਦੇਸ਼ਾਂ ਦੇ ਫੈਸਲਿਆਂ ਵਿੱਚ ਸਟ੍ਰੈਟਜੀ, ਰਾਜਨੀਤੀ, ਕੂਟਨੀਤੀ ਸਭ ਸ਼ਾਮਲ ਹੁੰਦੇ ਹਨ। ਉਥੇ 'ਖ਼ਤਰਨਾਕ ਢੰਗ' ਨਾਲ ਜਿਉਣ ਦਾ ਅਰਥ' ਇਕ ਕਦਮ ਪਿੱਛੇ ਦੋ ਕਦਮ ਅੱਗੇ' ਦਾ ਪੈਂਤੜਾ ਵੀ ਲੈਣਾ ਪੈ ਸਕਦਾ ਹੈ। ਦੁਸ਼ਮਣ ਦੇ ਦੁਸ਼ਮਣ ਨੂੰ ਮਿੱਤਰ' ਵੀ ਬਣਾਉਣਾ ਪੈ ਸਕਦਾ ਹੈ। ਪਰ ਰਜਨੀਸ਼ ਲਈ ਇਸ ਤਰ੍ਹਾਂ ਦੀ ਰਾਜਨੀਤੀ ਘ੍ਰਿਣਾਯੋਗ ਹੈ ਰਾਜਨੀਤਕ ਨੇਤਾਵਾਂ ਬਾਰੇ ਉਸਦੇ ਵਿਚਾਰ ਆਮ ਆਦਮੀ ਤੋਂ ਵੀ ਗਏ ਗੁਜ਼ਰੇ ਹਨ। ਰਜਨੀਸ਼ ਕਹਿੰਦਾ ਹੈ, 'ਸੱਚਾਈ ਵਿਅਕਤੀਆਂ ਰਾਹੀਂ ਪ੍ਰਗਟ ਹੁੰਦੀ ਹੈ' ਕੋਈ ਸ਼ੱਕ ਨਹੀਂ, ਸੱਚਾਈ ਦਾ ਵਿਅਕਤੀਗਤ ਪਾਸਾਰ ਵੀ ਹੈ। ਵਿਅਕਤੀ ਉਸਨੂੰ ਅਨੁਭਵ ਕਰਦਾ ਹੈ। ਪਰ ਸਮੂਹਿਕਤਾ (ਜਿਸਨੂੰ ਰਜਨੀਸ਼ ਹਮੇਸ਼ਾ ਭੀੜ ਕਹਿੰਦਾ ਹੈ) ਜਾਂ ਭੀੜ ਹਰ ਸਮੇਂ ਅਰਾਜਕ ਨਹੀਂ ਹੁੰਦੀ, ਸਗੋਂ ਇੱਕ ਉਦੇਸ਼ ਨੂੰ ਲੈ ਕੇ ਚੱਲਦੀ ਸਮੂਹਿਕ ਜਨਤਾ ਵਲੋਂ ਕੀਤਾ ਗਿਆ ਐਕਸ਼ਨ ਬਾਹਰ ਵੀ ਵੱਖਰੇ ਸਿੱਟੇ ਕੱਢਦਾ ਹੈ ਤੇ ਵਿਅਕਤੀਆਂ ਵਿੱਚ ਉਨ੍ਹਾਂ ਦਾ ਜਿੱਤ ਬਾਦ ਸਮੂਹਿਕਤਾ ਵਿੱਚ ਵਿਸ਼ਵਾਸ ਉੱਭਰਦਾ ਹੈ, ਪਰ ਹਾਰ ਸਮੇਂ ਨਿਰਾਸ਼ਾ ਵੀ ਆਉਂਦੀ ਹੈ। ਇਸੇ ਲਈ ਇਥੇ ਖ਼ਤਰਨਾਕ ਢੰਗ ਨਾਲ ਜਿਉਣ ਦਾ ਅਰਥ ਹੈ, ਖੱਬਾ, ਸੱਜਾ ਅਤਿਵਾਦੀ ਹੋਣਾ। ਕੀ ਰਜਨੀਸ਼ ਇਸਨੂੰ ਪ੍ਰਵਾਨ ਕਰੇਗਾ ? ਸਪੱਸ਼ਟ ਹੈ ਰਜਨੀਸ਼ ਹਰ ਗੱਲ ਵਿਅਕਤੀਵਾਦੀ ਨਜ਼ਰੀਏ ਤੋਂ ਵਿਚਾਰਦਾ ਹੈ, ਤੇ ਆਪਣੀ ਨਿੱਜੀ ਪ੍ਰਵਿਰਤੀ ਅਨੁਸਾਰ ਅਰਾਜਕਤਾ ਤੱਕ ਪਹੁੰਚਦਾ ਹੈ।

ਰਜਨੀਸ਼ ਦਾ ਬਾਰ੍ਹਵਾਂ ਸੁਝਾਅ ਹੈ 'ਧਿਆਨ ਨਾਲ ਜੀਓ' (ਪੰਨਾ 752) ਸੁਚੇਤ ਹੋ ਕੇ ਜੀਉ। ਇਕ ਹੱਦ ਤੱਕ ਇਹ ਸੁਝਾਅ ਪ੍ਰਮਾਣਿਕਤਾ ਦੀ ਹੱਦ ਵਿੱਚ ਰਹਿੰਦਾ ਹੈ। ਪਰ ਜਿਉਂ ਹੀ ਵਿਅਕਤੀ ਨੂੰ ਦ੍ਰਿਸ਼ਟਾ ਬਣਾ ਦਿੱਤਾ ਜਾਂਦਾ ਹੈ ਤਾਂ ਉਹ ਧਿਆਨ ਦੇ ਖ਼ੇਤਰ ਵਿੱਚ ਸ਼ਾਮਲ ਹੋ ਜਾਂਦਾ ਹੈ। ਉਹ ਉਸ ਪੜਾਅ ਤੇ ਪਹੁੰਚ ਜਾਂਦਾ ਹੈ, ਜਿਥੇ ਵਿਚਾਰ ਗਾਇਬ ਹੋ ਜਾਂਦੇ ਹਨ, ਅਹਿਸਾਸ ਗਾਇਬ ਹੋ ਜਾਂਦੇ ਹਨ, ਭਾਵਨਾਵਾਂ ਗਾਇਬ ਹੋ ਜਾਂਦੀਆਂ ਹਨ ਤੇ ਹੋ ਜਾਂਦਾ ਹੈ ਚੁੱਪ ਦਾ ਰਾਜ਼। ਸ਼ਾਇਦ ਮਨ ਨੂੰ ਧਿਆਨ ਵਿੱਚ ਲਿਜਾਣ ਲਈ ਦ੍ਰਿਸ਼ਟਾ ਹੋਣਾ ਸਹਾਇਕ ਹੁੰਦਾ ਹੈ। ਪਰ ਸਮਾਜਿਕ ਪੱਧਰ ਤੇ ਦ੍ਰਿਸ਼ਟਾ ਦਾ ਅਰਥ ਹੈ, ਸਮਾਜਿਕ ਕਾਰਜਾਂ ਤੋਂ ਅਭਿੱਜ ਰਹਿਣਾ, ਸਮਾਜਿਕ ਗਤੀਵਿਧੀਆਂ ਤੋਂ ਬੇਲਾਗ ਰਹਿਣਾ, ਸਮਾਜਿਕ ਪਰਿਵਰਤਨ ਵਿੱਚ ਨਿਸ਼ਕ੍ਰਿਆ ਰਹਿਣਾ, ਰਾਜਨੀਤਕ ਚੇਤਨਤਾ ਤੋਂ ਕੋਰਾ ਰਹਿਣਾ, ਮਾਨਵੀ ਗੁਣਾਂ ਵਿਚਾਰਾਂ, ਅਹਿਸਾਸਾਂ, ਭਾਵਨਾਵਾਂ ਤੋਂ ਦੂਰ ਪੱਥਰ ਦੀ ਮੂਰਤੀ ਹੋਣਾ। ਰਜਨੀਸ਼ ਦਾ ਦਰਸ਼ਨ ਜੇ ਕੋਈ ਹੈ ਤਾਂ ਉਹ ਇਹੀ ਹੈ।

ਰਜਨੀਸ਼ ਦੇ ਕੁਝ ਇੱਕ ਸੂਤ੍ਰਿਕ ਵਿਚਾਰਾਂ ਦਾ ਜਦੋਂ ਅਸੀਂ ਬਾਹਰੀ ਜਾਦੂਮਈ ਅਸਰ ਤੋਂ ਵੱਖ ਹੋ ਕੇ ਬਾਹਰ_ਮੁਖੀ ਅਧਿਐਨ ਕਰਦੇ ਹਾਂ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਰਜਨੀਸ਼ ਕੋਲ ਮਦਾਰੀਪੁਣੇ ਦੀ ਕਲਾ ਹੈ। ਮਦਾਰੀਪੁਣੇ ਨੂੰ ਲਾਂਭੇ ਕਰਕੇ ਉਸਦੀ ਅਸਲੀਅਤ ਨੂੰ ਘੋਖਿਆਂ ਕਈ ਵਾਰੀ ਉਹ ਆਪਣੇ ਨਿੱਜੀ ਜੀਵਨ ਤੋਂ ਹੀ ਸਿਧਾਂਤ ਘੜ ਰਿਹਾ ਦਿਖਾਈ ਦਿੰਦਾ ਹੈ, ਕਈ ਵਾਰੀ ਅਤਿਵਾਦੀ ਪੁਜੀਸ਼ਨ ਲੈਣ ਕਰਕੇ ਸਾਡਾ ਧਿਆਨ ਖਿੱਚਦਾ ਹੈ। ਇਥੇ ਇਹ ਉਹ ਅਰਾਜਕਤਾਵਾਦੀ ਬਣ ਜਾਂਦਾ ਹੈ। ਵਿਅਕਤੀਵਾਦੀ ਤਾਂ ਉਹ ਹਰ ਪੱਧਰ ਤੇ ਰਹਿੰਦਾ ਹੈ। ਇਸ ਲਈ ਜੇ ਇਹ ਕਹਿ ਦਿੱਤਾ ਜਾਵੇ ਕਿ ਉਸਨੇ ਪੁਰਾਣੇ ਧਰਮਾਂ ਦਾ ਸੌ ਪ੍ਰਤੀਸ਼ਤ ਵਿਰੋਧ ਕਰਦਿਆਂ ਜਿਹੜਾ ਆਪਣਾ ਧਰਮ ਸਿਰਜਣ ਦਾ ਯਤਨ ਕੀਤਾ ਹੈ ਉਹ ਅਜੋਕੇ ਪੂੰਜੀਵਾਦੀ ਸਮਾਜ ਦੇ ਅਨੁਕੂਲ ਧਰਮ ਹੈ ਤਾਂ ਕੋਈ ਅਤਿਕਥਨੀ ਨਹੀਂ। ਇਸ ਸਮਾਜ ਤੋਂ ਅਗਾਂਹ ਉਹ ਦੇਖ ਨਹੀਂ ਸਕਦਾ ਇਸ ਲਈ ਉਹ ਯਥਾਸਥਿਤੀਵਾਦੀ ਹੈ। ਇਹੀ ਹੈ ਰਜਨੀਸ਼ ਦੀ ਅਸਲੀਅਤ।

# ਅਧਿਆਇ ਤੀਜਾ

# ਮਾਰਕਸਵਾਦ ਤੇ ਰਜਨੀਸ

ਰਜਨੀਸ਼ ਬਾਰੇ ਚਰਚਾ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਪਾਠਕਾਂ ਤੋਂ ਅਗਾਊਂ ਮੁਆਫੀ ਮੰਗਣਾ ਚਾਹਾਂਗਾ ਕਿ ਹੋ ਸਕਦਾ ਹੈ ਕਿ ਮੇਰੀ ਭਾਸ਼ਾ ਕਈ ਥਾਵਾਂ ਤੇ ਸਖ਼ਤ ਹੋਵੇ, ਪਰ ਅਜਿਹਾ ਰਜਨੀਸ਼ ਦੀ ਭਾਸ਼ਾ ਦਾ ਪ੍ਰਤੀਕਰਮ ਹੀ ਹੋਵੇਗਾ। ਮੈਂ ਪਾਠਕਾਂ ਨੂੰ ਇਹ ਦੱਸ ਦਿਆਂ ਕਿ ਰਜਨੀਸ਼ ਜਦੋਂ ਵੀ ਈਸਾ ਮਸੀਹ, ਮਹਾਤਮਾ ਬੁੱਧ, ਮਹਾਂਵੀਰ ਆਦਿ ਦੀ ਗੱਲ ਕਰਦਾ ਹੈ ਤਾਂ ਉਨ੍ਹਾਂ ਨੂੰ ਅਹੰਵਾਦੀ ਅਸਭਿਆ, ਮਸੋਚਿਸਟ, ਪਾਗਲ, ਫੈਨੇਟਿਕ, ਸੀਜ਼ੋਫਰੇਨਿਕ ਅਨਪੜ੍ਹ ਤਾਂ ਕਹਿੰਦਾ ਹੀ ਹੈ ਨਾਲ ਉਨ੍ਹਾਂ ਦੇ ਵਿਚਾਰਾਂ ਅਤੇ ਉਨ੍ਹਾਂ ਦੇ ਮੰਨਣ ਵਾਲਿਆਂ ਲਈ ਮੂਰਖ, ਬੁੱਧੂ, ਪਾਗ਼ਲ ਆਦਿ ਸੰਗਿਆਵਾਂ ਦਾ ਪ੍ਰਯੋਗ ਵੀ ਕਰਦਾ ਹੈ। ਦੂਸਰੀ ਗੱਲ ਮੈਂ ਇਹ ਕਹਿਣਾ ਚਾਹਾਂਗਾ ਕਿ ਰਜਨੀਸ਼ ਦੇ ਚੇਲੇ ਹੋਰਨਾਂ ਨੂੰ ਗ੍ਰੰਥ ਪੂਜਕ ਕਹਿਕੇ ਤ੍ਰਿਸਕਾਰਦੇ ਹਨ, ਪਰ ਆਪ ਉਹ ਭਾਸ਼ਨਪ੍ਰਸਤ (ਜਾਂ ਲੈਕਚਰ ਪੂਜ) ਹਨ। ਰਜਨੀਸ਼ ਨੇ ਜੋ ਜਹਾਨ ਭਰ ਦਾ ਕੁਫ਼ਰ ਤੋਲਿਆ ਹੈ ਉਹ ਸਾਰਾ ਲੈਕਚਰਾਂ ਵਿੱਚ ਹੀ ਹੈ। ਪੁਸਤਕ ਲਿਖਣ ਸਮੇਂ ਲੇਖਕ ਸੌ ਵਾਰ ਸੋਚ ਕੇ, ਵਿਚਾਰ ਕੇ ਆਪਣੀਆਂ ਸਥਾਪਨਾਵਾਂ ਪੇਸ਼ ਕਰਦਾ ਹੈ, ਉਸਦਾ ਸਦੀਵੀ ਮੁੱਲ ਵੀ ਹੁੰਦਾ ਹੈ, ਪਰ ਲੈਕਚਰ ਵਿੱਚ ਪ੍ਰਸੰਗ ਉਸਾਰਨ ਲਈ ਹਲਕੀਆਂ ਫੁਲਕੀਆਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ, ਵਿਰੋਧਾਭਾਸੀ ਗੱਲਾਂ ਵੀ ਚੱਲ ਜਾਂਦੀਆਂ ਹਨ। ਇਸ ਲਈ ਮੈਂ ਜੇ ਗ੍ਰੰਥ_ਪੂਜਕਾਂ ਅਤੇ ਭਾਸ਼ਣ_ਪੂਜਕਾਂ ਵਿਚੋਂ ਇੱਕ ਦੀ ਚੋਣ ਕਰਨੀ ਹੋਵੇ ਤਾਂ ਮੈਂ ਗ੍ਰੰਥ ਪੂਜਕ ਨੂੰ ਤਰਜੀਹ ਦੇਵਾਂਗਾ ਭਾਵੇਂ ਮੈਂ ਆਪ ਗ੍ਰੰਥ ਪੂਜਕ ਨਹੀਂ। ਉਦਾਹਰਣ ਲਈ ਲੈਕਚਰ ਵਿੱਚ ਇੱਕ ਥਾਂ ਇਹ ਕਿਹਾ ਜਾ ਸਕਦਾ ਹੈ ਕਿ ਬਾਹਰਮੁਖਤਾ ਅਤੇ ਅੰਤਰਮੁਖਤਾ ਇੱਕੋ ਸਿੱਕੇ ਦੇ ਦੋ ਪਾਸੇ ਹਨ। ਪਰ ਨਾਲ ਹੀ ਇਹ ਕਹਿਣ ਵਿੱਚ ਵੀ ਕੋਈ ਦਿੱਕਤ ਨਹੀਂ ਆਉਂਦੀ ਕਿ, "ਵਸਤੂਆਂ ਦਾ ਆਰੰਭ ਵੀ ਹੈ ਅਤੇ ਅੰਤ ਵੀ, ਪਰ ਅੰਤਰਮੁਖਤਾ ਆਰੰਭ ਹੁੰਦੀ ਹੈ ਤੇ ਕਦੇ ਖ਼ਤਮ ਨਹੀਂ ਹੁੰਦੀ।" (ਰਜਨੀਸ਼ ਬਾਈਬਲ, ਜਿਲਦ ਪਹਿਲੀ, ਪੰਨਾ 17, ਅਗਾਂਹ ਵੀ ਮੈਂ ਇਸੇ ਪੁਸਤਕ ਦਾ ਹਵਾਲਾ ਵਰਤਾਂਗਾ) ਇਸੇ ਅੰਤਰਮੁਖਤਾ ਨੂੰ ਰਜਨੀਸ਼ ਪਹਿਲ ਦਿੰਦਾ ਹੈ। ਦੋਨੋਂ ਵਿਚਾਰਾਂ ਵਿਚੋਂ ਅੱਧੇ ਇੱਕ ਨੂੰ ਅਪਣਾ ਲੈਣ ਅੱਧੇ ਦੂਜੇ ਨੂੰ। ਆਪਣੇ ਦੋਨੀਂ ਹੱਥੀਂ

ਲੱਡੂ। ਇਹ ਹੈ 'ਸਟਰੈਟਜੀ' ਰਜਨੀਸ਼ ਦੀ। (ਸਟ੍ਰੈਟਜੀ ਸ਼ਬਦ ਰਜਨੀਸ਼ ਧਰਮਾਂ ਦੇ ਸੰਦਰਭ ਵਿੱਚ ਆਮ ਵਰਤਦਾ ਹੈ)।

ਬਾਕੀ ਗੱਲਾਂ ਉਸਦੀ ਸ਼ਖਸੀਅਤ ਬਾਰੇ ਕਰਾਂਗੇ, ਇੱਥੇ ਸ਼ੁਰੂ ਕਰੀਏ ਉਸਦੇ ਕਮਿਊਨਿਜ਼ਮ ਬਾਰੇ ਵਿਚਾਰਾਂ ਦੀ ਗੱਲ। "ਵਿਸ਼ਵ ਵਿੱਚ ਕਮਿਊਨਿਜ਼ਮ ਨੇ ਇਹ ਵਿਚਾਰ ਪੈਦਾ ਕੀਤਾ ਹੈ ਕਿ ਹਰ ਆਦਮੀ ਬਰਾਬਰ ਹੈ, ਜੋ ਸਰਾਸਰ ਬੇਤੁਕਾ ਹੈ।" (ਪੰਨਾ 34) ਸ਼ਾਇਦ ਰਜਨੀਸ਼ ਨੂੰ ਤੇ ਉਸਦੇ ਚੇਲਿਆਂ ਨੂੰ ਇਹ ਗੱਲ ਦੱਸਣੀ ਪਵੇ ਕਿ ਇਹ ਵਿਚਾਰ ਪਹਿਲਾਂ ਧਰਮ ਨੇ ਸਿਖਾਏ ਹਨ ਤੇ ਇਨ੍ਹਾਂ ਵਿੱਚ ਮਾਨਵਵਾਦੀ ਤੱਤ ਹਨ। ਸਾਰੇ ਧਰਮਾਂ ਦੀ ਦਲੀਲ ਇਹ ਹੈ ਕਿ ਹਰ ਆਦਮੀ ਨੂੰ ਰੱਬ ਨੇ ਪੈਦਾ ਕੀਤਾ ਹੈ, ਇਸ ਲਈ ਉਸਦੀਆਂ ਨਜ਼ਰਾਂ ਵਿੱਚ ਸਾਰੇ ਬਰਾਬਰ ਹਨ। ਇਹ ਵਿਚਾਰ ਸੰਪਰਦਾਇਕਤਾ ਤੋਂ ਉੱਪਰ ਉੱਠਦਾ ਹੈ, ਪਰ ਧਰਮ ਆਪ ਇੱਕ ਹੱਦ ਤੋਂ ਅਗਾਂਹ ਜਾ ਕੇ ਉਸੇ ਦਾ ਉਲੰਘਣ ਕਰ ਜਾਂਦਾ ਹੈ। ਆਪ ਸੰਪਰਦਾਇਕ ਦਾਇਰੇ ਵਿੱਚ ਸੀਮਤ ਹੋ ਜਾਂਦਾ ਹੈ। 'ਅਵਲ ਅਲਹੁ ਨੂਰ ਉਪਾਇਆ ਕੁਦਰਤਿ ਦੇ ਸਭ ਬੰਦੇ, ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੋ ਮੰਦੇ।' ਮਾਰਕਸਵਾਦੀਆਂ ਦਾ ਵਿਰੋਧ ਇਸ ਗੱਲ ਨਾਲ ਹੈ ਕਿ ਇਤਿਹਾਸਕ ਸਮਾਜਿਕ ਸੰਦਰਭ ਵਿੱਚ ਬੰਦੇ ਅਮਲਾਂ ਵਜੋਂ ਚੰਗੇ ਵੀ ਹਨ ਅਤੇ ਮੰਦੇ ਵੀ। ਕੋਈ ਇਹ ਕਹੇ ਕਿ ਬਿਰਲਾ ਬਹੁਤ ਧਾਰਮਿਕ ਹੈ ਉਸਨੇ ਇੰਨੇ ਮੰਦਰ ਬਣਵਾਏ ਹਨ। ਆਮ ਆਦਮੀ ਤਾਂ ਬੁੱਧੂ ਬਣ ਸਕਦਾ ਹੈ। ਪਰ ਸਿਆਣਾ ਬੰਦਾ ਸਮਝਦਾ ਹੈ ਕਿ ਬਿਰਲਾ ਇੱਕ ਤੀਰ ਨਾਲ ਕਈ ਸ਼ਿਕਾਰ ਮਾਰ ਰਿਹਾ ਹੈ। ਪਹਿਲਾਂ ਉਹ ਮਜ਼ਦੂਰਾਂ, ਮੱਧਵਰਗੀ ਲੋਕਾਂ, ਸਾਇੰਸਦਾਨਾਂ ਦੀ ਕੀਤੀ ਲੁੱਟ ਨੂੰ ਮੰਦਰਾਂ ਦੇ ਪਰਦੇ ਹੇਠ ਲੁਕਾ ਲੈਂਦਾ ਹੈ ਤੇ ਇਸਤੋਂ ਇਹ ਵੀ ਭਰਮ ਦੇ ਦਿੰਦਾ ਹੈ ਕਿ ਸਰਮਾਏਦਾਰ ਤਾਂ ਬੜੇ ਭੋਲੇ ਲੋਕ ਤੇ ਦਾਨੀ ਹਨ। ਇਹ ਉਹ ਇੱਕ ਵਿਵਸਥਾ ਨੂੰ ਪੱਕਿਆਂ ਕਰਨ ਲਈ ਆਪਣਾ ਯੋਗਦਾਨ ਵੀ ਪਾਉਂਦਾ ਹੈ। ਕਰੋੜਾਂ ਦਾ ਟੈਕਸ ਵੀ ਬਚਾ ਲੈਂਦਾ ਹੈ। ਜਦੋਂ ਰਜਨੀਸ਼ ਨੂੰ ਬਿਰਲਾ ਖਾਲੀ ਚੈੱਕ ਸਾਈਨ ਕਰਕੇ ਇਹ ਗੱਲ ਮੰਨਵਾਉਣਾ ਚਾਹੁੰਦਾ ਹੈ ਕਿ ਉਹ ਹਿੰਦੂ ਧਰਮ ਦਾ ਪ੍ਰਚਾਰ ਕਰੇ ਤਾਂ ਰਜਨੀਸ਼ ਇਸ ਗੱਲ ਉੱਪਰ ਜ਼ੋਰ ਦਿੰਦਾ ਹੈ ਕਿ ਉਹ ਇੱਕ ਖੂਹ ਵਿਚੋਂ ਕੱਢਕੇ ਲੋਕਾਂ ਨੂੰ ਦੂਸਰੇ ਵਿੱਚ ਨਹੀਂ ਸੁੱਟਣਾ ਚਾਹੁੰਦਾ। ਪਰ ਉਹ ਇਹ ਸਵਾਲ ਨਹੀਂ ਪੁੱਛਦਾ ਕਿ ਤੂੰ ਧਰਮ ਦੀ ਆੜ ਵਿੱਚ ਲੁੱਟ ਨੂੰ ਪੱਕਾ ਕਿਉਂ ਕਰ ਰਿਹਾ ਹੈਂ ? ਬਿਰਲੇ ਨਾਲੋਂ ਵੀ ਸਿਆਣੇ

ਸਮਝਦਾਰ ਹਨ ਜਿਨ੍ਹਾਂ ਨੂੰ ਇਹ ਪਤਾ ਹੈ ਕਿ ਰਜਨੀਸ਼ ਅਸਲ ਵਿੱਚ ਉਨ੍ਹਾਂ ਦਾ ਆਪਣਾ ਹੀ ਸਿਧਾਂਤਕਾਰ ਹੈ ਇਸ ਲਈ ਉਹ ਉਸਨੂੰ ਸਾਈਨ ਕੀਤੇ ਖ਼ਾਲੀ ਚੈੱਕ ਦੇ ਦਿੰਦੇ ਹਨ।

ਮਾਰਕਸਵਾਦ ਆਰਥਿਕ ਬਰਾਬਰੀ ਦੀ ਗੱਲ ਕਰਦਾ ਹੈ। ਜੋ ਹੱਥੀਂ ਕੰਮ ਕਰਦਾ ਹੈ, ਉਸਦੇ ਵਧੇਰੇ ਹੱਕ ਦੀ ਮੰਗ ਕਰਦਾ ਹੈ। ਜੋ ਉਸਦੀ ਕਮਾਈ ਤੇ ਵਿਹਲਾ ਰਹਿਕੇ ਪਲਦਾ ਹੈ ਉਸਨੂੰ ਘੱਟ ਹਿੱਸਾ ਦੇਣ ਦੇ ਹੱਕ ਵਿੱਚ ਹੈ। ਰਜਨੀਸ਼ ਲਈ ਤੇ ਉਸਦੇ ਧਿਆਨੀਆਂ ਲਈ ਇਹ ਕਿਵੇਂ ਸਵੀਕਾਰ ਹੋ ਸਕਦਾ ਹੈ ? ਰਜਨੀਸ਼ ਦੀਆਂ ਹੀਰਿਆਂ ਦੀਆਂ ਅੰਗੂਠੀਆਂ, ਤਾਜ, 80_80 ਮਹਿੰਗੀਆਂ ਕਾਰਾਂ ਦੇ ਕਾਫ਼ਲੇ ਕਿਥੋਂ ਆਉਣ ਜੇ ਆਰਥਿਕ ਬਰਾਬਰੀ ਹੋ ਜਾਵੇ। ਇਹ ਨਾ ਹੋਏ ਤਾਂ 'ਧਿਆਨ' ਦੀ ਐਸ਼ਪ੍ਰਸਤੀ ਕਿਵੇਂ ਹੋਵੇਗੀ। ਰਜਨੀਸ਼ ਕਈ ਥਾਵਾਂ ਤੇ ਭਗਤੀ (ਧਿਆਨ)ੰ ਨੂੰ ਐਸ਼ਪ੍ਰਸਤੀ (Luxury) ਕਹਿੰਦਾ ਹੈ। ਫਿਰ ਕਮਿਊਨ ਵਿੱਚ ਇੱਕ ਦੇ ਹਿੱਸੇ ਤਿੰਨ ਔਰਤਾਂ ਕਿਥੋਂ ਆਉਣਗੀਆਂ। (ਰਜਨੀਸ਼ ਕ੍ਰਿਸ਼ਨ ਨੂੰ 16000 ਰਾਣੀਆਂ ਰੱਖਣ ਕਰਕੇ ਕੋਸਦਾ ਹੈ, ਰਾਜਿਆਂ ਨੂੰ ਦੂਸਰਿਆਂ ਦਾ ਹੱਕ ਮਾਰਕੇ ਲਿਆਂਦੀਆਂ ਰਾਣੀਆਂ ਲਈ ਧਿਰਕਾਰਦਾ ਹੈ। ਹਾਂ ਇਹ ਸਭ ਕੁਝ ਧਿਕਾਰਨ ਦੇ ਯੋਗ ਹੈ ਤੇ ਧਿਕਾਰਨਾ ਚਾਹੀਦਾ ਹੈ। ਪਰ ਰਜਨੀਸ਼ ਦੇ ਕਮਿਊਨ ਨੂੰ ਵੀ ਤਾਂ ਦੇਖੀਏ। ਉਰੇਗਾਨ ਅਮਰੀਕਾ ਦੇ ਆਪਣੇ ਕਮਿਊਨ ਵਿੱਚ ਕਦੇ ਉਹ 7000 ਤੇ ਕਿਤੇ 3000 ਦੀ ਗਿਣਤੀ ਦੱਸਦਾ ਹੈ। ਉਸ ਵਿੱਚ 70% ਔਰਤਾਂ ਹਨ। ਸੰਭੋਗ ਤੋਂ ਸਮਾਧੀ ਤੱਕ ਪਹੁੰਚਣ ਲਈ ਤਿੰਨ ਤਿੰਨ ਔਰਤਾਂ ਤਾਂ ਚਾਹੀਦੀਆਂ ਹੀ ਹਨ। ਫਿਰ ਇਹੋ ਜਿਹੇ 'ਅਚਾਰੀਆ' ਵੀ ਔਰਤ ਦੀ ਆਜ਼ਾਦੀ ਦੀ ਗੱਲ ਕਰਦੇ ਹਨ! ਰਜਨੀਸ਼ ਆਖ਼ਰ ਤਾਂ ਵਪਾਰੀ ਪੁੱਤ ਹੈ। ਜੈਨੀ ਹੈ। ਦੌਲਤ ਉਹ ਵੰਡਾਉਣੀ ਨਹੀਂ ਚਾਹੁੰਦਾ, ਪਰ ਕਹਿੰਦਾ ਹੈ, "ਆਓ ਤੇ ਮੇਰੇ ਨਾਲ ਵੰਡਾਓ।" (ਪੰਨਾ 35) ਇਹ ਅਮੀਰੀ ਕਾਹਦੀ ਹੈ ? ਅੰਤਰਮੁਖਤਾ ਦੀ, ਹਨੇਰੇ ਦੀ, ਜੋ ਕਦੇ ਖ਼ਤਮ ਨਹੀਂ ਹੁੰਦੀ। ਸਰਮਾਏਦਾਰਾਂ ਨੂੰ ਰਜਨੀਸ਼ ਤੋਂ ਵਧੇਰੇ ਹੋਰ ਸਿਆਣਾ ਕੌਣ ਮਿਲ ਸਕਦਾ ਹੈ, ਜੋ ਦੌਲਤ ਨੂੰ ਵੰਡਾਉਣ ਨੂੰ ਤਾਂ ਤਿਆਰ ਨਹੀਂ, ਹਨੇਰੇ ਨੂੰ ਵੰਡਾਉਣ ਲਈ ਹਮੇਸ਼ਾ ਤਿਆਰ ਰਹਿੰਦਾ ਹੈ। ਅਮੀਰ ਲੋਕ ਰਜਨੀਸ਼ ਦੇ ਇਨ੍ਹਾਂ ਵਿਚਾਰਾਂ ਦਾ ਸਾਰ ਜਾਣਦੇ ਹਨ ਕਿ "ਮਾਰਕਸ ਦੇ ਕਮਿਊਨਿਜ਼ਮ ਦਾ ਅਰਥ ਹੈ, ਅਮੀਰਾਂ ਨੂੰ ਖ਼ਤਮ ਕਰੋ ਤੇ ਦੌਲਤ ਨੂੰ ਬਰਾਬਰ ਵੰਡ ਲਓ_ ਗਰੀਬੀ ਵੰਡੀ ਗਈ ਹੈ, ਸਾਰੇ ਇੱਕੋ ਜਿਹੇ ਗਰੀਬ ਨੇ ਇਸ ਲਈ ਤੁਲਨਾ ਨਹੀਂ ਹੋ ਸਕਦੀ। _ਮੈਂ ਗਰੀਬੀ ਵੰਡਣ ਦੇ ਹੱਕ ਵਿੱਚ ਨਹੀਂ। ਅਮੀਰ ਨੂੰ ਤਬਾਹ ਕਰਨ ਦੇ ਹੱਕ ਵਿੱਚ ਨਹੀਂ।" (ਪੰਨਾ 184) ਰਜਨੀਸ਼ ਮਾਰਕਸ ਦੀ 'ਦਾਸ ਕੈਪੀਟਲ' ਨੂੰ

ਛੁਟਿਆਉਂਦਾ ਹੈ, ਕਿਉਂਕਿ ਉਸ ਅਨੁਸਾਰ ਇਸ ਵਿੱਚ ਕੇਵਲ ਕੁਟੇਸ਼ਨਾਂ ਹੀ ਕੁਟੇਸ਼ਨਾਂ ਹਨ ਤੇ ਉਸਨੂੰ ਮਾਰਕਸ ਵਿੱਚ ਗਰੀਬਾਂ ਪ੍ਰਤੀ ਕਿਤੇ ਵੀ ਹਮਦਰਦੀ ਦਿਖਾਈ ਨਹੀਂ ਦਿੰਦੀ। ਜੇ ਤਾਂ ਰਜਨੀਸ਼ ਦਾ ਇਹ ਅਰਥ ਹੈ ਕਿ ਮਾਰਕਸ ਨੇ ਗਰੀਬਾਂ ਬਾਰੇ ਭਾਵੁਕ ਹੋਕੇ ਹਾਲ ਪਾਰ੍ਹਿਆ ਨਹੀਂ ਕੀਤੀ ਤਾਂ ਤੇ ਗੱਲ ਠੀਕ ਹੀ ਹੈ। ਅਸਲ ਵਿੱਚ ਸਾਰੀ ਦਾਸ ਕੈਪੀਟਲ ਸਰਮਾਏਦਾਰੀ ਸਮਾਜ ਦਾ ਮਜ਼ਦੂਰਾਂ ਦੀ ਦ੍ਰਿਸ਼ਟੀ ਤੋਂ ਵਿਸ਼ਲੇਸ਼ਣ ਹੈ। ਸਰਮਾਏਦਾਰਾਂ ਦੇ ਏਜੰਟਾਂ ਨੂੰ ਇਹ ਪਸੰਦ ਨਹੀਂ, ਕਿਉਂਕਿ ਉਨ੍ਹਾਂ ਨੂੰ ਵੀ ਲੁੱਟ ਵਿਚੋਂ ਬੁਰਕੀ ਮਿਲਦੀ ਹੈ। ਰਜਨੀਸ਼ ਵੀ ਸਰਮਾਏਦਾਰੀ ਦਾ ਵਿਚਾਰਧਾਰਕ ਦੱਲਾ ਹੀ ਤਾਂ ਹੈ। ਫਿਰ ਵੀ ਕਿਸੇ ਨੇ ਕੈਪੀਟਲ ਵਿੱਚੋਂ ਅਸਲੀ ਹਮਦਰਦੀ ਵੇਖਣੀ ਹੋਵੇ ਤਾਂ, "ਕੰਮ ਦਾ ਇੱਕ ਦਿਨ" ਚੈਪਟਰ ਪੜ੍ਹਿਆ ਜਾ ਸਕਦਾ ਹੈ। ਜਿਸ ਵਿੱਚ ਮਜ਼ਦੂਰਾਂ ਦੀਆਂ ਕੰਮ ਦੀਆਂ ਹਾਲਤਾਂ ਨੂੰ ਮਰਮ_ਸਪਰਸ਼ੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਨਾਲੋਂ ਜ਼ਿਆਦਾ ਹਮਦਰਦੀ ਮਜ਼ਦੂਰ ਜਮਾਤ ਨਾਲ ਸ਼ਾਇਦ ਹੋਰ ਨਹੀਂ ਹੋ ਸਕਦੀ ਕਿ ਉਸਨੂੰ ਆਪਣੇ ਬਾਰੇ ਸੁਚੇਤ ਕਰਕੇ ਸੰਘਰਸ਼ ਲਈ ਪ੍ਰੇਰਿਆ ਜਾਵੇ ਅਤੇ ਉਸਨੂੰ ਅਸਲੀ ਦੁਸ਼ਮਣ ਦੀ ਪਛਾਣ ਕਰਵਾ ਦਿੱਤੀ ਜਾਵੇ ਪਰ ਰਜਨੀਸ਼ ਤਾਂ ਲੋਕਾਂ ਨੂੰ ਇੱਧਰੋਂ ਮੋੜਨ ਦਾ ਆਪਣਾ ਪਵਿੱਤਰ ਫਰਜ਼ ਨਿਭਾ ਰਿਹਾ ਹੈ ਅਤੇ ਲੋਕਾਂ ਨੂੰ ਸੰਭੋਗ ਰਾਹੀਂ ਸਮਾਧੀ ਤੇ ਧਿਆਨ ਦੀਆਂ ਕਾਲੀਆਂ ਗੁਫਾਵਾਂ ਵਿੱਚ ਧੱਕ ਦੇਣਾ ਚਾਹੁੰਦਾ ਹੈ, ਜਿਥੋਂ ਦੁਬਾਰਾ ਨਿਕਲਣ ਦਾ ਕੋਈ ਰਾਹ ਨਹੀਂ ਰਹਿ ਜਾਂਦਾ। ਇਸੇ ਤਰ੍ਹਾਂ ਸਰਮਾਏਦਾਰ ਸੁਰੱਖਿਅਤ ਹੈ, ਸਰਮਾਇਆ ਸੁਰੱਖਿਅਤ ਹੈ ਤੇ ਸਰਮਾਏਦਾਰ ਦੇ ਦਲਾਲ ਰਜਨੀਸ਼ ਵਰਗੇ ਲੋਕ ਸੁਰੱਖਿਅਤ ਹਨ। ਇਸ ਕਥਨ ਨਾਲ ਤਾਂ ਮਾਰਕਸ ਵੀ ਅਸਹਿਮਤ ਨਹੀਂ ਕਿ ਸਰਮਾਏਦਾਰੀ ਸਿਸਟਮ ਨੇ ਦੌਲਤ ਪੈਦਾ ਕੀਤੀ ਹੈ, ਸਗੋਂ ਉਸਨੇ ਤਾਂ ਘਰੇਲੂ ਦਸਤਕਾਰੀ ਤੋਂ ਲੈ ਕੇ ਪੂੰਜੀਵਾਦ ਤੱਕ ਦੇ ਸਫ਼ਰ ਦਾ ਵਿਗਿਆਨਕ ਵਿਸ਼ਲੇਸ਼ਣ ਕਰਕੇ ਦੌਲਤ ਦੇ ਵਾਧੇ ਨੂੰ ਵੀ ਨਾਲ_ਨਾਲ ਵਿਚਾਰਿਆ ਹੈ ਪਰ ਰਜਨੀਸ਼ ਦੀ ਬੌਧਿਕ ਬੇਈਮਾਨੀ ਕਿਤੇ ਹੋਰ ਹੈ।

ਰਜਨੀਸ਼ ਕਹਿੰਦਾ ਹੈ, ਸਰਮਾਏਦਾਰੀ, "ਦੁਨੀਆਂ ਦਾ ਪਹਿਲਾ ਸਿਸਟਮ ਹੈ, ਜਿਸਨੇ ਸਰਮਾਇਆ ਪੈਦਾ ਕੀਤਾ ਹੈ, ਦੌਲਤ ਪੈਦਾ ਕੀਤੀ ਹੈ। ਇਸ ਤੋਂ ਪਹਿਲਾਂ ਫਿਊਡਲਿਜ਼ਮ ਸੀ ਜਿਸਨੇ ਦੌਲਤ ਪੈਦਾ ਕੀਤੀ ਹੈ। ਇਸਨੇ ਲੋਕਾਂ ਦਾ ਸ਼ੋਸ਼ਣ ਕੀਤਾ, ਲੋਕਾਂ ਨੂੰ ਲੁੱਟਿਆ।" (ਪੰਨਾ 184) ਸਰਮਾਏਦਾਰੀ ਨੇ ਦੌਲਤ ਪੈਦਾ ਕੀਤੀ ਹੈ ਇਸ ਲਈ ਉਹ ਬੜੀ ਭਲੀ ਮਾਣਸ ਹੈ। ਜਾਗੀਰਦਾਰੀ ਸ਼ੋਸ਼ਣ ਕਰਦੀ ਹੈ, ਸਰਮਾਏਦਾਰੀ ਸ਼ੋਸ਼ਣ ਨਹੀਂ ਕਰਦੀ। ਕਿਸੇ ਵੀ ਆਦਮੀ ਨੂੰ ਰਜਨੀਸ਼ ਦੇ ਵਿਚਾਰ ਦਾ ਖੋਖਲਾਪਣ ਦਿਖਾਈ ਦੇ ਦਿੰਦਾ ਹੈ। ਸਰਮਾਏਦਾਰੀ ਮਜ਼ਦੂਰ ਜਮਾਤ ਦਾ ਜਿੰਨਾ ਸ਼ੋਸ਼ਣ ਕਰਦੀ ਹੈ, ਉਹ ਕਿਸੇ ਤੋਂ ਲੁਕਿਆ ਨਹੀਂ। ਉਨ੍ਹਾਂ ਦੀ ਕਿਰਤ ਸ਼ਕਤੀ ਦੀ ਲੁੱਟ ਤੋਂ ਹੀ ਬਿਰਲੇ ਦੇ

ਮੰਦਿਰ ਬਣੇ ਹਨ। ਟਾਟਾ ਦੇ ਇੰਸਟੀਜ਼ਿਊਟ ਤੇ ਉਹਨਾਂ ਦੀ ਲੁੱਟ ਦਾ ਹਿੱਸਾ ਰਜਨੀਸ਼ ਦੇ ਐਸ਼ਪ੍ਰਸਤੀ ਵਿੱਚ ਖ਼ਰਚ ਹੁੰਦਾ ਹੈ, ਪਰ ਨਾਮ ਕਿਸੇ ਹੋਰ ਦਾ ਲਿਖਿਆ ਜਾਂਦਾ ਹੈ। ਬਿਰਲੇ ਦਾ, ਟਾਟੇ ਦਾ, ਰਜਨੀਸ਼ ਦਾ। ਸਾਰਿਆਂ ਨੂੰ ਅਹੰਵਾਦੀ ਕਹਿਣ ਵਾਲਾ 'ਰਜਨੀਸ਼ ਪੁਰਮ' ਵਸਾਉਂਦਾ ਹੈ। ਆਪਣੀਆਂ ਲੈਕਚਰ_ਪੁਸਤਕਾਂ ਵਿਚ ਉਹ ਪ੍ਰਸ਼ਨ ਕਰਤਾ ਦਾ ਨਾਮ ਤੱਕ ਨਹੀਂ ਦਿੰਦਾ। ਆਪਣੇ ਆਪ ਨੂੰ ਸ਼ੀਸ਼ਾ ਕਹਿੰਦਾ ਹੈ ਜਿਸ ਵਿੱਚ ਹੋਰ ਵੀ ਚਿਹਰੇ ਪਛਾਣਦੇ ਹਨ। ਅਜੇ ਵੀ ਉਹ ਅਹੰਵਾਦੀ ਨਹੀਂ। ਉਹ ਸਾਰੇ ਹੀ ਪੈਗੰਬਰਾਂ, ਤੀਰਥੰਕਰਾਂ, ਗੁਰੂਆਂ (ਸਿੱਖ ਗੁਰੂਆਂ ਸਮੇਤ) ਦਾ ਮਜ਼ਾਕ ਉਡਾਉਂਦਾ ਹੈ ਤੇ ਆਪਣੇ ਆਪ ਨੂੰ ਉਥਲੇ ਜਿਹੇ ਦਰਸ਼ਨ ਦੇ ਸਿਰ ਤੇ ਪਹਿਲਾ ਅਤੇ ਆਖ਼ਰੀ ਧਰਮ ਸੰਸਥਾਪਕ ਮੰਨਦਾ ਹੈ। ਅਜੇ ਵੀ ਉਹ ਅਹੰਵਾਦੀ ਨਹੀਂ ਹੈ। ਉਪਰੋਕਤ ਕਿਸਮ ਦੀ ਅਹੰ ਵਾਲੇ ਜੇ ਮਾਰਕਸ ਨੂੰ ਵੀ "ਯਹੂਦੀ" ਮੰਨਦੇ ਹਨ, ਗਰੀਬਾਂ ਦਾ ਹਮਦਰਦ ਨਹੀਂ ਤਾਂ ਸਾਜਿਸ਼ ਸਾਫ਼ ਹੈ ਕਿ ਉਹ ਮਜ਼ਦੂਰ ਜਮਾਤ ਨੂੰ ਆਪਣੇ ਅਸਲੀ ਫ਼ਲਸਫੇ ਤੋਂ ਤੋੜਕੇ ਦਲਦਲ ਵਿੱਚ ਫਸਾਉਣਾ ਚਾਹੁੰਦੇ ਹਨ। ਇੱਥੇ ਹੀ ਸੁਚੇਤ ਰਹਿਣ ਦੀ ਲੋੜ ਹੈ। ਅਸੀਂ ਇਹ ਨਹੀਂ ਕਹਿ ਸਕਦੇ ਕਿ ਰਜਨੀਸ਼ ਦਾ ਫਲਸਫ਼ਾ ਕਿਸੇ ਨੂੰ ਪ੍ਰਭਾਵਿਤ ਨਹੀਂ ਕਰਦਾ। ਸਗੋਂ ਸੱਚ ਇਹ ਹੈ ਕਿ ਰਜਨੀਸ਼ ਦਾ ਇਕਪਾਸੜ ਤਰਕ ਵੀ ਲੋਕਾਂ ਨੂੰ ਨਾਲ ਵਹਾਕੇ ਲੈ ਜਾਂਦਾ ਹੈ। ਲੋਕਾਂ ਨੂੰ ਹੀ ਨਹੀਂ, ਸਗੋਂ ਸਾਰੀ ਉਮਰ ਰਹਿ ਚੁੱਕੇ ਮਾਰਕਸਵਾਦੀਆਂ ਨੂੰ ਵੀ ਉਹ ਪ੍ਰਭਾਵਿਤ ਕਰਦਾ ਹੈ। ਉਹ ਅਤਿਵਾਦੀ ਅਰਾਜਕਤਾਵਾਦੀ ਵੀ ਹੈ ਇਸ ਲਈ ਜੇ ਉਹ ਯੂ_ਟਰਨ ਲੈ ਚੁੱਕੇ ਗਰਮ ਕਾਮਰੇਡਾਂ ਨੂੰ ਚੰਗਾ ਲੱਗਦਾ ਹੈ, ਤਾਂ ਹੈਰਾਨੀ ਤਾਂ ਨਹੀਂ ਹੁੰਦੀ, ਪਰ ਉਨ੍ਹਾਂ ਦੀ ਅਕਲ ਤੇ ਰੋਣਾ ਜ਼ਰੂਰ ਆਉਂਦਾ ਹੈ।

ਉਨ੍ਹਾਂ ਦਾ ਇਸ ਫ਼ਲਸਫ਼ੇ ਦਾ ਅੰਨ੍ਹਾਂ ਭਗਤ ਬਣ ਜਾਣਾ ਹੀ ਰਜਨੀਸ਼ ਦੀ ਜਿੱਤ ਹੈ, ਸਰਮਾਏਦਾਰੀ ਦੀ ਜਿੱਤ ਹੈ। "ਦੌਲਤ ਪੈਦਾ ਕਰਨ ਲਈ ਬੁੱਧੀ ਚਾਹੀਦੀ ਹੈ। ਜਦ ਤੱਕ ਅਸੀਂ ਏਨੀ ਦੌਲਤ ਪੈਦਾ ਨਹੀਂ ਕਰ ਲੈਂਦੇ ਕਿ ਦੌਲਤ ਅਰਥਹੀਣ ਹੋ ਜਾਵੇ, ਜਦੋਂ ਤੱਕ ਦੌਲਤ ਦਾ ਪੱਧਰ ਏਨਾ ਉੱਚਾ ਨਹੀਂ ਹੋ ਜਾਂਦਾ ਕਿ ਗ਼ਰੀਬ ਆਪਣੇ ਆਪ ਹੀ ਅਮੀਰ ਹੋ ਜਾਣ।" (ਪੰਨਾ 185) ਉਨੀ ਦੇਰ ਕਮਿਊਨਿਜ਼ਮ ਦੀ ਲੋੜ ਨਹੀਂ। ਦੌਲਤ ਪੈਦਾ ਕਰਨ ਲਈ ਬੁੱਧੀ ਚਾਹੀਦੀ ਹੈ, ਇਸ ਲਈ ਮਜ਼ਦੂਰਾਂ ਨੂੰ ਬੁੱਧੂ ਰੱਖਣਾ ਜ਼ਰੂਰੀ ਹੈ। ਉਨ੍ਹਾਂ ਨੂੰ ਇਹ ਸੋਚਣ ਦੀ ਲੋੜ ਨਹੀਂ ਕਿ ਉਹ ਤਾਂ ਰਾਤ ਦਿਨ ਮਿਹਨਤ ਕਰਦੇ ਹਨ, ਫਿਰ ਵੀ ਉਨ੍ਹਾਂ ਨੂੰ ਰੱਜਵੀਂ ਰੋਟੀ ਕਿਉਂ ਨਹੀਂ ਮਿਲਦੀ? ਪਰ ਬੁੱਧੀ ਦੇ ਸਿਰ ਤੇ ਕੋਈ ਅਮੀਰ ਹੋ ਰਿਹਾ ਹੈ। ਦੌਲਤ ਏਨੀ ਹੋ ਜਾਵੇ ਕਿ ਉਹ ਅਰਥਹੀਣ ਹੋ ਜਾਵੇ, ਪਰ ਦੌਲਤਵਾਨ ਅਰਥਹੀਣ ਨਹੀਂ ਹੁੰਦਾ। ਤੇ ਨਾ ਹੀ ਦੌਲਤ। ਜਦੋਂ ਦੌਲਤ ਤੇ ਜਿਨਸ ਹੱਦੋਂ ਵਧਦੀ ਹੈ ਤਾਂ ਦੌਲਤਵਾਨ ਧੰਨ_ਸੰਪਦਾ

ਗ਼ਰੀਬਾਂ 'ਚ, ਗ਼ਰੀਬ ਦੇਸ਼ਾਂ ਵਿੱਚ ਨਹੀਂ ਵੰਡਦਾ ਸਗੋਂ ਉਹ ਤਾਂ ਉਸਨੂੰ ਸਮੁੰਦਰ ਵਿੱਚ ਰੁੜ੍ਹਾ ਦਿੰਦਾ ਹੈ। ਇਸ ਗੱਲ ਨੂੰ ਰਜਨੀਸ਼ ਜਾਣ ਬੁੱਝਕੇ ਅੱਖੋਂ ਓਹਲੇ ਕਰਦਾ ਹੈ। ਉਹ ਤਾਂ ਆਪ ਕਹਿੰਦਾ ਹੈ ਕਿ, "ਮੈਂ ਗ਼ਰੀਬੀ ਦਾ ਪੁਜਾਰੀ ਨਹੀਂ, ਮੈਂ ਐਸ਼ਪ੍ਰਸਤੀ ਦਾ ਪੁਜਾਰੀ ਹਾਂ।" (ਪੰਨਾ 189) ਗੱਲ ਕੀ ਰਜਨੀਸ਼ ਅੰਦਰੋਂ ਬਾਹਰੋਂ ਐਸ਼ਪ੍ਰਸਤ ਹੈ, ਤੇ ਇਸੇ ਲਈ ਐਸ਼ਪ੍ਰਸਤਾਂ ਦਾ ਹਾਮੀ ਹੈ। ਤੁਹਾਡੇ ਸਾਡੇ ਬਾਰੇ ਸੋਚਣ ਦੀ ਉਸਨੂੰ ਲੋੜ ਨਹੀਂ। ਪਰ ਕੁਚੀਲ ਗੰਦੇ ਲੋਕਾਂ ਵਿੱਚ ਉਸਨੂੰ ਕਚਿਆਣ ਆਉਂਦੀ ਹੈ। ਇਸ ਲਈ ਉਹ ਕਹਿੰਦਾ ਹੈ ਕਿ ਉਸਨੇ ਪਿੰਡਾਂ ਵਿੱਚ ਜਾਣਾ ਛੱਡ ਦਿੱਤਾ। ਠੀਕ ਤਾਂ ਹੈ ਜਿਸ ਬੰਦੇ ਨੂੰ ਸੌਣ ਲਈ ਤਿੰਨ ਤਿੰਨ ਵੱਡੇ ਸਿਰਹਾਣਿਆਂ ਤੋਂ ਇਲਾਵਾ ਨੀਂਦ ਨਾ ਆਉਂਦੀ ਹੋਵੇ ਤੇ ਸ਼ੀਲਾ ਵਰਗੀਆਂ ਜਨਾਨੀਆਂ ਨਾਲ ਸੌਣਾ ਹੋਵੇ ਉਸਨੂੰ ਪਿੰਡਾਂ ਵਿੱਚ ਜਾਣ ਦਾ ਕੀ ਲਾਭ। ਕਲਕੱਤੇ ਵਿੱਚ ਅਮੀਰ ਜ਼ਨਾਨੀ ਦੇ ਘਰ ਠਹਿਰੇ, ਜਲੰਧਰ ਆਏ ਤਾਂ ਚੋਜੀ ਲੋਕਾਂ ਕੋਲ ਠਹਿਰੇ, ਜਿਥੇ ਵੀ ਜਾਵੇ ਏਅਰਕੰਡੀਸ਼ਨਡ ਗੱਡੀ ਵਿੱਚ ਜਾਵੇ ਤੇ ਅਮੀਰਾਂ ਦੇ ਘਰ ਠਹਿਰੇ। ਉਸਨੂੰ ਪਿੰਡਾਂ ਵਾਲਿਆਂ ਦੀ ਪ੍ਵਾਹ ਕਰਨ ਦੀ ਕੀ ਲੋੜ ਹੈ। ਉਹ ਪ੍ਵਾਹ ਕਰੇਗਾ ਉਨ੍ਹਾਂ ਦੀ ਜੋ ਉਸਨੂੰ ਸਭ ਕੁਝ ਮੁਹੱਈਆ ਕਰਦੇ ਹਨ (ਇਹੋ ਜਿਹੀ ਜਾਣਕਾਰੀ ਉਸਦੇ ਆਪਣੇ ਲੈਕਚਰਾਂ ਵਿੱਚੋਂ ਹੀ ਮਿਲਦੀ ਹੈ) ਅਜਿਹਾ ਵਿਚਾਰਧਾਰਕ ਦੱਲਾ ਹੀ ਇਸ ਬੇਸ਼ਰਮੀ ਨਾਲ ਕਹਿ ਸਕਦਾ ਹੈ ਕਿ, "ਮੈਂ ਸਰਮਾਏਦਾਰੀ ਵਿੱਚ ਵਿਸ਼ਵਾਸ ਕਰਦਾ ਹਾਂ। ਸ਼ਾਇਦ ਦੁਨੀਆਂ ਵਿੱਚ ਮੈਂ ਇੱਕੋ ਇੱਕ ਇਹ ਗੱਲ ਸਾਫ਼ ਸਾਫ਼ ਕਹਿਣ ਵਾਲਾ ਹਾਂ ਕਿ ਮੈਂ ਸਰਮਾਏਦਾਰੀ ਵਿੱਚ ਵਿਸ਼ਵਾਸ ਕਰਦਾ ਹਾਂ। ਮਨੁੱਖ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਹੈ ਕਿ ਇਸ ਸਿਸਟਮ ਨੇ ਦੌਲਤ ਪੈਦਾ ਕੀਤੀ ਹੈ ਤੇ ਇਹ ਸਾਇੰਸ ਤੇ ਟੈਕਨਾਲੋਜੀ ਦੀ ਸਹਾਇਤਾ ਨਾਲ ਏਨੀ ਦੌਲਤ ਪੈਦਾ ਕਰ ਸਕਦਾ ਹੈ ਕਿ ਗ਼ਰੀਬੀ ਲਈ ਕੋਈ ਥਾਂ ਨਹੀਂ।" ( ਪੰਨਾ 185) ਸਰਮਾਏਦਾਰੀ ਨੂੰ ਹੁਣ ਤੱਕ ਆਪਣਾ ਅਸਲੀ ਖਾਸਾ ਛੁਪਾਉਣ ਲਈ, ਲੁਕਾਕੇ ਗੱਲ ਕਰਨੀ ਪੈਂਦੀ ਰਹੀ ਹੈ। ਪਰ ਰਜਨੀਸ਼ ਨੂੰ ਇਸਦੀ ਵੀ ਲੋੜ ਨਹੀਂ। ਕਿਉਂਕਿ ਉਹ ਵਿਕਸਿਤ ਹੋ ਚੁੱਕੀ ਇਜਾਰੇਦਾਰ ਸਰਮਾਏਦਾਰੀ ਦਾ ਦੱਲਾ ਹੈ ਉਸਨੂੰ ਕੋਈ ਚਿੰਤਾ ਨਹੀਂ। ਜੇ ਸਾਇੰਸ ਤੇ ਟੈਕਨਾਲੋਜੀ ਨਾਲ ਹੀ ਗਰੀਬੀ ਮਿਟ ਸਕਦੀ ਹੋਵੇ ਤਾਂ ਹੁਣ ਤੱਕ ਅਜਿਹਾ ਹੋ ਚੁੱਕਾ ਹੁੰਦਾ, ਪਰ ਅਜਿਹਾ ਨਹੀਂ ਹੋ ਰਿਹਾ ਤੇ ਨਾ ਹੀ ਹੋਵੇਗਾ, ਕਿਉਂਕਿ ਇਹ ਸਿਸਟਮ ਜੋ ਲੁੱਟ ਤੇ ਆਧਾਰਿਤ ਹੈ, ਜੋ ਕੁਝ ਲੋਕਾਂ ਲਈ ਹੈ, ਉਥੇ ਇਹ ਸਮੱਸਿਆਵਾਂ ਦੂਰ ਨਹੀਂ ਕੀਤੀਆਂ ਜਾ ਸਕਦੀਆਂ। ਹੁਣ ਤਾਂ ਰੂਸ ਵਿੱਚ ਵੀ ਮਾਫੀਆ ਗਰੁੱਪ

ਉੱਭਰ ਪਏ ਹਨ। ਉਥੋਂ ਦਾ ਉੱਭਰ ਰਿਹਾ ਸਿਸਟਮ ਜੇ ਨਾ ਬਦਲਿਆ ਤਾਂ ਮੰਗਤੇ ਵੀ ਆ ਜਾਣਗੇ। ਖੁਲ੍ਹੇ ਬਾਜ਼ਾਰ ਦਾ ਇਹੀ ਤਰਕ ਹੈ।

ਪਰ ਰਜਨੀਸ਼ ਨੂੰ ਇਹ ਸਭ ਸਮਝਣ ਦੀ ਲੋੜ ਨਹੀਂ। ਰਜਨੀਸ਼ ਦੀ ਤਲਵਾਰ ਦੋ_ਧਾਰੀ ਹੈ। ਉਹ ਤਥਾ_ਕਥਿਤ ਕਮਿਊਨਿਸਟਾਂ ਨੂੰ ਵੀ ਸੁਆ ਸਕਦਾ ਹੈ, ਇਹ ਕਹਿਕੇ ਕਿ "ਦੌਲਤ ਵੰਡਣ ਦੀ ਕੋਈ ਲੋੜ ਨਹੀਂ ਹੈ। ਇਹ ਆਪਣੇ ਆਪ ਹੀ ਵੰਡੀ ਜਾਵੇਗੀ। ਪ੍ਰੋਲੀਟੇਰੀਅਟ ਦੀ ਡਿਕਟੇਟਰਸ਼ਿਪ ਦੀ ਕੋਈ ਜ਼ਰੂਰਤ ਨਹੀਂ।" (ਪੰਨਾ 185) ਰਜਨੀਸ਼ ਨੇ ਸਰਮਾਏਦਾਰਾਂ ਨਾਲੋਂ ਵੀ ਖੂਬਸੂਰਤ ਗਾਜਰ ਲਟਕਾ ਦਿੱਤੀ ਹੈ ਲੋਕਾਂ ਲਈ। ਇਹੀ ਉਸਦੀ ਕਾਮਯਾਬੀ ਦਾ ਰਾਜ਼ ਹੈ। ਮਾਰਕਸਵਾਦ ਮਨੁੱਖ ਦੀ ਮੂਲ ਸਮੱਸਿਆ ਭੁੱਖ ਮੰਨਦਾ ਹੈ ਤੇ ਦੂਜੀ ਪਿਆਰ, ਪਰ ਰਜਨੀਸ਼ ਲਈ ਤਾਂ ਇਹ ਸਮੱਸਿਆਵਾਂ ਹੀ ਨਹੀਂ ਹਨ। "ਮੇਰੇ ਲਈ ਮਨੁੱਖਤਾ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਲੋਕ ਧਿਆਨ ਬਾਰੇ ਕੁਝ ਨਹੀਂ ਜਾਣਦੇ। ਵੱਧਦੀ ਆਬਾਦੀ, ਐਟਮ ਬੰਬ, ਭੁੱਖ ਇਹ ਮੂਲ ਸਮੱਸਿਆਵਾਂ ਨਹੀਂ ਹਨ, ਇਹ ਤਾਂ ਸਾਇੰਸ ਰਾਹੀਂ ਆਸਾਨੀ ਨਾਲ ਹੱਲ ਕੀਤੀਆਂ ਜਾ ਸਕਦੀਆਂ ਹਨ।" (ਪੰਨਾ 257) ਸਪੱਸ਼ਟ ਹੈ ਕਿ ਰਜਨੀਸ਼ ਲਈ ਮੂਲ ਸਮੱਸਿਆ ਧਿਆਨ ਤੇ ਦੂਸਰੀ ਸੰਭੋਗ। ਜਿਸ ਆਦਮੀ ਦੀਆਂ ਮੂਲ ਸਮੱਸਿਆਵਾਂ ਹੀ ਹੋਰ ਹਨ, ਉਸਨੂੰ ਮਾਰਕਸ ਕਦੇ ਪਸੰਦ ਆ ਹੀ ਨਹੀਂ ਸਕਦਾ। ਇਸ ਲਈ ਜੇ ਰਜਨੀਸ਼ ਮਾਰਕਸ ਬਾਰੇ ਹੇਠ ਲਿਖੀਆਂ ਗੱਲਾਂ ਕਹਿੰਦਾ ਹੈ ਤਾਂ ਕੋਈ ਹੈਰਾਨੀ ਨਹੀਂ ਹੁੰਦੀ। "ਮਾਰਕਸ ਦੇ ਵਿਚਾਰ ਅੰਦਰਲੀ ਖੋਜ ਉੱਪਰ ਆਧਾਰਿਤ ਨਹੀਂ ਹਨ। "ਮੈਨੂੰ ਉਸ ਆਦਮੀ ਨਾਲ ਹਮਦਰਦੀ ਹੈ। ਉਹ ਬੜਾ ਬੁੱਧੀਮਾਨ ਸੀ, ਪਰ ਸੀ ਸਿਰਫ਼ ਬੁੱਧੀਵਾਨ। ਕਿਤਾਬੀ ਕੀੜਾ..." (ਪੰਨਾ 180) ਜਾਂ "ਇਸ ਬੰਦੇ ਨੇ ਇੱਕ ਪਲ ਲਈ ਵੀ ਧਿਆਨ ਨਹੀਂ ਲਗਾਇਆ। ਉਸਨੂੰ ਅੰਦਰ ਦਾ ਕੋਈ ਗਿਆਨ ਨਹੀਂ। ਉਸਨੂੰ ਕਿਤਾਬਾਂ ਨਾਲ ਵਾਸਤਾ ਸੀ। "(ਉਹੀ) ਜੋ ਵਿਅਕਤੀ ਧਿਆਨ ਲਾਏ ਬਗ਼ੈਰ ਹੀ ਆਪਣੇ ਆਪ ਨੂੰ ਕੇਂਦਰਿਤ ਕਰ ਸਕਦਾ ਹੈ। ਉਸ ਨੂੰ ਵਾਹਯਾਤ ਕਿਸਮ ਦੀਆਂ ਚੀਜ਼ਾਂ ਨਾਲ ਕੋਈ ਵਾਸਤਾ ਨਹੀਂ। ਮਾਰਕਸ ਆਪਣੇ ਆਪ ਨੂੰ ਨਾਟਕਾਂ ਨਾਲ ਜੋੜਦਾ ਹੈ। ਸਾਹਿਤਕ ਕਲਾਤਮਕ ਰਚਨਾਵਾਂ ਪੜ੍ਹਦਾ ਹੈ। ਦੁਨੀਆਂ ਭਰ ਦੇ ਸਾਹਿਤ ਨਾਲ ਜੁੜਦਾ ਹੈ। ਆਪਣੇ ਬੱਚਿਆਂ ਨਾਲ ਸਾਰਾ ਐਤਵਾਰ ਵਿਹਲਾ ਬਹਿ ਕੇ ਮੀਲਾਂ ਬੱਧੀ ਕਹਾਣੀਆਂ ਸੁਣਾਉਂਦਾ ਹੈ। ਇਸ ਤਰ੍ਹਾਂ ਤਾਜ਼ਾ ਦਮ ਹੋ ਕੇ ਫਿਰ ਆਪਣੇ ਕੰਮ ਵਿੱਚ ਜੁੱਟ ਜਾਂਦਾ ਹੈ। ਇੰਗਲੈਂਡ ਦੀ ਪਾਰਲੀਮੈਂਟ ਵਿੱਚ ਚਲਦੀਆਂ ਬਹਿਸਾਂ ਉੱਪਰ ਟਿੱਪਣੀ ਕਰਦਾ ਹੈ। ਸਾਮਰਾਜ ਦੀਆਂ, ਭਾਰਤ ਤੇ ਦੁਨੀਆਂ ਦੇ

ਹੋਰ ਦੇਸ਼ਾਂ ਪ੍ਰਤੀ ਚਾਲਾਂ ਨੂੰ ਨੰਗਿਆਂ ਕਰਦਾ ਹੈ। '1857 ਦੇ ਗਦਰ' ਨੂੰ ਭਾਰਤ ਦੀ ਸਵਤੰਤਰਤਾ ਦੀ ਪਹਿਲੀ ਲੜਾਈ ਵਜੋਂ ਵੇਖਦਾ ਹੈ। ਪਰ ਰਜਨੀਸ਼ ਅੰਗਰੇਜ਼ਾਂ ਦੇ ਗੁਣ ਗਾਉਂਦਾ ਨਹੀਂ ਥੱਕਦਾ। ਉਸ ਅਨੁਸਾਰ ਉਨ੍ਹਾਂ ਨੇ ਭਾਰਤ ਨੂੰ ਅਸਲ ਭਾਰਤ ਬਣਾਇਆ। ਮਾਰਕਸ ਕਦੇ ਇਕ ਪਾਸੜ ਨਹੀਂ ਹੁੰਦਾ ਉਹ ਦੋਨਾਂ ਪੱਖਾਂ ਨੂੰ ਧਿਆਨ ਵਿੱਚ ਰੱਖਕੇ ਤੁਰਦਾ ਹੈ ਅਸਲੀ ਤੌਰ ਤੇ ਬਾਹਰਮੁਖੀ ਵਿਸ਼ਲੇਸ਼ਣ ਕਰਦਾ ਹੈ। ਰਜਨੀਸ਼ ਵਿਚਾਰੇ ਕੋਲ ਇਹ ਕੁਝ ਹੈ ਹੀ ਨਹੀਂ ਤਾਂ ਉਹ ਮਾਰਕਸ ਨੂੰ ਕਿਉਂ ਘੋਖੇਗਾ। ਫਿਰ ਮਾਰਕਸ ਉਸਦੇ ਦਾਤਿਆਂ ਦੇ ਖਿਲਾਫ਼ ਵੀ ਤਾਂ ਹੈ।

ਰਜਨੀਸ਼ ਹਰ ਗੱਲ ਨੂੰ ਇੱਕ ਅਜਿਹਾ ਮੋੜ ਦਿੰਦਾ ਹੈ ਕਿ ਸ੍ਰੋਤਾ ਦੇਖਦਾ ਹੀ ਰਹਿ ਜਾਂਦਾ ਹੈ। ਜਿਵੇਂ ਉਹ ਨਸਲਪ੍ਰਸਤ ਵੀ ਹੈ ਤੇ ਭਾਸ਼ਾ ਬਾਰੇ ਸੰਪ੍ਰਦਾਇਕ ਵੀ, ਹਿੰਦੂ, ਹਿੰਦੀ, ਹਿੰਦੂਸਤਾਨ, ਕਹਿਣ ਵਾਲਿਆਂ ਵਾਂਗ। ਉਹ ਨਸਲਵਾਲਦ ਦੀ ਦ੍ਰਿਸ਼ਟੀ ਤੋਂ ਮਾਰਕਸ ਦਾ ਮਜ਼ਾਕ ਉਡਾਉਂਦਾ ਹੈ। "ਮਾਰਕਸ ਯਹੂਦੀਆਂ ਵਲੋਂ ਦੁਨੀਆਂ ਨੂੰ ਇੱਕ ਹੋਰ ਤੋਹਫ਼ਾ ਹੈ। ਇਹੀ ਕਾਰਣ ਹੈ ਕਿ ਉਸਨੇ ਜਿਸ ਕਮਿਊਨਿਜ਼ਮ ਦੀ ਨੀਂਹ ਰੱਖੀ ਉਸ ਵਿੱਚ ਗ਼ਰੀਬਾਂ ਲਈ ਕੋਈ ਹਮਦਰਦੀ ਨਹੀਂ। ਨਹੀਂ ਕਦਾਚਿਤ ਨਹੀਂ ਇਹ ਤਾਂ ਅਮੀਰਾਂ ਨਾਲ ਈਰਖਾ ਹੈ।" (ਪੰਨਾ 183) ਮਾਰਕਸ ਨੂੰ ਇੱਕ ਯਹੂਦੀ ਵਜੋਂ ਵੇਖਣਾ, ਰਜਨੀਸ਼ ਦਾ ਨਸਲਪ੍ਰਸਤ ਨਜ਼ਰੀਆ ਹੈ, ਜਿਸ ਤੋਂ ਘਟੀਆ ਕੋਈ ਹੋਰ ਨਜ਼ਰੀਆ ਨਹੀਂ ਹੋ ਸਕਦਾ। ਰਹੀ ਅਮੀਰਾਂ ਪ੍ਰਤੀ ਨਫ਼ਰਤ ਦੀ ਗੱਲ। ਇਹ ਗ਼ਰੀਬਾਂ ਪ੍ਰਤਿ ਹਮਦਰਦੀ ਦਾ ਹੀ ਦੂਜਾ ਪਾਸਾ ਹੈ। ਮਾਰਕਸ ਨੇ ਜ਼ਿੰਦਗੀ ਭਰ ਨੌਕਰੀ ਨਾ ਕਰਨ ਦਾ ਅਹਿਦ ਕੀਤਾ। ਏਂਗਲਜ਼ ਨਾ ਹੁੰਦਾ ਸ਼ਾਇਦ ਉਹ ਕਰ ਵੀ ਲੈਂਦਾ। ਇਹ ਗ਼ਰੀਬੀ ਤਾਂ ਇੱਕ ਤਰ੍ਹਾਂ ਮਾਰਕਸ ਨੇ ਆਪ ਸਹੇੜੀ ਸੀ। ਸਰਮਾਏਦਾਰੀ, ਜਿਸਦੇ ਖਿਲਾਫ਼ ਉਸਨੇ ਉਮਰ ਭਰ ਸੰਘਰਸ਼ ਕੀਤਾ ਤੇ ਦੇਸ਼ ਨਿਕਾਲਾ ਵੀ ਲਿਆ, ਉਸਨੂੰ ਸਾਈਨ ਕੀਤੇ ਖਾਲੀ ਚੈੱਕ ਨਹੀਂ ਸੀ ਦੇ ਸਕਦੀ। ਇਹ ਕੇਵਲ ਰਜਨੀਸ਼ ਨੂੰ ਹੀ ਮਿਲ ਸਕਦੇ ਹਨ। ਸਪੱਸ਼ਟ ਹੈ ਕਿ ਮਾਰਕਸ ਸਰਮਾਏਦਾਰੀ ਦੇ ਵਿਰੋਧ ਵਿਚੋਂ ਮਜ਼ਦੂਰ ਜਮਾਤ ਦੇ ਪੈਂਤੜੇ ਤੋਂ ਆਪਣੀ ਸਾਰੀ ਇਤਿਹਾਸਕ ਪਦਾਰਥਵਾਦੀ ਫਿਲਾਸਫ਼ੀ ਘੜਦਾ ਹੈ, ਜਦਕਿ ਰਜਨੀਸ਼ ਸਰਮਾਏਦਾਰੀ ਦਾ ਚਹੇਤਾ ਹੈ, ਇਸ ਲਈ ਉਹ ਮਾਰਕਸ ਉੱਪਰ ਉਪਰੋਕਤ ਚਿੱਕੜ ਉਛਾਲ ਸਕਦਾ ਹੈ। ਇਹ ਉਸਦਾ ਪਵਿੱਤਰ ਫਰਜ਼ ਹੀ ਹੈ !! ਰਜਨੀਸ਼ ਜਦੋਂ ਆਪਣੀ ਅਗਿਆਨਤਾ ਨੂੰ ਬੇਸ਼ਰਮੀ ਦੀ ਚਾਸ਼ਣੀ ਵੀ ਚਾੜ੍ਹ ਦਿੰਦਾ ਹੈ ਤਾਂ ਨਤੀਜੇ ਜੋ ਨਿਕਲਣੇ ਚਾਹੀਦੇ ਹਨ, ਉਹੀ ਨਿਕਲਦੇ ਹਨ। ਉਸ ਨੇ ਕੈਪੀਟਲ ਸਿਰਫ਼ ਦੇਖੀ ਹੈ, ਕਮਿਊਨਿਸਟ ਮੈਨੀਫੈਸਟੋ ਦਾ ਨਾਮ ਸੁਣਿਆ ਹੈ ਤੇ ਦੂਸਰੀਆਂ ਕਿਤਾਬਾਂ ਆਦਿ (ਨਾ ਤੋਂ ਬਗੈਰ) ਦੀ ਗੱਲ

ਕੀਤੀ ਹੈ। ਇਸ ਤੋਂ ਹੀ ਉਹ ਨਤੀਜਾ ਕੱਢ ਲੈਂਦਾ ਕਿ ਫਰੈਡਰਿਕ ਏਂਗਲਜ਼ ਬੁੱਧੀਮਾਨ ਨਹੀਂ ਸੀ। ਉਹ ਤਾਂ ਮਾਰਕਸ ਦਾ ਪਾਲਣਹਾਰਾ ਸੀ। ਇਸ ਲਈ ਮਾਰਕਸ ਆਪਣੀਆਂ ਕਿਤਾਬਾਂ ਉੱਪਰ ਉਸਦਾ ਨਾਮ ਲਿਖ ਦਿੰਦਾ ਸੀ। ਕਿੰਨੀ ਬਚਕਾਨਾ ਤੇ ਮੂਰਖਾਂ ਵਾਲੀ ਸਟੇਟਮੈਂਟ ਹੈ। 'ਭਗਵਾਨ' 'ਓਸ਼ੋ' ਦੇ ਮੂੰਹੋਂ ਵੈਸੇ ਹੀ ਘਟੀਆ ਲਗਦੀ ਹੈ। ਦਿਮਾਗੀ ਦਿਵਾਲੀਏਪਣ ਦੀ ਹੱਦ ਵੀ ਇਥੋਂ ਹੀ ਪਛਾਣੀ ਜਾ ਸਕਦੀ ਹੈ। ਏਂਗਲਜ਼ ਨੇ ਬਹੁਤ ਕੁਝ ਸਵਤੰਤਰ ਤੌਰ ਤੇ ਲਿਖਿਆ ਤੇ ਬਹੁਤ ਕੁਝ ਮਾਰਕਸ ਦੇ ਨਾਲ ਮਿਲਕੇ। ਉਹ ਆਪਣੀ ਤੇ ਮਾਰਕਸ ਦੀ ਵਿਚਾਰਧਾਰਾ ਨੂੰ ਮਾਰਕਸਵਾਦ ਦਾ ਨਾਮ ਦਿੰਦਾ ਹੈ। ਮਾਰਕਸ ਤੇ ਏਂਗਲਜ਼ ਦੀਆਂ ਰਚਨਾਵਾਂ ਸਾਰੀਆਂ ਮਿਲ ਕੇ 50 ਤੋਂ ਉੱਪਰ ਜਿਲਦਾਂ ਵਿੱਚ ਸਮਾਉਂਦੀਆਂ ਹਨ। (ਇੱਕ ਜਿਲਦ ਹਜ਼ਾਰ ਸਫ਼ੇ ਤੋਂ ਉੱਪਰ ਦੀ ਹੈ) ਜੇ ਸਾਰੀਆਂ ਰਚਨਾਵਾਂ ਮਾਰਕਸ ਦੀਆਂ ਹੀ ਹਨ ਤਾਂ ਫਿਰ ਤਾਂ ਕਮਾਲ ਹੀ ਹੈ। ਮਾਰਕਸ ਦਾ ਕੱਦ ਹੋਰ ਵੀ ਵੱਡਾ ਹੋ ਜਾਂਦਾ ਹੈ। ਪਰ ਮਾਰਕਸ ਦੀ ਮੌਤ ਤੋਂ ਬਾਅਦ ਏਂਗਲਜ਼ ਨੇ ਮਾਰਕਸ ਦਾ ਸਾਰਾ ਅਣਛਪਿਆ ਸਾਹਿਤ ਛਪਵਾਇਆ, ਲੋੜ ਪੈਣ ਤੇ ਸੋਧਿਆ ਵੀ ਅਤੇ ਨਵੀਆਂ ਉੱਠ ਰਹੀਆਂ ਤੋਹਮਤਾਂ ਦੇ ਜਵਾਬ ਵੀ ਦਿੱਤੇ ਇਸ ਲਈ ਉਸ ਦਾ ਨਾਂ ਇਸ ਵਾਦ ਨਾਲ ਜੁੜਿਆ। ਮਾਰਕਸ ਤੇ ਏਂਗਲਜ਼ ਕਈ ਵਾਰ ਪੁਸਤਕ ਲਿਖਦੇ ਸਮੇਂ ਅਧਿਆਵਾਂ ਦੀ ਵੰਡ ਕਰ ਲੈਂਦੇ ਸਨ। ਲਿਖਣ ਤੋਂ ਬਾਅਦ ਉਨ੍ਹਾਂ ਨੂੰ ਇਕੋ ਦ੍ਰਿਸ਼ਟੀ ਤੋਂ ਸੋਧ ਲਿਆ ਜਾਂਦਾ ਸੀ। ਇਸ ਲਈ ਕਈ ਪੁਸਤਕਾਂ ਵਿਚ ਅਲਗ ਅਲਗ ਲੇਖਾਂ ਉੱਪਰ ਨਾਮ ਵੀ ਹਨ।

Dailectcis of Nature, The Orgini of the famliy prviate property and state ਏਂਗਲਜ਼ ਦੀਆਂ ਕਲਾਸੀਕਲ ਰਚਨਾਵਾਂ ਹਨ। ਪਰ ਇਹ ਸਭ ਕੁਝ ਪੜ੍ਹਨ ਸੁਣਨ ਦੀ ਨਾ ਰਜਨੀਸ਼ ਨੂੰ ਲੋੜ ਸੀ ਤੇ ਨਾ ਉਸਦੇ ਦੁੰਮ_ਛੱਲਿਆਂ ਨੂੰ। ਰਜਨੀਸ਼ ਦੀ ਤੀਸਰੀ ਬੇਨਤੀ (ਕਮਾਂਡਮੈਂਟ ਦੇ ਮੁਕਾਬਲੇ ਤੇ) ਇਹ ਹੈ ਕਿ 'Beware of Knowledge. (ਪੰਨਾ 691) ਜਿਸ ਗਿਆਨ ਨੇ ਹੁਣ ਤੱਕ ਮਨੁੱਖ ਨੂੰ ਮਨੁੱਖ ਬਣਾਇਆ ਹੈ। ਜਿਸ ਗਿਆਨ ਰਾਹੀਂ ਉਸ ਨੇ ਸਾਇੰਸ ਤੇ ਤਕਨਾਲੋਜੀ ਨੇ ਵਿਕਾਸ ਕੀਤਾ ਹੈ, ਜਿਸ ਰਾਹੀਂ ਰਜਨੀਸ਼ ਅਨੁਸਾਰ ਗ਼ਰੀਬੀ ਆਪਣੇ ਆਪ ਖ਼ਤਮ ਹੋ ਜਾਵੇਗੀ ਉਸ ਤੋਂ ਬਚੋ। ਜਿਸ ਗਿਆਨ ਨੇ ਹੁਣ ਤੱਕ ਯਥਾਰਥ ਦੀ ਪ੍ਰਕ੍ਰਿਤੀ ਦੀ ਸੋਝੀ ਕਰਵਾਈ ਹੈ, ਉਸ ਸਾਰੀ ਸੋਝੀ ਨੂੰ ਤਿਆਗ ਕੇ ਗਿਆਨ ਤੋਂ ਬਚੋ। ਦੂਜੇ ਸ਼ਬਦਾਂ ਵਿੱਚ ਕਾਠ ਦੇ ਉੱਲੂ ਬਣ ਕੇ ਆਉ। ਇਹ

ਰਜਨੀਸ਼ਵਾਦ ਹੈ। ਤੁਸੀਂ ਕਾਠ ਦੇ ਉੱਲੂ ਨਹੀਂ ਹੋਵੋਗੇ ਤਾਂ ਰਜਨੀਸ਼ ਭਗਵਾਨ ਕਿਵੇਂ ਬਣੇਗਾ, ਇਹ ਹੈ"ਸਟਰੈਟਜੀ"।

ਰਜਨੀਸ਼ ਦੇ ਭਗਤ ਜਦੋਂ ਕਮਿਊਨਿਜ਼ਮ ਨੂੰ ਧਰਮ ਕਹਿੰਦੇ ਹਨ ਤਾਂ ਉਹ ਬਿਨਾਂ ਸੋਚੇ ਸਮਝੇ ਰਜਨੀਸ਼ ਦੇ ਇਸ ਕਥਨ ਨੂੰ ਹੀ ਦੁਹਰਾਉਂਦੇ ਹਨ ਕਿ, "ਯਾਦ ਰੱਖੋ ਮੈਂ ਕਮਿਊਨਿਜ਼ਮ ਨੂੰ ਦੂਸਰੇ ਧਰਮਾਂ ਨਾਲ ਗਿਣਦਾ ਹਾਂ, ਕਿਉਂਕਿ ਇਹ ਧਰਮ ਹੋਣ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ। ਇਹ ਤੁਹਾਨੂੰ ਸਿਧਾਂਤ ਪ੍ਰਤੀ ਵਫ਼ਾਦਾਰ ਰਹਿਣ ਦੀ ਮੰਗ ਕਰਦਾ ਹੈ। ਇਹ ਮਾਰਕਸ, ਏਂਗਲਜ਼, ਲੈਨਿਨ ਦੀ ਤ੍ਰੈਮੂਰਤੀ ਵਿਚ ਵਿਸ਼ਵਾਸ ਕਰਨ ਲਈ ਕਹਿੰਦਾ ਹੈ। ਇਹ ਦਾਸ ਕੈਪੀਟਲ ਦੀ ਆਖਰੀ ਸੱਚਾਈ ਨੂੰ ਮੰਨਣ ਲਈ ਕਹਿੰਦਾ ਹੈ। ਕੋਈ ਸ਼ੱਕ ਦੀ ਇਜਾਜ਼ਤ ਨਹੀਂ। ਕੋਈ ਤਰਕ ਸੰਭਵ ਨਹੀਂ। ਮਾਰਕਸ ਨਾਲ ਧਰਮ ਸੰਪੂਰਣ ਹੋ ਜਾਂਦਾ ਹੈ। ਹੋਰ ਕੁਝ ਜੋੜਿਆ ਨਹੀਂ ਜਾ ਸਕਦਾ।" (ਪੰਨਾ 264) ਕਮਾਲ ਦੀ ਗੱਲ ਇਹ ਹੈ ਕਿ ਵੱਡੇ ਸੰਦੇਹਵਾਦੀ ਇਸ ਸਾਰੇ ਬਵਕਾਸ ਨੂੰ ਆਰਾਮ ਨਾਲ ਪਚਾਅ ਜਾਂਦੇ ਹਨ। ਰਜਨੀਸ਼ ਫੜ੍ਹ ਮਾਰਦਾ ਹੈ ਕਿ ਮੇਰੇ ਕਮਿਊਨ ਵਿੱਚ ਸਭ ਤੋਂ ਵੱਧ ਪੜ੍ਹੇ ਲਿਖੇ ਲੋਕ ਹਨ। ਸਿਧਾਂਤ ਪ੍ਰਤੀ ਵਫ਼ਾਦਾਰੀ ਦਾ ਅਰਥ ਹੈ, ਕਿਸੇ ਇੱਕ ਵਰਗ ਵਿਸ਼ੇਸ਼ ਦੀ ਵਫ਼ਾਦਾਰੀ। ਮਾਰਕਸਵਾਦ ਗ਼ਰੀਬਾਂ, ਲੁੱਟਿਆਂ ਲਿਤਾੜਿਆਂ ਦਾ ਦਰਸ਼ਨ ਹੈ। ਪਰ ਅੰਨ੍ਹੀ ਸਿਧਾਂਤਕ ਵਫ਼ਾਦਾਰੀ ਦੀ ਇਹ ਮੰਗ ਕਦੇ ਵੀ ਨਹੀਂ ਕਰਦਾ। ਸਟਰਕਚਰ, ਸੁਪਰਸਟਕਚਰ ਦੇ ਸਿਧਾਂਤ ਉੱਪਰ, ਏਸ਼ੀਅਨ ਮੋਡ ਆਫ਼ ਪ੍ਰੋਡਕਸ਼ਨ ਆਦਿ ਅਨੇਕਾਂ ਬਹੁਤ ਕੁਝ ਉਸ ਵਿੱਚ ਜੁੜਿਆ ਹੈ। ਇਸ ਲਈ ਤ੍ਰੈਮੂਰਤੀ ਤਕ ਵੀ ਇਹ ਮਾਮਲਾ ਸੀਮਤ ਨਹੀਂ। ਕਿਮਇਲ ਸੁੰਗ, ਫੀਲਡ ਕਾਸਟਰੋ ਵੀ ਇਸ ਵਿੱਚ ਬਹੁਤ ਕੁਝ ਜੋੜਦੇ ਹਨ, ਕਿਉਂਕਿ ਮਾਰਕਸਵਾਦ ਦਾ ਆਧਾਰ ਥੀਊਰੀ ਤੇ ਅਮਲ ਦੀ ਦਵੰਦਾਤਮਕਤਾ ਹੈ। ਸਿਧਾਂਤ ਅਮਲ ਵੱਲ ਤੋਰਦਾ ਹੈ, ਤੇ ਅਮਲ ਸਿਧਾਂਤ ਨੂੰ ਦਰੁਸਤ ਕਰਦਾ ਹੈ। ਖੜੋਤ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸੋਵੀਅਤ ਯੂਨੀਅਨ ਤੇ ਯੂਰਪ ਦੇ ਤਜ਼ਰਬਿਆਂ ਨੇ ਬਹੁਤ ਕੁਝ ਹੋਰ ਵੀ ਇਸ ਵਿੱਚ ਜੋੜਨਾ ਹੈ। ਰਜਨੀਸ਼ਵਾਦੀ ਤੇ ਹੋਰ ਲੋਕ ਇਸ ਗੱਲੋਂ ਬਹੁਤ ਦੁਖੀ ਹਨ ਕਿ ਮਾਰਕਸ ਦੀ ਕੈਪੀਟਲ ਨੂੰ ਕਿਉਂ ਬਾਰ ਬਾਰ ਕੋਟ ਕੀਤਾ ਜਾਂਦਾ ਹੈ, ਇਥੇ ਸਮੱਸਿਆ ਕਿਸੇ ਰਚਨਾ ਦੀ ਸਾਰਥਕਤਾ ਦੀ ਹੈ। ਜਦੋਂ ਤੱਕ ਸਰਮਾਏਦਾਰੀ ਤੇ ਮਜ਼ਦੂਰ ਜਮਾਤ ਦਾ ਸੰਘਰਸ਼ ਜਾਰੀ ਰਹੇਗਾ ਤੇ ਇਹ ਸੰਘਰਸ਼ ਕਿਸੇ ਨਵੇਂ ਸਿਸਟਮ ਵਿੱਚ ਤਬਦੀਲ ਨਹੀਂ ਹੁੰਦਾ ਉਨੀ ਦੇਰ 'ਕੈਪੀਟਲ' ਦੀ ਸਾਰਥਕਤਾ ਬਣੀ ਰਹੇਗੀ। ਉਸ ਤੋਂ ਬਾਅਦ ਵੀ ਜੇ ਇਸਨੂੰ ਅੱਖਾਂ ਮੀਟ ਕੇ ਵਰਤਿਆ

ਜਾਂਦਾ ਰਹੇਗਾ ਤਾਂ ਸੱਚਮੁੱਚ ਮਾਰਕਸਵਾਦੀ 'ਗ੍ਰੰਥ ਪੂਜ' ਬਣ ਜਾਣਗੇ। ਤਰਕ ਅਤੇ ਸ਼ੱਕ ਤਾਂ ਖ਼ਤਮ ਹੁੰਦੇ ਹਨ ਰਜਨੀਸ਼ ਉੱਪਰ ਜਾਕੇ। ਉਹ ਭਵਿੱਖਬਾਣੀ ਕਰ ਸਕਦਾ ਹੈ ਕਿ, 'ਸ਼ਾਇਦ ਇਹ ਆਖ਼ਰੀ ਧਰਮ ਹੈ ਕਿਉਂਕਿ, ਮੈਂ ਤੁਹਾਨੂੰ ਅਜਿਹਾ ਕੁਝ ਨਹੀਂ ਦਿੱਤਾ, ਜਿਸ ਉੱਪਰ ਕੋਈ ਤਰਕ ਕੀਤਾ ਜਾ ਸਕੇ। ਮੇਰੇ ਖਿਲਾਫ਼ ਕੋਈ ਤਰਕ ਨਹੀਂ ਕਰਦਾ।" (ਪੰਨਾ 17) ਜੇ ਰਜਨੀਸ਼ ਉੱਪਰ, ਉਸਦੇ ਧਰਮ ਉੱਪਰ ਤਰਕ ਨਹੀਂ ਕੀਤਾ ਜਾ ਸਕਦਾ ਤਾਂ ਉਪਰੋਕਤ ਕੁਝ ਲਿਖਿਆ ਹੀ ਨਹੀਂ ਸੀ ਜਾ ਸਕਦਾ। ਗੱਲ ਅਸਲ ਇਹ ਹੈ ਕਿ ਰਜਨੀਸ਼ ਦੀਆਂ ਪੁਸਤਕਾਂ (ਲੈਕਚਰ_ਪੁਸਤਕਾਂ) ਨੂੰ ਵੈਂਟੀਕਨ ਦੀ ਬਲੈਕ ਲਿਸਟ ਵਿੱਚ ਲਿਆਉਣ ਦੀ ਬਜਾਇ ਇਨ੍ਹਾਂ ਨੂੰ ਤਰਕ ਦੀ ਕਸਵੱਟੀ ਤੇ ਲਾਉਣਾ ਜ਼ਰੂਰੀ ਹੈ, ਰਜਨੀਸ਼ ਕਿਤੇ ਨਹੀਂ ਖੜ੍ਹਦਾ। ਨਹੀਂ ਤਾਂ ਉਸਦਾ ਭੂਤ ਉਂਝ ਹੀ ਮਨੁੱਖਤਾ ਦੇ ਸਿਰ ਤੇ ਮੰਡਰਾਉਂਦਾ ਰਹੇਗਾ।

ਜਦੋਂ ਆਪਣੀ ਗੱਲ ਨੂੰ ਸਥਾਪਿਤ ਕਰਨਾ ਹੋਵੇ ਤਾਂ ਸਭ ਤੋਂ ਠੀਕ ਤਰੀਕਾ ਇਹ ਹੁੰਦਾ ਹੈ ਕਿ ਦੂਸਰੇ ਦੇ ਵਿਚਾਰਾਂ ਨੂੰ ਸਹੀ ਪਰਿਪੇਖ ਵਿੱਚ ਸਮਝਿਆ ਜਾਵੇ ਤੇ ਫਿਰ ਭਾਵੇਂ ਆਪਣੇ ਦ੍ਰਿਸ਼ਟੀਕੋਣ ਤੋਂ ਰੱਦ ਕਰ ਦਿੱਤਾ ਜਾਵੇ, ਪਰ ਜਦੋਂ ਇਸ ਵਿਗਿਆਨਕ ਢੰਗ ਦੀਬਜਾਇ, ਦੂਸਰੇ ਦੇ ਮੂੰਹ ਵਿੱਚ ਪਹਿਲਾਂ ਆਪਣੀ ਗੱਲ ਪਾਈ ਜਾਵੇ ਤੇ ਫਿਰ ਉਸ ਦੇ ਵਿਰੋਧ ਵਿੱਚ ਲਾਠੀਆਂ ਚੱਕੀਆਂ ਜਾਣ ਤਾਂ ਇਹ ਵਿਗਿਆਨਕ ਵਿਸ਼ਲੇਸ਼ਣ ਨਹੀ। ਪਰ ਰਜਨੀਸ਼ ਦਾ ਅਸਲ ਤਰੀਕਾ ਹੈ ਹੀ ਇਹੀ। ਉਹ ਆਪ ਕਹਿੰਦਾ ਹੈ, "ਮੈਂ ਹਿੰਦੂਆਂ, ਈਸਾਈਆਂ, ਯਹੂਦੀਆਂ, ਮੁਸਲਮਾਨਾਂ, ਜੈਨੀਆਂ, ਬੋਧੀਆਂ ਤੇ ਸਿੱਖਾਂ ਸਾਹਮਣੇ ਬੋਲਦਾ ਰਿਹਾ ਹਾਂ। ਇਹ ਸਾਰੇ ਦੇ ਸਾਰੇ ਤਥਾਕਥਿਤ ਧਰਮਾਂ ਨਾਲ ਸੰਬੰਧ ਰੱਖਦੇ ਹਨ....ਹਿੰਦੂਆਂ ਨਾਲ ਗੱਲ ਕਰਨ ਸਮੇਂ ਮੈਨੂੰ ਕ੍ਰਿਸ਼ਨ ਰਾਹੀਂ ਗੱਲ ਕਰਨੀ ਪੈਂਦੀ ਸੀ, ਜਿਸ ਤੋਂ ਮੈਨੂੰ ਸੰਤੁਸ਼ਟੀ ਨਹੀਂ ਸੀ। ਕੋਈ ਹੋਰ ਰਾਹ ਵੀ ਤਾਂ ਨਹੀਂ ਸੀ। ਇਹ ਤਾਂ ਜ਼ਰੂਰੀ ਲਾਹਨਤ (Neccessory Evli) ਸੀ.... ਜਿਹਨਾਂ ਗੱਲਾਂ ਉੱਪਰ ਮੇਰੀ ਸਹਿਮਤੀ ਵੀ ਸੀ, ਉਸ ਬਾਰੇ ਵੀ ਮੈਨੂੰ ਕੁਝ ਹੋਰ ਕਰਨਾ ਪੈਂਦਾ। ਮੈਨੂੰ ਉਨ੍ਹਾਂ ਸ਼ਬਦਾਂ ਦੇ ਨਵੇਂ ਅਰਥ ਦੇਣੇ ਪੈਂਦੇ। ਉਨ੍ਹਾਂ ਦੇ ਸ਼ਬਦਾਂ ਨੂੰ ਆਪਦੇ ਅਰਥ। ਕਦੇ ਕਦੇ ਮੈਂ ਉਨ੍ਹਾਂ ਦੇ ਸ਼ਬਦਾਂ ਨੂੰ ਅਜਿਹੇ ਅਰਥ ਵੀ ਦਿੱਤੇ ਜੋ ਮੂਲ ਰੂਪ ਵਿੱਚ ਅਸਲੀ ਅਰਥਾਂ ਤੋਂ ਉਲਟ ਸਨ। ਪਰ ਹੋਰ ਕੋਈ ਰਾਹ ਵੀ ਨਹੀਂ ਸੀ।" (ਪੰਨਾ 7) ਇਸ ਕਥਨ ਨੂੰ ਧਿਆਨ ਵਿੱਚ ਰੱਖਕੇ ਰਜਨੀਸ਼ ਦੇ ਸਾਰੇ ਕੂੜੇ ਕਰਕਟ ਨੂੰ ਸਮਝਣ ਦੀ ਲੋੜ ਹੈ। ਜਿਹੜੇ ਲੋਕ ਗੁਰਬਾਣੀ ਦੀ 'ਕਮਾਲ ਦੀ ਵਿਆਖਿਆ' ਦੇ ਕਾਇਲ ਹਨ ਉਨ੍ਹਾਂ ਨੂੰ ਵੀ ਇਸ ਦਾ ਧਿਆਨ ਕਰਨਾ ਪਵੇਗਾ। ਖ਼ੈਰ

ਮਾਰਕਸ ਨੂੰ ਤਾਂ ਉਸਨੇ ਕੋਟ ਵੀ ਕਿਤੇ ਨਹੀਂ ਕੀਤਾ, ਜ਼ੁਬਾਨੀ ਜ਼ੁਬਾਨੀ ਹੀ ਕੰਮ ਚਲਾ ਲਿਆ ਹੈ। ਤੇ ਇਸ ਚਲਵੇਂ ਜਿਹੇ ਵਿਚਾਰ ਨੂੰ ਅਸੀਂ ਮਾਰਕਸਵਾਦ ਦਾ ਬੜਾ ਗੰਭੀਰ ਵਿਰੋਧ ਮੰਨ ਲਿਆ ਹੈ। ਮਾਰਕਸ ਦੇ ਰੱਬ ਬਾਰੇ ਵਿਚਾਰਾਂ ਸੰਬੰਧੀ ਤਰਕ ਉਪਰੋਕਤ ਭਾਂਤ ਦਾ ਹੀ ਹੈ ? ਉਹ ਕਹਿੰਦਾ ਹੈ, "ਮਾਰਕਸ ਨੇ ਇਸ ਗੱਲ ਦੀ ਜ਼ਹਿਮਤ ਨਹੀਂ ਕੀਤੀ ਕਿ ਰੱਬ ਅਸਲ ਵਿੱਚ ਹੈ ਕਿ ਨਹੀਂ ? ਇਸ ਵਿੱਚ ਕੁਝ ਹੈ ਵੀ ਕਿ ਇਹ ਨਿਰੋਲ ਗੱਪ ਹੀ ਹੈ। ਨਹੀਂ ਉਸਨੇ ਐਪੀਕਿਉਰੀਅਸ ਅਤੇ ਦੀਦਰੋ ਤੋਂ ਵਿਚਾਰ ਉਧਾਰੇ ਲਏ।" (ਪੰਨਾ 58) ਯਭਲੀਆਂ ਮਾਰਨ ਵਿੱਚ ਰਜਨੀਸ਼ ਤਾਕ ਹੈ। ਅਸਲ ਵਿੱਚ ਮਾਰਕਸ ਦਾ ਪਦਾਰਥਵਾਦ, ਦਵੰਦਵਾਦੀ ਪਦਾਰਥਵਾਦ ਹੈ। ਹੀਗਲ ਦੇ ਦਵੰਦਵਾਦੀ ਪਦਾਰਥਵਾਦ ਦਾ ਸਿੱਧਾ ਕੀਤਾ ਹੋਇਆ ਰੂਪ। ਉਹ ਹਰ ਚੀਜ਼ ਨੂੰ ਇਸੇ ਦ੍ਰਿਸ਼ਟੀ ਤੋਂ ਦੇਖਦਾ ਹੈ। ਇਤਿਹਾਸਕ ਦਵੰਦਵਾਦ ਨਾਲ ਜਦੋਂ ਡਾਰਵਿਨ ਦਾ ਵਿਕਾਸਵਾਦ ਮਿਲਦਾ ਹੈ ਤਾਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਮਨੁੱਖ ਨੇ ਮਾਨਸਿਕ ਸਹਾਰੇ ਲਈ ਪ੍ਰਕ੍ਰਿਤੀ ਨਾਲ ਦਵੰਦ ਸਮੇ, ਦੇਵੀ ਦੇਵਤਿਆਂ ਦੀ ਸਿਰਜਣਾ ਕੀਤੀ। ਇਹ ਦੇਵੀ ਦੇਵਤੇ, ਸਮਾਜਿਕ ਸ਼ਕਤੀਆਂ ਦਾ ਪ੍ਰਤਿਬਿੰਬ ਹੀ ਸਨ। ਜਾਗੀਰਦਾਰੀ ਆਈ ਤਾਂ ਕਬੀਲਾਈ ਦੇਵੀ ਦੇਵਤਿਆਂ ਦੇ ਉੱਪਰ ਰੱਬ ਦੀ ਸਥਾਪਨਾ ਵੀ ਹੋਈ। ਅੱਜ ਦੇ ਵਿਗਿਆਨਕ/ਸਰਮਾਏਦਾਰੀ ਯੁੱਗ ਦੇ ਉੱਪਰਲੇ ਰੱਬ, ਸਵਰਗ ਨਰਕ, ਆਤਮਾ ਦੀ ਹੋਂਦ ਸੰਭਵ ਨਹੀਂ ਪ੍ਰੰਤੂ ਸਰਮਾਏਦਾਰੀ ਦੇ ਅਸੁਰੱਖਿਅਤ ਮਾਹੌਲ ਵਿੱਚ ਕਿਸੇ ਤਰ੍ਹਾਂ ਦੀ ਠਾਹਰ ਤਾਂ ਚਾਹੀਦੀ ਹੈ। ਉਹ ਠਾਹਰ ਦਿੰਦਾ ਹੈ ਰਜਨੀਸ਼ ਦੇ ਧਿਆਨ ਦਾ ਖਿਡੌਣਾ। ਇਹ ਹੈ ਰਜਨੀਸ਼ ਦੇ ਧਿਆਨ ਦੀ ਸਾਰਥਕਤਾ। ਵਿਸ਼ੇਸ਼ ਤੌਰ ਤੇ ਮੱਧ ਵਰਗ ਨੂੰ ਉਹ ਵਧੇਰੇ ਕੀਲਦਾ ਹੈ। ਉੱਪਰਲੇ ਵਰਗ ਨੂੰ ਰਾਸ ਆਉਂਦਾ ਹੈ। ਮਾਰਕਸਵਾਦੀ/ਪਦਾਰਥਵਾਦੀ ਵੀ ਕਈ ਵਾਰ ਇਸਦੀ ਚਕਾਚੌਂਧ ਤੋਂ ਨਹੀਂ ਬਚ ਸਕਦੇ।

ਰੱਬ ਇਤਿਹਾਸਕ ਦ੍ਰਿਸ਼ਟੀ ਤੋਂ ਮਨੁੱਖ ਦੀ ਕਲਪਨਾ ਹੈ, ਬਾਅਦ ਵਿੱਚ ਉਸੇ ਕਲਪਨਾ ਨੂੰ ਉਸਨੇ ਸਰਬ ਸਮਰੱਥ ਬਣਾ ਦਿੱਤਾ ਤੇ ਉਸ ਪਾਸੋਂ ਡਰਨ ਲੱਗ ਪਿਆ ਹੈ। ਇਸ ਤੋਂ ਵੱਧ ਰੱਬ ਨੂੰ ਸਿੱਧ ਕਰਨ ਜਾਂ ਨਾਂ ਸਿੱਧ ਕਰਨ ਦੀ ਲੋੜ ਨਹੀਂ ਪੈਂਦੀ। ਪਰ ਰਜਨੀਸ਼ ਸੰਦੇਹਵਾਦੀ ਬਣਦਾ ਬਣਦਾ ਬ੍ਰਹਮਗਿਆਨੀ ਜਾਂ ਰਹੱਸ ਗਿਆਨੀ ਬਣ ਜਾਂਦਾ ਹੈ। ਅਸਲ ਵਿੱਚ ਉਹ ਪਦਾਰਥਵਾਦੀ ਵਿਖਾਈ ਦਿੰਦਾ ਹੈ, ਪਰ ਹੈ ਉਹ ਤਥਾਕਥਿਤ ਰਹੱਸਵਾਦੀ ਹੀ। ਉਹ ਧਿਆਨ ਦੇ ਕਈ ਰਸਤੇ ਸੁਝਾਉਂਦਾ ਹੈ, ਹਰ ਵਿਅਕਤੀ ਦਾ ਧਿਆਨ ਅਨੁਭਵ ਵੱਖਰਾ ਮੰਨਦਾ ਹੈ। ਹਨੇਰਿਆਂ ਦੀ ਸਿਫ਼ਤ ਕਰਦਾ ਹੈ। ਮਨੁੱਖੀ ਸ਼ਕਤੀਆਂ ਨੂੰ ਤਿੰਨ_ਪਰਤੀ ਕਲਪਿਤ ਕਰਦਾ ਹੈ। ਮਨੋਵਿਗਿਆਨ ਦੇ ਚੇਤਨ,

ਅਵਚੇਤਨ ਅਤੇ ਸਮੂਹਿਕ ਅਵਚੇਤਨ ਨਾਲ ਚੌਥੇ ਪਦ ਨੂੰ ਧੱਕੇ ਨਾਲ ਨੱਥੀ ਕਰਦਾ ਹੈ। ਟੈਲੀਪੈਥੀ ਵਿੱਚ ਵਿਸ਼ਵਾਸ ਕਰਦਾ ਹੈ। ਧਿਆਨ ਨਾਲ ਕਿਸੇ ਨੂੰ ਮਾਰਨ ਤੇ, ਮਨ ਦੀ ਗੱਲ ਪੜ੍ਹਨ ਦੇ ਦਾਅਵੇ ਕਰਦਾ ਹੈ। ਇਹੀ ਹੈ ਰਜਨੀਸ਼। ਪਦਾਰਥਵਾਦੀ ਤਾਂ ਉਹ ਬਿਲਕੁਲ ਨਹੀਂ ਇਸ ਲਈ ਉਹ ਨਾਸਤਿਕ ਨਾਲੋਂ ਸੰਦੇਹਵਾਦੀ ਨੂੰ ਉੱਪਰ ਰੱਖਦਾ ਹੈ ਤੇ ਉਸ ਤੋਂ ਉੱਪਰ ਆਪਣੇ ਆਪ ਨੂੰ ਰਹੱਸ ਗਿਆਨੀ ਬਣਾ ਲੈਂਦਾ ਹੈ। ਅਸਲ ਵਿੱਚ ਰਜਨੀਸ਼ ਦਾ ਰਹੱਸ ਗਿਆਨ ਆਸਤਿਕਵਾਦ ਦਾ ਹੀ ਇੱਕ ਵਿਗੜਿਆ ਰੂਪ ਹੈ। ਸੰਦੇਹਵਾਦ ਆਸਤਿਕ ਤੇ ਨਾਸਤਿਕਵਾਦ ਦੇ ਵਿਚਕਾਰ ਆਉਂਦਾ ਹੈ। ਅੱਜ ਦਾ ਦਰਸ਼ਨ ਪਦਾਰਥਵਾਦ ਹੈ। ਪਰ ਕੀ ਦਵੰਦਵਾਦੀ ਭੌਤਿਕਵਾਦ ਮਨੁੱਖ ਨੂੰ ਮਿੱਟੀ (ਪਦਾਰਥ) ਹੀ ਮੰਨਦਾ ਹੈ ? ਨਹੀਂ। ਇਹ ਮਨੁੱਖ ਨੂੰ ਪਦਾਰਥ ਦੇ ਵਿਕਾਸ ਦੀ ਸਿਖ਼ਰ ਮੰਨਦਾ ਹੈ। ਉਸਦੀਆਂ ਦਿਮਾਗ਼ੀ ਅਸੀਮ ਸ਼ਕਤੀਆਂ ਨੂੰ ਪ੍ਰਵਾਨ ਕਰਦਾ ਹੈ। ਉਸਨੂੰ ਸਮਾਜ ਦਾ ਹਿੱਸਾ ਵੀ ਸਮਝਦਾ ਹੈ ਤੇ ਇੱਕ ਵਿਅਕਤੀ ਵੀ, ਸਮਾਜ ਤੇ ਵਿਅਕਤੀ ਦੇ ਦਵੰਦ ਰਾਹੀਂ ਸਮਾਜ ਵਿਕਾਸ ਕਰਦਾ ਹੈ। ਉਪਰੋਕਤ ਵਿਚਾਰ ਇਹ ਸਪੱਸ਼ਟ ਕਰਨ ਲਈ ਕਾਫ਼ੀ ਹਨ ਕਿ ਰਜਨੀਸ਼ ਦੀ ਅਸਲੀਅਤ ਕੀ ਹੈ ? ਜੇ ਰਜਨੀਸ਼ ਸਰਮਾਏਦਾਰੀ ਦਾ ਦੱਲਾ ਹੈ ਤਾਂ ਮਾਰਕਸਵਾਦ ਮਜ਼ਦੂਰਾਂ ਦਾ ਫ਼ਲਸਫ਼ਾ ਹੈ। ਜਿਵੇਂ ਸਰਮਾਏਦਾਰ ਤੇ ਮਜ਼ਦੂਰ ਦੇ ਹਿੱਤ ਵੱਖਰੇ ਹਨ, ਉਵੇਂ ਹੀ ਰਜਨੀਸ਼ ਤੇ ਮਾਰਕਸ ਇੱਕ ਦੂਜੇ ਦੇ ਮੂਲ ਰੂਪ ਵਿੱਚ ਵਿਰੋਧੀ ਹਨ। ਮਾਰਕਸ ਵਿਦਵਾਨ ਹੈ ਤੇ ਵਿਗਿਆਨਕ ਵੀ। ਰਜਨੀਸ਼ ਲੈਕਚਰਬਾਜ਼ ਹੈ, ਉਥਲਾ ਹੈ ਤੇ ਤਥਾਕਥਿਤ ਰਹੱਸਵਾਦੀ। ਘੱਟੋ ਘੱਟ ਮੈਂ ਮਾਰਕਸ ਦੇ ਮੁਕਾਬਲੇ ਰਜਨੀਸ਼ ਨੂੰ ਰੱਖਣ ਦੇ ਹੱਕ ਵਿੱਚ ਨਹੀਂ ਹਾਂ। ਦੋਨਾਂ ਨੂੰ ਜੋੜਨ ਦੀ ਗੱਲ ਤਾਂ ਦੂਰ ਦੀ ਹੈ।

# ਅਧਿਆਇ ਚੌਥਾ

# ਅਰਾਜਕਤਾਵਾਦੀ ਰਜਨੀਸ਼ ਦੀ ਅਪ੍ਰਮਾਣਿਕਤਾ

ਰਜਨੀਸ਼ ਨੂੰ ਪੜ੍ਹਨਾ ਸ਼ੁਰੂ ਕਰਨ ਤੋਂ ਪਹਿਲਾਂ ਉਸਦੇ ਦੋ ਰੂਪਾਂ ਦੀ ਪਛਾਣ ਹੋਣੀ ਜ਼ਰੂਰੀ ਹੈ। ਇੱਕ ਰੂਪ ਹੈ 1984 ਤੋਂ ਪਹਿਲਾਂ ਦਾ ਤੇ ਦੂਜਾ ਹੈ ਇਸ ਤੋਂ ਬਾਦ ਦਾ। 84 ਤੋਂ ਪਹਿਲਾਂ ਉਹ ਧਾਰਮਿਕ ਵਿਅਕਤੀਆਂ ਦੀ ਬਾਣੀ ਲੈ ਕੇ ਉਸ ਰਾਹੀਂ ਛੁਪਾ ਕੇ ਕੁਝ ਅਜਿਹਾ ਕਹਿਣਾ ਚਾਹੁੰਦਾ ਹੈ ਜੋ 8ਵੀਂ ਸਦੀ ਦੇ ਲਾਗੇ ਚਾਗੇ ਤਾਂਤ੍ਰਿਕਾਂ ਨੇ ਕਿਹਾ ਸੀ। ਚਾਹੇ ਇਹ ਸੰਭੋਗ ਤੋਂ ਸਮਾਧੀ ਦਾ ਮਸਲਾ ਹੋਵੇ ਜਾਂ ਧਿਆਨ ਵਿਧੀਆਂ ਦਾ। ਆਮ ਬੰਦੇ ਦੀ ਪਕੜ ਤੋਂ ਇਹ ਸਭ ਕੁਝ ਬਾਹਰ ਹੈ ਇਸ ਲਈ ਉਹ ਕਥਾਕਾਰੀ ਸ਼ੈਲੀ ਰਾਹੀਂ ਸੰਮੋਹਤ ਹੁੰਦਾ ਹੈ। ਪਰੰਤੂ 84 ਤੋਂ ਬਾਦ ਜਦ ਰਜਨੀਸ਼ ਪ੍ਰਸਿੱਧੀ ਪ੍ਰਾਪਤ ਕਰ ਲੈਂਦਾ ਹੈ ਤਾਂ ਉਸਨੂੰ ਲੁਕਾ ਛੁਪੀ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ। ਫਿਰ ਅਮਰੀਕਾ 'ਚ ਓਰੇਗਾਨ ਵਿੱਚ ਬੈਠ ਕੇ ਬਹੁਤ ਕੁਝ ਕਹਿਣਾ ਆਸਾਨ ਵੀ ਸੀ।

ਉਹ ਹੁਣ ਤੱਕ ਕਰ ਰੱਖੇ ਪਰਦਿਆਂ ਨੂੰ ਉਤਾਰ ਸੁੱਟਦਾ ਹੈ ਤੇ ਆਪਣਾ ਅਸਲੀ ਰੂਪ ਪ੍ਰਗਟ ਕਰਦਾ ਕਹਿੰਦਾ ਹੈ, "ਮੈਂ ਹਿੰਦੂਆਂ, ਈਸਾਈਆਂ, ਯਹੂਦੀਆਂ, ਮੁਸਲਮਾਨਾਂ, ਜੈਨੀਆਂ, ਬੋਧੀਆਂ ਤੇ ਸਿੱਖਾਂ ਸਾਹਮਣੇ ਬੋਲਦਾ ਰਿਹਾ ਹਾਂ। ਇਹ ਸਾਰੇ ਤਥਾਕਥਿਤ ਧਰਮਾਂ ਨਾਲ ਸੰਬੰਧ ਰੱਖਦੇ ਹਨ......ਹਿੰਦੂਆਂ ਨਾਲ ਗੱਲ ਕਰਨ ਸਮੇਂ ਮੈਨੂੰ ਕ੍ਰਿਸ਼ਨ ਰਾਹੀਂ ਗੱਲ ਕਰਨੀ ਪੈਂਦੀ ਸੀ। ਜਿਸਤੋਂ ਮੈਨੂੰ ਸੰਤੁਸ਼ਟੀ ਨਹੀਂ ਸੀ। ਕੋਈ ਹੋਰ ਰਾਹ ਵੀ ਤਾਂ ਨਹੀਂ ਸੀ.... ਜਿਨ੍ਹਾਂ ਗੱਲਾਂ ਉੱਪਰ ਮੇਰੀ ਸਹਿਮਤੀ ਵੀ ਸੀ ਉਸ ਬਾਰੇ ਵੀ ਮੈਨੂੰ ਕੁਝ ਹੋਰ ਕਰਨਾ ਪੈਂਦਾ। ਮੈਨੂੰ ਉਨ੍ਹਾਂ ਸ਼ਬਦਾਂ ਨੂੰ ਨਵੇਂ ਅਰਥ ਦੇਣੇ ਪੈਂਦੇ। ਉਨ੍ਹਾਂ ਦੇ ਸ਼ਬਦਾਂ ਨੂੰ ਆਪਣੇ ਅਰਥ। ਕਦੇ ਕਦੇ ਮੈਂ ਉਨ੍ਹਾਂ ਦੇ ਸ਼ਬਦਾਂ ਨੂੰ ਅਜਿਹੇ ਅਰਥ ਵੀ ਦਿੱਤੇ ਜੋ ਮੂਲ ਰੂਪ ਵਿੱਚ ਅਸਲੀ ਅਰਥਾਂ ਤੋਂ ਉਲਟ ਸਨ।" (ਰਜਨੀਸ਼ ਬਾਈਬਲ ਭਾਗ ਪਹਿਲਾ, ਪੰਨਾ_7) ਇਸ ਇੰਕਸਾਫ ਤੋਂ ਬਾਅਦ ਰਜਨੀਸ਼ ਬਾਈਬਲ ਦੇ ਜਿੰਨੇ ਵੀ ਲੈਕਚਰ ਹਨ, ਉਨ੍ਹਾਂ ਵਿੱਚ ਇਤਿਹਾਸਕ ਪਰਿਪੇਖ ਨੂੰ ਪਰ੍ਹੇ ਰੱਖਦਿਆਂ ਅਤਾਰਕਿਕ ਹੱਦ ਤੱਕ ਈਸਾ ਮਸੀਹ ਦੀਆਂ ਦੰਤ ਕਥਾਵਾਂ ਨੂੰ ਆਧਾਰ ਬਣਾ ਕੇ ਈਸਾਈ ਸਿੱਖਿਆਵਾਂ ਦਾ ਗਾਲ੍ਹਾਂ ਨਾਲ ਸਵਾਗਤ ਕੀਤਾ ਗਿਆ ਹੈ। ਗੁਆਂਢੀ ਨੂੰ ਪਿਆਰ ਕਰਨ ਦੀ ਸਿੱਖਿਆ ਤੱਕ ਨੂੰ ਨਹੀਂ ਬਖ਼ਸ਼ਿਆ ਗਿਆ।

ਅਸਲ ਗੱਲ ਹੋਰ ਹੈ। ਉਹ ਇਹ ਹੈ ਕਿ ਈਸਾ ਮਸੀਹ ਗਰੀਬਾਂ ਦਾ ਪੱਖ ਲੈਂਦਾ ਹੈ। ਜੋ ਰਜਨੀਸ਼ ਨੂੰ ਮਨਜ਼ੂਰ ਨਹੀਂ। ਮਾਰਕਸ, ਏਂਗਲਜ, ਲੈਨਿਨ, ਮਾਓ ਆਦਿ ਨੂੰ ਅਮੀਰਾਂ ਦੀ ਦ੍ਰਿਸ਼ਟੀ ਤੋਂ ਪਾਣੀ ਪੀ ਪੀ ਕੇ ਕੋਸਿਆ ਗਿਆ ਹੈ। ਕਬੀਰ ਤੱਕ ਨੂੰ ਨਹੀਂ ਬਖ਼ਸ਼ਿਆ ਗਿਆ। ਹੇਠ ਲਿਖੀਆਂ ਕੁਝ ਪੰਗਤੀਆਂ ਤੋਂ ਉਸਦਾ ਰਵੱਈਆ ਸਪੱਸ਼ਟ ਹੋ ਜਾਂਦਾ ਹੈ। ਉਹ ਕਹਿੰਦਾ ਹੈ, "ਕਾਰਲ ਮਾਰਕਸ ਯਹੂਦੀ ਸੀ। ਇਹੀ ਉਸਦਾ ਦਿਮਾਗ ਸੀ। ਮਸੀਹ ਪਹਿਲਾ ਕਮਿਊਨਿਸਟ ਸੀ ਕਿਉਂਕਿ ਉਹ ਮਾਰਕਸ ਤੋਂ ਵੀ ਵਧੇਰੇ ਅਮੀਰਾਂ ਦੇ ਖਿਲਾਫ਼ ਸੀ। "ਸੂਈ ਦੇ ਨੱਕੇ ਵਿੱਚੋਂ ਦੀ ਊਠ ਨਿਕਲ ਸਕਦਾ ਹੈ, ਪਰੰਤੂ ਅਮੀਰ ਸਵਰਗ ਦੇ ਦਰਵਾਜ਼ੇ ਵਿਚੋਂ ਦੀ ਨਹੀਂ ਗੁਜ਼ਰ ਸਕਦਾ।" ਇਹ ਸ਼ਬਦ ਮਾਰਕਸ ਦੇ ਲਿਖੇ ਹੋਏ ਨਹੀਂ। ਯਸੂ ਮਸੀਹ ਦੇ ਕਹੇ ਹੋਏ ਹਨ।" (ਰਜਨੀਸ਼ ਬਾਈਬਲ, ਭਾਗ ਚੌਥਾ ਪੰਨਾ, 813) ਦੂਸਰਿਆਂ ਨੂੰ ਗਾਲ੍ਹੀਆਂ ਦੇ ਦੇ ਆਪ ਨੂੰ ਅਗਨਾਸਟਿਕ ਸਿੱਧ ਕੀਤਾ ਹੈ। ਸਮਾਜਿਕ ਸਦਾਚਾਰ, ਸੰਸਥਾਵਾਂ, ਰਾਜਨੀਤੀ, ਧਰਮ ਹਰ ਚੀਜ਼ ਦਾ ਵਿਰੋਧ ਕੀਤਾ ਗਿਆ ਹੈ। ਇਸ ਸਭ ਕੁਝ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਰਜਨੀਸ਼

ਅਰਾਜਕਤਾਵਾਦੀ ਦ੍ਰਿਸ਼ਟੀ ਅਪਣਾਉਂਦਾ ਹੈ। ਸਾਨੂੰ ਬਹੁਤੀ ਦੇਰ ਇੰਤਜ਼ਾਰ ਨਹੀਂ ਕਰਨੀ ਪੈਂਦੀ ਰਜਨੀਸ਼ ਆਪ ਹੀ ਇਹ ਮੰਨ ਲੈਂਦਾ ਹੈ ਕਿ ਉਹ ਕੀ ਹੈ ? ਇਸ ਤੋਂ ਬਾਅਦ ਜ਼ਿਆਦਾ ਸੋਚਣ ਦੀ ਜ਼ਰੂਰਤ ਨਹੀਂ ਰਹਿੰਦੀ। ਉਹ ਕਹਿੰਦਾ ਹੈ, "ਮੈਂ ਅਰਾਜਕਤਾਵਾਦੀ ਹਾਂ। ਮੈਂ ਮੂਲ ਰੂਪ ਵਿੱਚ ਵਿਅਕਤੀ ਵਿੱਚ ਵਿਸ਼ਵਾਸ ਰੱਖਦਾ ਹਾਂ। ਮੈਂ ਸਮਾਜ ਵਿੱਚ ਕਤਈ ਵਿਸ਼ਵਾਸ ਨਹੀਂ ਕਰਦਾ। ਮੇਰਾ ਸੱਭਿਅਤਾ ਵਿੱਚ ਵਿਸ਼ਵਾਸ ਨਹੀਂ, ਸਭਿਆਚਾਰ ਵਿੱਚ ਵਿਸ਼ਵਾਸ ਨਹੀਂ। ਮੈਂ ਤਾਂ ਸਿਰਫ਼ ਵਿਅਕਤੀ ਵਿੱਚ ਵਿਸ਼ਵਾਸ ਰੱਖਦਾ ਹਾਂ। ਮੈਂ ਰਾਜ ਵਿੱਚ ਵਿਸ਼ਵਾਸ ਨਹੀਂ ਕਰਦਾ। ਮੈਨੂੰ ਸਰਕਾਰ ਵਿੱਚ ਵਿਸ਼ਵਾਸ ਨਹੀਂ। ਮੈਂ ਦੁਨੀਆਂ ਤੇ ਕੋਈ ਸਰਕਾਰ ਨਹੀਂ ਚਾਹੁੰਦਾ, ਕੋਈ ਰਾਜ ਨਹੀਂ ਚਾਹੁੰਦਾ।" (ਰਜਨੀਸ਼ ਬਾਈਬਲ, ਭਾਗ ਚੌਥਾ, ਪੰਨਾ 888) ਅਜਿਹੇ ਵਿਚਾਰਾਂ ਨੂੰ ਪੜ੍ਹਨ ਸੁਣਨ ਤੋਂ ਬਾਅਦ ਕੋਈ ਸਮਾਜ ਨਾਲ ਜੁੜਿਆ ਆਦਮੀ ਕਿਵੇਂ

ਰਜਨੀਸ਼ ਨੂੰ ਧਿਆ ਸਕਦਾ ਹੈ। ਮੇਰੀ ਸਮਝ ਵਿੱਚ ਅਜੇ ਤੱਕ ਨਹੀਂ ਆਇਆ। ਲਾ ਪਾ ਕੇ ਜਵਾਬ ਅੰਧ ਵਿਸ਼ਵਾਸ ਵਿਚੋਂ ਹੀ ਮਿਲਦਾ ਹੈ। ਉਹ ਤਾਂ ਇਹ ਵੀ ਕਹਿੰਦਾ ਹੈ ਕਿ ਉਹ ਨਾਨਸੀਰੀਅਸ ਵਿਅਕਤੀ ਹੈ ਤੇ ਉਸਦਾ ਧਰਮ ਵੀ ਨਾਨਸੀਰੀਅਸ ਹੈ। ਪਰ ਅਸੀਂ ਉਸਨੂੰ 'ਮਹਾਨ ਦਾਰਸ਼ਨਿਕ' 'ਮਹਾਨ ਬੁੱਧ ਪੁਰਸ਼' 'ਭਗਵਾਨ'

'ਓਸ਼ੋ' ਤੇ ਪਤਾ ਨਹੀਂ ਕੀ ਕੀ ਸਥਾਪਿਤ ਕਰੀ ਜਾ ਰਹੇ ਹਾਂ। ਅਸਲ ਵਿੱਚ ਇਹ ਸਾਡੀ ਗ਼ੁਲਾਮ ਜ਼ਹਨੀਅਤ ਦਾ ਹੀ ਹਿੱਸਾ ਹੈ। ਰਜਨੀਸ਼ ਕਹਿ ਰਿਹਾ ਹੈ, "ਵਿਚਾਰਾਂ ਨਾਲ ਖੇਡੋ। ਮੈਂ ਸ਼ਬਦ 'ਖੇਡਣਾ' ਵਰਤਿਆ ਹੈ ਕਿਉਂਕਿ ਮੈਂ ਨਾਨਸੀਰੀਅਸ ਆਦਮੀ ਹਾਂ ਅਤੇ ਮੇਰਾ ਧਰਮ ਵੀ ਨਾਨਸੀਰੀਅਸ ਹੈ। ਖੇਡ ਜ਼ਾਰੀ ਰੱਖੋ। ਤੁਹਾਡੇ ਕੋਲ ਬਥੇਰਾ ਸਮਾਂ ਹੈ।" (ਰਜਨੀਸ਼ ਬਾਈਬਲ, ਚੌਥਾ ਭਾਗ, ਪੰਨਾ 69) ਜੋ ਆਦਮੀ ਵਿਚਾਰਾਂ ਨਾਲ ਖੇਡਦਾ ਹੈ ਉਹ ਹੋਰ ਕੁਝ ਵੀ ਹੋਵੇ ਦਾਰਸ਼ਨਿਕ ਨਹੀਂ ਹੋ ਸਕਦਾ। ਫਿਰ ਜੋ ਆਦਮੀ ਦਾ ਕਿਹਾ ਪ੍ਰਮਾਣਿਕ ਹੀ ਨਾ ਹੋਵੇ ਤਾਂ ਇਹ ਖੇਡ ਵੀ ਫਜ਼ੂਲ ਹੋ ਜਾਂਦੀ ਹੈ। ਲੋਕ ਰਜਨੀਸ਼ ਨੂੰ ਬਹੁਤ ਪੜ੍ਹਿਆ ਲਿਖਿਆ ਮੰਨਦੇ ਹਨ। ਉਹ ਫ਼ਿਲਾਸਫ਼ਰਾਂ ਦੇ

ਸਾਹਿਤਕਾਰਾਂ ਦੇ, ਲੋਕ ਕਥਾਵਾਂ ਮਿੱਥਾਂ ਦੇ ਪੁਲ ਬੰਨ੍ਹਦਾ ਚਲਾ ਜਾਂਦਾ ਹੈ ਪਰ ਉਸਦੀ ਪ੍ਰਮਾਣਿਕਤਾ ਉਸਦੇ ਆਪਣੇ ਸ਼ਬਦਾਂ ਵਿੱਚ ਇਹ ਹੈ ਕਿ, "ਮੈਂ ਚੀਜ਼ਾਂ ਸਹੀ ਸ੍ਰੋਤਾਂ ਤੋਂ ਨਹੀਂ ਲੈਂਦਾ। ਚੀਜ਼ਾਂ ਲੱਭਣ, ਸਿਰਜਣ ਤੇ ਖੋਜਣ ਦਾ ਮੇਰਾ ਆਪਣਾ ਤਰੀਕਾ ਹੈ। ਮੇਰੇ ਲਈ ਇਤਿਹਾਸਕ ਹੋਣਾ ਜ਼ਰੂਰੀ ਨਹੀਂ। ਜੋ ਚੀਜ਼ ਮੈਨੂੰ ਮਹੱਤਵਪੂਰਣ ਲੱਗਦੀ ਹੈ, ਜੋ ਕਿਸੇ ਸੱਚਾਈ ਵੱਲ ਇਸ਼ਾਰਾ ਕਰਦੀ ਹੈ, ਮੈਂ ਕਿਉਂ ਕਿਤਿਉਂ ਵੀ ਉਠਾ ਲੈਂਦਾ ਹਾਂ ਅਤੇ ਕਿਸੇ ਦੇ ਵੀ ਮੂੰਹ ਵਿੱਚ ਪਾ ਦਿੰਦਾ ਹਾਂ।" (ਰਜਨੀਸ਼ ਬਾਈਬਲ, ਭਾਗ ਚੌਥਾ, ਪੰਨਾ 729) ਸੱਚਾਈ ਦਾ ਇਤਿਹਾਸਕ ਸੰਦਰਭ ਗੁਆਚ ਜਾਏ, ਉਹ ਅਸਲੀ ਵਕਤੇ ਦੀ ਥਾਂ ਕਿਸੇ ਹੋਰ ਦੇ ਮੂੰਹ ਵਿੱਚ ਜਾ ਪਏ, ਤਾਂ ਸੱਚਾਈ ਦਾ ਜੋ ਭੜਥਾ ਬਣੇਗਾ ਉਸਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਰਜਨੀਸ਼ ਦੇ ਹਰ ਲੈਕਚਰ ਵਿੱਚ ਅਜਿਹਾ ਭੜਥਾ ਮਿਲ ਜਾਵੇਗਾ ਪਰ ਇਥੇ ਇੱਕ ਹੀ ਉਦਾਹਰਣ ਦੇਵਾਂਗਾ। ਇੱਕ ਥਾਉਂ ਉਹ ਕਹਿੰਦਾ ਹੈ, "ਸਿੱਖ ਧਰਮ ਦਾ ਬਾਨੀ ਬਾਬਾ ਨਾਨਕ ਕਹਿੰਦਾ ਹੈ ਕਿ ਸਮਾਧੀ ਦਾ ਪਲ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਘੜੀ ਦੀਆਂ ਦੋ ਬਾਹਵਾਂ (ਸੂਈਆਂ) ਦਾ ਬਾਰਾਂ ਉੱਪਰ ਇਕੱਠੀ ਹੋਣਾ। ਇਹ ਦੋ ਨਹੀਂ ਹਨ। ਨਾਨਕ ਉਦਾਹਰਣ ਲੈ ਰਿਹਾ ਕਿ ਸਮਾਧੀ ਦੇ ਪਲ ਵਿੱਚ ਦੁਚਿੱਤੀ ਖ਼ਤਮ ਹੋ ਜਾਂਦੀ ਹੈ ਤੇ ਤੁਸੀਂ ਏਕੇ ਵਿੱਚ ਪ੍ਰਵੇਸ਼ ਕਰਦੇ ਹੋ। ਇਹ ਕੁਝ ਮੌਤ ਨਾਲ ਵੀ ਵਾਪਰਦਾ ਹੈ। ਨਾਨਕ ਦੇ ਬਾਦ ਵਿੱਚ ਵਿਸਤਾਰ ਦਿੱਤਾ ਕਿ ਇਹ ਕੁਝ ਮੌਤ ਨਾਲ ਵਾਪਰਦਾ ਹੈ।

ਇਸ ਲਈ ਪੰਜਾਬ ਵਿੱਚ ਬਾਰਾਂ ਮੌਤ ਦਾ ਪ੍ਰਤੀਕ ਹੈ। ਇਸ ਲਈ ਜਦੋਂ ਕਿਸੇ ਸਰਦਾਰ ਜੀ ਨੂੰ ਪੁੱਛੋ ਕਿ 'ਸਮਾਂ ਕੀ ਹੋਇਆ ਹੈ ?' ਤੇ ਜੇ ਕਿਤੇ ਬਾਰਾਂ ਵੱਜੇ ਹੋਣ ਤਾਂ ਉਹ ਤੁਹਾਡੀ ਕੁਟਾਈ ਸ਼ੁਰੂ ਕਰ ਦੇਵੇਗਾ।" (ਰਜਨੀਸ਼

ਬਾਈਬਲ, ਭਾਗ ਚੌਥਾ, ਪੰਨਾ 296) ਕੀ ਕੋਈ ਮਾਈ ਦਾ ਲਾਲ ਗੁਰੂ ਨਾਨਕ ਦੀ ਬਾਣੀ 'ਚੋਂ ਇਹ ਸਿਧਾਂਤ ਲੱਭ ਕੇ ਦੱਸੇਗਾ ? ਅਸਲ ਵਿੱਚ ਰਜਨੀਸ਼ ਨੇ ਕਿਤਿਉਂ ਹੋਰ ਵਿਚਾਰ ਲਿਆ ਹੈ ਤੇ ਗੁਰੂ ਨਾਨਕ ਦੇ ਮੂੰਹ ਵਿੱਚ ਪਾ ਦਿੱਤਾ ਹੈ। ਜੋ ਬਣਿਆ ਹੈ ਤੁਹਾਡੇ ਸਾਹਮਣੇ ਹੈ। ਮੇਰੇ ਮੂੰਹੋਂ ਸਖ਼ਤ ਸ਼ਬਦ ਨਿਕਲੇ ਤਾਂ ਐਵੇਂ ਰਜਨੀਸ਼ਵਾਦੀ ਦੁਖੀ ਹੋਣਗੇ। ਇਸ ਲਈ ਮੇਰਾ ਸਲਾਮ ਰਜਨੀਸ਼ ਦੀ ਅਰਾਜਕਤਾਵਾਂ ਨੂੰ ਤੇ ਉਸਦੀ ਪ੍ਰਮਾਣਿਕਤਾ ਨੂੰ। ਤੇ ਸਭ ਤੋਂ ਵੱਧ ਸਲਾਮ ਰਜਨੀਸ਼ ਦੇ ਮੰਨਣ ਵਾਲਿਆਂ ਨੂੰ ਜੋ ਇਸ ਤਰ੍ਹਾਂ ਦਾ ਸਭ ਕੁਝ ਪਚਾ ਕੇ ਡਕਾਰ ਵੀ ਨਹੀਂ ਮਾਰਦੇ।

# ਅਧਿਆਇ ਪੰਜਵਾਂ

# ਅਪਰਾਧ-ਬੋਧ, ਸਾਹਿਤ ਤੇ ਬੇਈਮਾਨ

"ਦੋਸਤੋਵਸਕੀ ਦੇ ਨਾਵਲ ਅਪਰਾਧ ਤੇ ਦੰਡ (ਕਰਾਈਮ ਐਂਡ ਪੁਨਿਸ਼ਮੈਂਟ) ਦੀ ਇੱਕ ਘਟਨਾ ਹੈ। ਨਾਵਲ ਦਾ ਪ੍ਰਮੁੱਖ ਪਾਤਰ ਰਸਕੋਲਨੀਕੋਵ ਹੈ ਜੋ ਯੂਨੀਵਰਸਿਟੀ ਦਾ ਵਿਦਿਆਰਥੀ ਹੈ। ਉਹ ਇੱਕ ਮਹੱਲ ਵਰਗੀ ਇਮਾਰਤ ਦੇ ਸਾਹਮਣੇ, ਇੱਕ ਛੋਟੇ ਜਿਹੇ ਕਮਰੇ ਵਿੱਚ ਰਹਿੰਦਾ ਹੈ। ਵੱਡੀ ਇਮਾਰਤ ਵਿੱਚ ਇੱਕ ਬੁੱਢੀ ਔਰਤ ਰਹਿੰਦੀ ਹੈ। ਅੱਸੀ, ਪੱਚਾਸੀ ਜਾਂ ਨੱਬੇ ਸਾਲ ਦੀ। ਰੂਸ ਵਿੱਚ ਇਹ ਅਸੰਭਵ ਨਹੀਂ। ਰੂਸ ਵਿੱਚ ਤੁਹਾਨੂੰ ਡੇਢ ਸੌ ਸਾਲ ਦੀ ਉਮਰ ਦੇ ਲੋਕ ਮਿਲ ਜਾਣਗੇ। ਇਸ ਤੋਂ ਵੀ ਵਧੇਰੀ ਉਮਰ ਦੇ ਕਦੇ ਕਦੇ ਇਕ ਸੌ ਅੱਸੀ ਸਾਲ ਦੇ ਵੀ ਤੇ ਉਹ ਕੰਮ ਕਰਦੇ ਹਨ ਇਸ ਉਮਰ ਵਿੱਚ ਵੀ। ਅਜਿਹੇ ਲੋਕ ਇੱਕ ਜਾਂ ਦੋ ਨਹੀਂ ਹਜ਼ਾਰਾਂ ਹਨ। ਵਿਸ਼ੇਸ਼ ਤੌਰ ਤੇ ਕਾਕੇਸਸ ਖ਼ੇਤਰ ਵਿੱਚ। ਉਹੀ ਖ਼ੇਤਰ ਜਿੱਥੋਂ ਦਾ ਗੁਰਜੀਏਫ਼ ਹੈ। ਇੱਕ ਆਦਮੀ ਇੱਕ ਸੌ ਪੰਜਾਹ, ਸੱਠ ਜਾਂ ਇੱਕ ਸੌ ਸੱਤਰ ਦਾ ਤੇ ਫਿਰ ਖੇਤਾਂ ਵਿੱਚ ਜਵਾਨਾਂ ਵਾਂਗ ਕੰਮ ਕਰਦਾ ਸੀ। "ਰਸਕੋਲਨੀਕੋਵ ਦਾਰਸ਼ਨਿਕ ਕਿਸਮ ਦਾ ਵਿਅਕਤੀ ਹੈ। ਉਹ ਆਪਣੀ ਖਿੜਕੀ ਵਿੱਚ ਬੁੱਢੀ ਔਰਤ ਨੂੰ ਦੇਖਦਾ ਹੈ। ਬੁੱਢੀ ਕੋਲ ਏਨਾ ਧਨ ਹੈ ਕਿ ਉਹ ਅੱਧੇ ਸ਼ਹਿਰ ਦੇ ਮਕਾਨਾਂ ਦੀ ਮਾਲਕ ਹੈ। ਉਸਦਾ ਹੋਰ ਕੋਈ ਨਹੀਂ, ਉਹ ਇਕੱਲੀ ਹੈ ਤੇ ਵੱਡੇ ਮਹੱਲ ਵਿੱਚ ਰਹਿ ਰਹੀ ਹੈ। ਉਹ ਏਨੀ ਕੰਜੂਸ ਹੈ ਕਿ ਉਸਨੇ ਕੋਈ ਨੌਕਰ ਵੀ ਨਹੀਂ ਰੱਖਿਆ ਹੋਇਆ। ਉਸਦਾ ਕਿੱਤਾ ਉੱਚੀ ਦਰ ਤੇ ਲੋਕਾਂ ਨੂੰ ਪੈਸਾ ਦੇਣਾ ਹੈ।

"ਰਸਕੋਲਨੀਕੋਵ ਉਥੇ ਬੈਠਾ ਦੇਖਦਾ ਹੈ ਕਿ ਗ਼ਰੀਬ ਲੋਕ ਚੀਜ਼ਾਂ ਲਿਆਉਂਦੇ ਹਨ ਕਿਉਂਕਿ ਬੁੱਢੀ ਇਨ੍ਹਾਂ ਨੂੰ ਗਹਿਣੇ ਧਰੇ ਬਗੈਰ ਪੈਸਾ ਨਹੀਂ ਦਿੰਦੀ। ਉਹ ਦੇਖਦਾ ਹੈ ਗ਼ਰੀਬ ਲੋਕਾਂ ਨੂੰ ਆਪਣੀਆਂ ਵਸਤਾਂ ਗਹਿਣੇ ਰੱਖਦੇ ਤੇ ਸੂਦ ਤੇ ਪੈਸੇ ਲੈ ਕੇ ਜਾਂਦੇ। ਰਸਕੋਲਨੀਕੋਵ ਤੇ ਲੋਕ ਇਹ ਜਾਣਦੇ ਸਨ ਕਿ ਲੋਕਾਂ ਤੋਂ ਸੂਦ ਵੀ ਵਾਪਿਸ ਨਹੀਂ ਹੋਣਾ, ਮੂਲ ਦੀ ਤਾਂ ਗੱਲ ਹੀ ਵੱਖਰੀ ਹੈ। ਉਹ ਕੀ ਕੀ ਗਹਿਣੇ ਧਰਦੇ ਸਨ ? ਘੜੀਆਂ, ਗਹਿਣੇ ਜਾਂ ਜੋ ਕੁਝ ਵੀ ਉਨ੍ਹਾਂ ਕੋਲ ਹੁੰਦਾ। ਬੁੱਢੀ ਚੀਜ਼ ਦੀ ਅੱਧੀ ਕੀਮਤ ਦਿੰਦੀ। "ਰਸਕੋਲਨੀਕੋਵ ਨੂੰ ਗੁੱਸਾ ਚੜ੍ਹਦਾ ਗਿਆ, ਚੜ੍ਹਦਾ ਗਿਆ, ਚੜ੍ਹਦਾ ਗਿਆ। ਉਸਦਾ ਸਾਰਾ ਦਿਨ ਪਾਰਾ ਉਤਾਂਹ ਹੁੰਦਾ ਗਿਆ। ਉਹ ਸੋਚਣ ਲੱਗਦਾ ਹੈ। ਇਸ ਔਰਤ ਦਾ

ਮੰਤਵ ਕੀ ਹੈ ? ਜੀਉਣਾ ਇਸ ਨੇ ਕਿਸ ਵਾਸਤੇ ਹੈ ? ਉਸਨੇ ਬਥੇਰਾ ਜੀ ਲਿਆ ਹੈ, ਫਿਰ ਵੀ ਉਹੀ ਲੋਕਾਂ ਨੂੰ ਲੁੱਟ ਰਹੀ ਹੈ। ਕੋਈ ਉਸਦਾ ਫਸਤਾ ਕਿਉਂ ਨਹੀਂ ਵੱਢ ਦਿੰਦਾ? ਉਹ ਸੋਚਣ ਲੱਗਦਾ ਹੈ ਕਿ ਉਸਨੂੰ ਮਾਰਨ ਵਿਚ ਕੋਈ ਬੁਰਾਈ ਨਹੀਂ।

ਇਥੋਂ ਹੀ ਦੋਸਤੋਵਸਕੀ ਦੇ ਨਾਵਲ ਦਾ ਸਿਰਲੇਖ ਆਇਆ ਹੈ। 'ਅਪਰਾਧ ਤੇ ਦੰਡ'। ਮਹੀਨਿਆਂ ਤੇ ਸਾਲਾਂ ਬੱਧੀ ਉਸਨੂੰ ਦੇਖਦਾ ਹੈ ਤੇ ਉਸ ਬਾਰੇ ਵਿਚਾਰ ਬਣਾਉਂਦਾ ਹੈ ਕਿ ਕੋਈ ਉਸਨੂੰ ਨਹੀਂ ਮਾਰੇਗਾ ਇਹ ਕੰਮ ਉਸੇ ਨੂੰ ਹੀ ਕਰਨਾ ਪਵੇਗਾ। "ਅਖ਼ੀਰ ਇੱਕ ਦਿਨ ਉਹ ਫ਼ੈਸਲਾ ਕਰ ਲੈਂਦਾ ਹੈ। ਕਾਫ਼ੀ ਹੋ ਗਿਆ, ਹੁਣ ਉਹ ਬਰਦਾਸ਼ਤ ਨਹੀਂ ਕਰੇਗਾ। ਇਸਦੀ ਲੋੜ ਵੀ ਪੈਦਾ ਹੋ ਗਈ। ਉਸਨੇ ਅਖ਼ੀਰਲੀ ਕਲਾਸ ਦੀ ਫੀਸ ਭਰਨੀ ਹੈ ਤੇ ਉਸ ਕੋਲ ਪੈਸਾ ਨਹੀਂ ਹੈ। ਉਹ ਸ਼ਾਮ ਨੂੰ ਜਾਂਦਾ ਹੈ। ਉਹ ਹੱਥ ਘੜੀ ਲੈਂਦਾ ਹੈ, ਅਤੇ ਉਦੋਂ ਤੱਕ ਇੰਤਜ਼ਾਰ ਕਰਦਾ ਹੈ ਜਦੋਂ ਤੱਕ ਸਾਰੇ ਚਲੇ ਨਹੀਂ ਜਾਂਦੇ ਅਤੇ ਹਨੇਰਾ ਨਹੀਂ ਹੋ ਜਾਂਦਾ। "ਔਰਤ ਏਨੀ ਕੰਜੂਸ ਸੀ ਕਿ ਉਹ ਮੋਮਬੱਤੀ ਵੀ ਨਹੀਂ ਸੀ ਜਲਾਉਂਦੀ। ਜਦੋਂ ਹਨੇਰਾ ਹੁੰਦਾ ਉਹ ਦਰਵਾਜ਼ਾ ਢੋਂਦੀ, ਅੰਦਰੋਂ ਜੰਦਰਾ ਮਾਰਦੀ ਅਤੇ ਰਾਤ ਭਰ ਲਈ ਗਾਇਬ ਹੋ ਜਾਂਦੀ।

ਇਸ ਤੋਂ ਪਹਿਲਾਂ ਕਿ ਉਹ ਅਜਿਹਾ ਕਰਦੀ, ਉਹ ਅੰਦਰ ਦਾਖ਼ਲ ਹੋ ਜਾਂਦਾ ਹੈ। ਉਹ ਤਾਲਾ ਲਾਉਣ ਲਈ ਹੇਠਾਂ ਉੱਤਰਦੀ ਹੈ ਉਹ ਅੰਦਰ ਆ ਕੇ ਕਹਿੰਦਾ ਹੈ, "ਮੈਂ ਕਾਫ਼ੀ ਪ੍ਰੇਸ਼ਾਨ ਹਾਂ, ਤੂੰ ਮੈਨੂੰ ਜਾਣਦੀ ਹੈਂ। ਮੈਂ ਤੇਰੇ ਘਰ ਦੇ ਬਿਲਕੁਲ ਸਾਹਮਣੇ ਰਹਿੰਦਾ ਹਾਂ। ਤੂੰ ਮੇਰੀ ਘੜੀ ਰੱਖਲੈ ਪਰ ਤੈਨੂੰ ਪੈਸੇ ਦੇਣੇ ਪੈਣਗੇ ਪਰ ਹੁਣੇ ਹੀ। ਕਲ੍ਹ ਸੁਬਹ ਮੈਂ ਇਮਤਿਹਾਨ ਦਾ ਫਾਰਮ ਭਰਨਾ ਹੈ। ਜੇ ਮੈਂ ਖੁੰਝ ਗਿਆ ਮੇਰੇ ਦੋ ਸਾਲ ਬਰਬਾਦ ਹੋ ਜਾਣਗੇ। "ਉਹ ਕਹਿਣ ਲੱਗੀ, "ਠੀਕ ਹੈ ਮੇਰੇ ਨਾਲ ਅੰਦਰ ਆ।" ਉਹ ਉਸਦੇ ਪਿੱਛੇ ਜਾਂਦਾ ਹੈ, ਮਾਰਨ ਲਈ ਤਿਆਰ ਹੋ ਕੇ। ਉਸਨੇ ਅਨੇਕਾਂ ਬਾਰ ਚਿਤਵਿਆ ਸੀ ਕਿ ਉਹ ਉਸਨੂੰ ਕਿਵੇਂ ਮਾਰੇਗਾ। ਕੋਈ ਬਹੁਤਾ ਕੁਝ ਨਹੀਂ ਕਰਨਾ ਪਵੇਗਾ। ਉਹ ਏਨੀ ਬੁੱਢੀ ਹੈ ਕਿ ਉਸਦਾ ਗਲਾ ਦਬਾਣਾ ਪਵੇਗਾ ਤੇ ਬਸ। ਉਸਨੇ ਉਸਦੀ ਕਲਪਨਾ ਕੀਤੀ, ਸੁਪਨੇ ਲਏ ਤੇ ਇੱਕ ਬੱਝਵਾਂ ਵਿਚਾਰ ਬਣਾਇਆ ਕਿ ਇਹ ਅਪਰਾਧ ਨਹੀਂ, ਪਾਪ ਨਹੀਂ। ਅਸਲ ਵਿੱਚ.... ਰਸਕੋਲਨੀਕੋਵ ਇਸ ਗੱਲ ਬਾਰੇ ਪੱਕਾ ਹੋ ਜਾਂਦਾ ਹੈ ਕਿ ਇਸ ਬੁੱਢੀ ਦਾ ਕਤਲ ਅਪਰਾਧ ਨਹੀਂ। ਉਸਨੇ ਇੱਕ ਦਿਨ ਤਾਂ ਮਰਨਾ ਹੀ ਹੈ

ਫਿਰ ਉਸਨੂੰ ਲੋਕਾਂ ਦੀ ਲੁੱਟ ਕਰਨ ਦੀ ਇਜ਼ਾਜ਼ਤ ਕਿਉਂ ਦਿੱਤੀ ਜਾਵੇ ? "ਉਹ ਉਸਨੂੰ ਆਪਣੀ ਘੜੀ ਦਿੰਦਾ ਹੈ। ਅਜੇ ਹਨੇਰਾ ਪੈ ਰਿਹਾ ਹੈ ਇਸ ਲਈ ਉਹ

ਕੀਮਤ ਤੈਅ ਕਰਨ ਲਈ ਧਿਆਨ ਨਾਲ ਘੜੀ ਨੂੰ ਦੇਖਣ ਲਈ ਖਿੜਕੀ ਕੋਲ ਜਾਂਦੀ ਹੈ ਕਿਉਂਕਿ ਉਹ ਮੋਮਬੱਤੀ ਨਹੀਂ ਸੀ ਬਾਲਦੀ ਤੇ ਇਹ ਇਤਫਾਕ ਹੈ ਕਿ ਉਸਨੂੰ ਦਿਲ ਦਾ ਦੌਰਾ ਪੈ ਜਾਂਦਾ ਹੈ। ਉਹ ਥਾਏਂ ਡਿੱਗ ਜਾਂਦੀ ਹੈ ਤੇ ਮਰ ਜਾਂਦੀ ਹੈ। ਰਸਕੋਲਨੀਕੋਵ ਨੇ ਉਸਨੂੰ ਮਾਰਨ ਦਾ ਕਈ ਵਾਰ ਪੱਕਾ ਇਰਾਦਾ ਕੀਤਾ ਸੀ ਇਸ ਲਈ ਉਹ ਸਮਝਦਾ ਹੈ ਕਿ ਉਸਨੇ ਆਪਣਾ ਕੰਮ ਕਰ ਦਿੱਤਾ ਹੈ। "ਉਹ ਬਚ ਕੇ ਨਿਕਲ ਜਾਂਦਾ ਹੈ, ਆਪਣੇ ਕਮਰੇ ਵਿੱਚ ਪਹੰੁਚਦਾ ਹੈ, ਪਰ ਉਸਨੂੰ ਪਤਾ ਹੈ ਕਿ ਪੁਲਿਸ ਆ ਰਹੀ ਹੋਵੇਗੀ। ਇਥੇ ਠਹਿਰਨਾ ਠੀਕ ਨਹੀਂ ਇਸ ਲਈ ਉਹ ਸ਼ਹਿਰ ਦੇ ਦੂਜੇ ਕਿਨਾਰੇ ਆਪਣੇ ਮਿੱਤਰ ਕੋਲ ਠਹਿਰਨ ਚਲਾ ਜਾਂਦਾ ਹੈ। ਮਿੱਤਰ ਪੁੱਛਦਾ ਹੈ, ਤੂੰ ਇੰਨਾ ਘਬਰਾਇਆ ਕਿਉਂ ਹੈ ? ਕੀ ਹੋਇਆ ?" ਉਹ ਕਹਿੰਦਾ ਹੈ, "ਕੁਝ ਨਹੀਂ ਵਾਪਰਿਆ। ਮੈਂ ਕੁਝ ਨਹੀਂ ਕੀਤਾ। ਸ਼ੱਕੀ ਹੋਣ ਦੀ ਕੋਈ ਲੋੜ ਨਹੀਂ।" ਕੁਦਰਤੀ ਤੌਰ ਤੇ ਮਿੱਤਰ ਕਹਿੰਦਾ ਹੈ, "ਮੈਂ ਸ਼ੱਕ ਨਹੀਂ ਕਰ ਰਿਹਾ। ਮੈਂ ਇਹ ਵੀ ਨਹੀਂ ਕਹਿੰਦਾ ਕਿ ਤੂੰ ਕੁਝ ਕੀਤਾ ਹੈ।" ਰਸਕੋਲਨੀਕੋਵ ਅੱਗਿਓਂ ਆਖਦਾ ਹੈ, "ਹਾਂ, ਤੂੰ ਕੁਝ ਨਹੀਂ ਆਖਦਾ। ਪਰ ਤੇਰੀਆਂ ਅੱਖਾਂ ਸਭ ਕੁਝ ਦੱਸ ਰਹੀਆਂ ਨੇ। ਤੂੰ ਕੀ ਸਮਝਦਾ ਹੈ ਕਿ ਮੈਂ ਏਨਾ ਮੂਰਖ ਹਾਂ ਕਿ ਤੇਰੇ ਮਨ ਦੀ ਨਹੀਂ ਜਾਣ ਸਕਦਾ ? ਤੂੰ ਕੀ ਸਮਝਦਾ ਹੈਂ ਕਿ ਮੈਂ ਕਾਤਲ ਹਾਂ ?" ਮਿੱਤਰ ਕਹਿੰਦਾ ਹੈ, "ਤੂੰ ਪਾਗ਼ਲ ਹੈਂ। ਤੂੰ ਕਤਲ ਕਿਉਂ ਕਰੇਂਗਾ।"

"ਰਸਕੋਲਨੀਕੋਵ ਸੌਂ ਨਹੀਂ ਸਕਦਾ। ਉਹ ਬਾਰ ਬਾਰ ਜਾਗ ਜਾਂਦਾ ਹੈ ਤੇ ਮਿੱਤਰ ਨੂੰ ਸੰਬੋਧਿਤ ਹੁੰਦਾ ਹੈ, "ਤੂੰ ਕੁਝ ਸੁਣਿਆਂ ? ਮੈਨੂੰ ਪੁਲਿਸ ਦੀ ਸੀਟੀ ਸੁਣਾਈ ਦਿੱਤੀ।" ਿਮੱਤਰ ਜਵਾਬ ਦਿੰਦਾ ਹੈ, "ਇਥੇ ਕੋਈ ਨਹੀਂ, ਕੋਈ ਪੁਲਿਸ ਨਹੀਂ। ਉਹ ਇੱਥੇ ਆ ਕੇ ਸੀਟੀਆਂ ਕਿਉਂ ਵਜਾਏਗੀ ?" ਰਸਕੋਲਨੀਕੋਵ, "ਸ਼ਾਇਦ ਮੈਨੂੰ ਸੁਪਨਾ ਆਇਆ ਹੈ।" ਦੁਬਾਰਾ, "ਕੀ ਤੂੰ ਦਸਤਕ ਸੁਣੀ, ਮੈਨੂੰ ਪੁਲਿਸ ਦੇ ਬੂਟਾਂ ਦਾ ਖੜਕਾ ਸੁਣ ਰਿਹਾ ਹੈ, ਪੈੜਚਾਲ ਘਰ ਵੱਲ ਆ ਰਹੀ ਹੈ।" "ਕੀ ਤੇਰੇ ਸਿਰ ਪੁਲਿਸ ਦਾ ਭੂਤ ਸਵਾਰ ਹੋ ਗਿਆ ਹੈ ?" ਮਿੱਤਰ ਕਹਿੰਦਾ ਹੈ। ਰਸਕੋਲਨੀਕੋਵ ਜਵਾਬ ਦਿੰਦਾ ਹੈ, "ਭੂਤ ਕਿਸ ਤੇ ਸਵਾਰ ਹੋਇਆ ਹੈ ਇਹ ਤਾਂ ਤੇਰੇ ਤੇ ਸਵਾਰ ਹੋਣਾ ਚਾਹੀਦਾ ਹੈ। ਇਹ ਤੇਰਾ ਘਰ ਹੈ, ਮੇਰਾ ਨਹੀਂ। ਪਹਿਲਾਂ ਤਾਂ ਮੈਂ ਕੁਝ ਕੀਤਾ ਹੀ ਨਹੀਂ... ਫਿਰ ਲੋਕ ਆਪਣੀ ਆਈ ਮਰਦੇ ਹਨ।

ਇਹ ਜ਼ਰੂਰੀ ਨਹੀਂ ਕਿ ਕਿਸੇ ਨੇ ਉਨ੍ਹਾਂ ਨੂੰ ਮਾਰਿਆ ਹੀ ਹੋਵੇ।" "ਸੁਬਹ ਤੱਕ ਉਸਨੇ ਮਿੱਤਰ ਨੂੰ ਪਾਗ਼ਲ ਬਣਾ ਦਿੱਤਾ।

ਅਖ਼ੀਰ ਰਸਕੋਲਨੀਕੋਵ ਨੇਆਪਣੇ ਮਿੱਤਰ ਤੋਂ ਖੁਦ ਮੰਗ ਕੀਤੀ, "ਮੈਨੂੰ ਪੁਲਿਸ ਸਟੇਸ਼ਨ ਲੈ ਚਲ ਕਿਉਂਕਿ ਉਹ ਮੇਰੇ ਦੁਆਲੇ ਘੁੰਮਦੇ ਹਨ, ਉਹ ਮੈਨੂੰ ਫੜ ਲੈਣਗੇ। ਹੁਣ ਤੱਕ ਉਨ੍ਹਾਂ ਨੂੰ ਪਤਾ ਲੱਗ ਗਿਆ ਹੋਵੇਗਾ ਕਿ ਬੁੱਢੀ ਨੂੰ ਗਲ ਘੁੱਟ ਕੇ ਮਾਰਿਆ ਗਿਆ ਹੈ। ਉਨ੍ਹਾ ਨੇ ਮੇਰੀ ਘੜੀ ਉਸਦੇ ਹੱਥਾਂ ਵਿੱਚ ਵੇਖ ਲਈ ਹੋਵੇਗੀ। ਇਹ ਆਪਣੇ ਆਪ ਵਿੱਚ ਸਬੂਤ ਹੈ। ਹੋਰ ਉਹ ਘੜੀ ਉਥੇ ਕਿਵੇਂ ਪਹੁੰਚੀ? ਕਿਸੇ ਨੇ ਮੈਨੂੰ ਬੁੱਢੀ ਦੇ ਘਰ ਜਾਂਦਿਆਂ ਤੇ ਆਉਂਦਿਆਂ ਵੇਖ ਲਿਆ ਹੋਵੇਗਾ। ਕੋਈ ਬਚਾਅ ਨਹੀਂ ਮੈਨੂੰ ਆਤਮ ਸਮਰਪਣ ਕਰਨਾ ਚਾਹੀਦਾ ਹੈ। "ਉਹ ਪੁਲਿਸ ਸਟੇਸ਼ਨ ਜਾਂਦਾ ਹੈ। ਉਹ ਪੁਲਿਸ ਨੂੰ ਸਮਝਾਉਣ ਦੀ ਪੂਰੀ ਕੋਸ਼ਿਸ਼ ਕਰਦਾ ਹੈ। ਪੁਲਿਸ ਅਨੁਸਾਰ, "ਤੂੰ ਨਿਰਾ ਪਾਗ਼ਲ ਹੈਂ। ਔਰਤ ਦਿਲ ਦੇ ਦੌਰੇ ਕਾਰਨ ਮਰੀ। ਡਾਕਟਰ ਦੀ ਰਿਪੋਰਟ ਆ ਗਈ ਹੈ।" ਰਸਕੋਲਨੀਕੋਵ ਮੰਨਦਾ ਨਹੀਂ, "ਤੁਸੀਂ ਮੈਨੂੰ ਸਮਝਾਉਣਾ ਚਾਹੁੰਦੇ ਹੋ ? ਮੈਂ ਹਾਂ ਉਹ ਆਦਮੀ ਜਿਸਨੇ ਔਰਤ ਨੂੰ ਮਾਰਿਆ। ਮੈਂ ਇਸਦਾ ਇਕਬਾਲ ਕਰਦਾ ਹਾਂ। "ਆਤਮ ਗਿਲਾਨੀ ਪੈਦਾ ਹੁੰਦੀ ਹੈ ਤੇ ਵਿਅਕਤੀ ਆਪਣੇ ਆਪ ਨੂੰ ਸਜ਼ਾ ਦਿੰਦਾ ਹੈ।

ਅਪਰਾਧ ਤੇ ਦੰਡ ਦਾ ਇਹ ਅਰਥ ਹੈ। ਤੇ ਇੱਕ ਸੁਪਨਾ ਜੋ ਉਸਨੇ ਇੰਨੀ ਬਾਰ ਲਿਆ। ਹੁਣ ਉਹ ਇਹ ਨਹੀਂ ਸਮਝ ਸਕਦਾ ਕਿ ਉਹ ਸੁਪਨਾ ਸੀ ਕਿ ਉਸਨੇ ਸੱਚਮੁੱਚ ਅਜਿਹਾ ਕੀਤਾ ਸੀ। ਉਸਨੇ ਅਜਿਹਾ ਨਹੀਂ ਸੀ ਕੀਤਾ ਪਰ ਉਹ ਪੁਲਿਸ ਨੂੰ ਤੰਗ ਕਰਦਾ ਹੈ। ਉਹ ਡਾਕਟਰ ਕੋਲ ਜਾ ਕੇ ਆਖਦਾ ਹੈ, "ਤੁਹਾਡੀ ਰਿਪੋਰਟ ਗ਼ਲਤ ਹੈ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੈਂ ਹੀ ਉਸਨੂੰ ਮਾਰਿਆ ਹੈ। ਘੜੀ ਉਸਦਾ ਸਬੂਤ ਹੈ।" "ਡਾਕਟਰ ਕਹਿੰਦਾ ਹੈ। ਘੜੀ ਕੋਈ ਸਬੂਤ ਨਹੀਂ। ਅਸੀਂ ਸਭ ਕੁਝ ਚੈੱਕ ਕੀਤਾ ਹੈ ਤੇ ਇਸ ਸਿੱਟੇ 'ਤੇ ਪਹੁੰਚੇ ਹਾਂ ਕਿ ਔਰਤ ਦਿਲ ਦਾ ਦੌਰਾ ਪੈਣ ਨਾਲ ਮਰੀ ਹੈ।" ਪਰ ਵਿਅਕਤੀ ਸਜ਼ਾ ਚਾਹੁੰਦਾ ਹੈ। ਅਖ਼ੀਰ ਤੇ ਪੁਲਿਸ ਉਸਦੀ ਤਸੱਲੀ ਲਈ ਉਸਨੂੰ ਸੀਖ਼ਾਂ ਅੰਦਰ ਕਰ ਦਿੰਦੀ ਹੈ। ਹੋਰ ਕੀ ਹੋ ਸਕਦਾ ਸੀ। ਸੀਖਾਂ ਪਿੱਛੇ ਜਾਣ ਬਾਦ ਉਹ ਸ਼ਾਂਤ ਹੋ ਜਾਂਦਾ ਹੈ।" ਜਦੋਂ ਮੈਂ ਦੋਸਤੋਵਸਕੀ ਦੇ ਨਾਵਲ ਵਿਚੋਂ ਦਿੱਤੇ ਇਹ ਉਦਾਹਰਣ ਪੜ੍ਹੇ ਤਾਂ ਮੈਂ ਚੌਂਕ ਪਿਆ। ਕਿਉਂਕਿ ਦੋਸਤੋਵਸਕੀ ਦੇ ਸਾਰੇ

ਵੇਰਵੇ ਉਲਟੇ ਹੋ ਗਏ ਸਨ। ਕੁਦਰਤੀ ਮੇਰੀ ਜਗਿਆਸਾ ਵਧੀ। ਨਾਵਲ ਦਾ ਹਿੰਦੀ ਅਨੁਵਾਦ ਜੋ ਸਿੱਧਾ ਰੂਸੀ ਤੋਂ ਕੀਤਾ ਗਿਆ ਸੀ ਮੈਂ ਪੜ੍ਹਿਆ ਸੀ ਤੇ ਹੁਣ ਲੱਭਣ ਤੇ ਲੱਭ ਵੀ ਪਿਆ। ਉਸ ਵਿਚ ਮੂਲ ਪਾਠ ਇਉਂ ਚੱਲਦਾ ਹੈ।

ਸੂਦਖ਼ੋਰ ਔਰਤ ਬੁੱਢੀ ਅਲਯੋਨਾ ਇਵਾਨੋਵਨਾ ਅਮੀਰ ਹੈ ਜਿਸ ਬਾਰੇ ਇੱਕ ਵਿਦਿਆਰਥੀ ਕੁਝ ਵਧਾ ਚੜ੍ਹਾ ਕੇ ਇਉਂ ਕਹਿੰਦਾ ਹੈ 'ਉਸ ਤੋਂ ਪੈਸਾ ਕਦੇ ਵੀ ਮਿਲ ਸਕਦਾ ਹੈ। ਯਹੂਦੀਆਂ ਵਾਂਗ ਅਮੀਰ ਹੈ। ਇੱਕੋ ਵੇਲੇ 5000 ਰੂਬਲ ਦਾ ਕਰਜ਼ਾ ਦੇ ਸਕਦੀ ਹੈ। ਪਰੰਤੂ ਉਸਨੂੰ ਇੱਕ ਰੂਬਲ ਦੀ ਚੀਜ਼ ਗਿਰਵੀ ਰੱਖਣ ਤੇ ਵੀ ਕੋਈ ਇਤਰਾਜ਼ ਨਹੀਂ। ਸਾਡੇ ਕਈ ਸਾਥੀਆਂ ਦਾ ਉਸ ਨਾਲ ਵਿਉਹਾਰ ਰਹਿ ਚੁੱਕਾ ਹੈ। ਬੁੱਢੀ ਹੈ ਕਮਾਲ ਦੀ ਖ਼ੂਸਟ..." ਬੁੱਢੀ ਅਮੀਰ ਤਾਂ ਹੈ ਪਰ ਇਹ ਨਹੀਂ ਕਿ ਅੱਧਾ ਪੀਟਰਬਰਗ ਉਸਦੇ ਕਬਜ਼ੇ ਵਿੱਚ ਹੋਵੇ। ਰਸਕੋਲਨੀਕੋਲ ਜਿਸ ਬਿਲਡਿੰਗ ਵਿੱਚ ਰਹਿ ਰਿਹਾ ਸੀ ਉਹ ਬੁੱਢੀ ਦੀ ਬਿਲਡਿੰਗ ਤੋਂ ਨਾਵਲ ਅਨੁਸਾਰ 730 ਕਦਮਾਂ ਦੀ ਦੂਰੀ ਤੇ ਸੀ। ਸਾਰਾ ਸ਼ਹਿਰ ਬੁੱਢੀ ਦੇ ਕਾਰਨਾਮੇ ਜਾਣਦਾ ਹੈ ਤੇ ਨਕਾਰਵਾਦੀ ਨੌਜਵਾਨ ਉਸਨੂੰ ਮਾਰਨ ਦੀਆਂ ਗੱਲਾਂ ਕਰਦੇ ਹਨ। ਉਂਝ ਅਗਾਂਹ ਕੋਈ ਨਹੀਂ ਆਉਂਦਾ। ਵਾਤਾਵਰਣ ਤੋਂ ਪ੍ਰੇਰਿਤ ਰਸਕੋਲਨੀਕੋਵ ਆਪ ਬੁੱਢੀ ਨੂੰ ਮਾਰਨ ਦਾ ਮਨ ਬਣਾ ਲੈਂਦਾ ਹੈ। ਇਸ ਲਈ ਉਹ ਰਿਹਰਸਲ ਕਰਦਾ ਹੈ। ਪਹਿਲਾਂ ਉਹ ਚਾਂਦੀ ਦੀ ਘੜੀ ਲੈ ਕੇ ਜਾਂਦਾ ਹੈ ਜੋ ਬੁੱਢੀ ਡੇੜ ਰੂਬਲ ਵਿਚ ਰੱਖਦੀ ਹੈ। ਪਿਛਲਾ ਸੂਦ ਕੱਟ ਕੇ ਰਕਮ ਇੱਕ ਰੂਬਲ ਪੰਦਰਾਂ ਕੋਪਕ ਹੀ ਦਿੰਦੀ ਹੈ। ਘਰੋਂ ਤੁਰਨ ਤੋਂ ਲੈ ਕੇ ਘੜੀ ਦੇ ਆਉਣ ਤੱਕ ਦੇ ਰਸਕੋਲਨੀਕੋਵ ਦੇ ਮਾਨਸਿਕ ਉਤਰਾਵਾਂ ਚੜ੍ਹਾਵਾਂ ਨੂੰ ਬੜੀ ਬਾਰੀਕੀ ਨਾਲ ਚਿਤਰਿਆ ਗਿਆ ਹੈ। ਪਹਿਲੀ ਬਾਰ ਉਹ ਸਾਰੇ ਘਰ ਬਾਰੇ ਜਾਣਕਾਰੀ ਲੈ ਕੇ ਆਉਂਦਾ ਹੈ। ਜਿਸ ਦਿਨ ਉਸਨੇ ਕਤਲ ਕਰਨ ਜਾਣਾ ਹੈ, ਉਸ ਦਿਨ ਦੇ ਵੇਰਵੇ ਉਹ ਉਲੀਕਦਾ ਹੈ ਤੇ ਬੁੱਢੀ ਦੇ ਘਰ ਦੇ ਵੇਰਵਿਆਂ ਦੀ ਜਾਣਕਾਰੀ ਲੈ ਲੈਂਦਾ ਹੈ। ਇੱਕ ਮਸਲਾ ਉਲਝਿਆ ਕਿ ਕੁਹਾੜੀ ਉਸਨੂੰ ਰਸੋਈ ਵਿੱਚੋਂ ਨਹੀਂ ਮਿਲ ਸਕੀ ਕਿਉਂਕਿ ਉਥੇ ਕੋਈ ਹੈ। ਪਰ ਉਸ ਆਦਮੀ ਦੇ ਮੰਜੇ ਹੇਠੋਂ ਮਿਲ ਜਾਂਦੀ ਹੈ ਜੋ ਹੁਣੇ ਉਥੋਂ ਉੱਠ ਕੇ ਗਿਆ ਹੈ।

ਪਹਿਲੀ ਬਾਰ ਗਿਆ ਉਹ ਬੁੱਢੀ ਨੂੰ ਕਹਿ ਆਉਂਦਾ ਹੈ ਕਿ ਉਹ ਅਗਲੀ ਬਾਰ ਚਾਂਦੀ ਦਾ ਸਿਗਰਟ ਕੇਸ ਲੈ ਕੇ ਆਏਗਾ। ਉਸਨੇ ਲਕੜੀ ਲੈ ਕੇ ਉੱਪਰ ਪੱਤਰਾ ਚੜ੍ਹਾ ਕੇ ਪੈਕ ਕੀਤਾ ਤੇ ਚੰਗੀ ਤਰ੍ਹਾਂ ਬੰਨ੍ਹ ਦਿੱਤਾ ਤਾਂ ਕਿ ਖੁੱਲ੍ਹਣ ਵਿੱਚ ਦੇਰ ਲੱਗੇ। ਇਹ ਸੀ ਚਾਂਦੀ ਦਾ ਸਿਗਰੇਟ ਕੇਸ। ਕੁਹਾੜੀ ਕੋਟ ਵਿੱਚ ਸਾਂਭ ਅਤੇ ਸਿਗਰਟ ਕੇਸ ਲੈ ਕੇ ਰਸਕੋਲਨੀਕੋਵ ਸਾਰਿਆਂ ਦੀਆਂ ਨਜ਼ਰਾਂ ਤੋਂ ਬਚਦਾ ਬੁੱਢੀ ਕੋਲ ਪਹੁੰਚ ਜਾਂਦਾ ਹੈ। ਘੰਟੀ ਵਜਾਉਂਦਾ ਹੈ ਕਾਫ਼ੀ

ਦੇਰ ਬਾਦ ਬੁੱਢੀ ਬਾਹਰ ਆਉਂਦੀ ਹੈ। ਉਸਦੇ ਸ਼ੰਕੇ ਦੂਰ ਕਰਦਾ ਆਪ ਝੂਠ ਬੋਲਦਾ ਸਹਿਜ ਹੋਣ ਦੇ ਯਤਨ ਵਿੱਚ ਨਾਇਕ 'ਚਾਂਦੀ ਦਾ ਸਿਗਰੇਟ ਕੇਸ' ਉਸਨੂੰ ਫੜ੍ਹਾਉਂਦਾ ਹੈ। "ਇਹ ਕੀ ਹੈ ?" ਉਸਨੇ ਰਸਕੋਲਨੀਕੋਵ ਨੂੰ ਧਿਆਨ ਨਾਲ ਦੇਖਦਿਆਂ ਪੈਕਟ ਨੂੰ ਹੱਥ 'ਚ ਤੋਲਦਿਆਂ ਫਿਰ ਪੁੱਛਿਆ। "ਇੱਕ ਚੀਜ਼ ਹੈ.... ਸਿਗਰਟ ਕੇਸ......ਚਾਂਦੀ ਦਾ........ ਦੇਖ ਲਉ।" "ਪਰ ਚਾਂਦੀ ਦਾ ਤਾਂ ਨਹੀਂ ਲੱਗਦਾ... ਲਪੇਟ ਕਿਵੇਂ ਰੱਖਿਆ ਹੈ ?" "ਡੋਰੀ ਦੀ ਗੱਠ ਖੋਲ੍ਹਣ ਦੀ ਕੋਸ਼ਿਸ਼ ਉਸਨੇ ਕੀਤੀ। ਉਹ ਖਿੜਕੀ ਵੱਲ, ਰੌਸ਼ਨੀ ਲਈ ਮੁੜੀ। ਦਮ ਖੁਸ਼ਕ ਕਰਨ ਵਾਲੀ ਗਰਮੀ ਦੇ ਬਾਵਜੂਦ ਸਾਰੀਆਂ ਖਿੜਕੀਆਂ ਬੰਦ ਸਨ।

ਰਸਕੋਲਨੀਕੋਵ ਨੂੰ ਉਸਨੇ ਕੁਝ ਸਕਿੰਟਾਂ ਲਈ ਇਕੱਲਾ ਛੱਡ ਦਿੱਤਾ। ਆਪ ਉਹ ਉਸ ਵੱਲ ਪਿੱਠ ਕਰਕੇ ਖਲੋ ਗਈ। ਰਸਕੋਲਨੀਕੋਵ ਨੇ ਕੋਟ ਦਾ ਬਟਨ ਖੋਲ੍ਹਿਆ ਤੇ ਕੁਹਾੜੀ ਨੂੰ ਫੰਦੇ ਤੋਂ ਆਜ਼ਾਦ ਕਰ ਲਿਆ। ਪੂਰੀ ਤਰ੍ਹਾਂ ਉਸਨੂੰ ਬਾਹਰ ਨਹੀਂ ਕੱਢਿਆ ਸਗੋਂ ਕੋਟ ਦੇ ਹੇਠਾਂ ਹੀ ਸੱਜੇ ਹੱਥ ਨਾਲ ਫੜ੍ਹੀ ਰੱਖਿਆ। ਉਸਦੇ ਹੱਥ ਬਿਲਕੁਲ ਕਮਜ਼ੋਰ ਸਨ। ਉਸਨੂੰ ਲੱਗ ਰਿਹਾ ਸੀ ਕਿ ਇਹ ਹੱਥ ਹਰ ਛਿਣ ਹੋਰ ਕਮਜ਼ੋਰ ਹੋ ਰਹੇ ਹਨ ਤੇ ਲੱਕੜੀ ਵਾਂਗ ਸਖ਼ਤ। ਉਹ ਡਰ ਰਿਹਾ ਸੀ ਕਿ ਕੁਹਾੜੀ ਉਸਦੇ ਹੱਥੋਂ ਡਿੱਗ ਨਾ ਪਵੇ। ਅਚਾਨਕ ਉਸਦਾ ਸਿਰ ਚਕਰਾਉਣ ਲੱਗਾ। "ਏਨਾ ਕੱਸ ਕੇ ਕਿਉਂ ਬੰਨ੍ਹ ਰੱਖਿਆ ?" ਬੁੱਢੀ ਝੁੰਝਲਾ ਕੇ ਚੀਕੀ ਤੇ ਉਸ ਵੱਲ ਵਧੀ। "ਹੁਣ ਉਸ ਕੋਲ ਜਾਇਆ ਕਰਨ ਲਈ ਇੱਕ ਮਿੰਟ ਦਾ ਸਮਾਂ ਵੀ ਨਹੀਂ ਸੀ। ਉਸਨੇ ਕੁਹਾੜੀ ਪੂਰੀ ਬਾਹਰ ਕੱਢ ਲਈ ਅਤੇ ਉਸਨੂੰ ਦੋਨਾਂ ਹੱਥਾਂ ਨਾਲ ਘੁਮਾਇਆ। ਉਸਨੂੰ ਖ਼ੁਦ ਨੂੰ ਨਹੀਂ ਸੀ ਪਤਾ ਕਿ ਉਹ ਕੀ ਕਰ ਰਿਹਾ ਹੈ। ਉਸਨੇ ਬਿਨ੍ਹਾਂ ਕਿਸੇ ਤਰੱਦਦ ਦੇ ਮਸ਼ੀਨ ਵਾਂਗ ਕੁਹਾੜੀ ਦਾ ਪੁੱਠਾ ਪਾਸਾ ਬੁੱਢੀ ਦੇ ਸਿਰ ਤੇ ਮਾਰਿਆ। ਇਉਂ ਨਹੀਂ ਸੀ ਲੱਗ ਰਿਹਾ ਕਿ ਉਹ ਇਸ ਕੰਮ ਵਿੱਚ ਆਪਣੀ ਤਾਕਤ ਇਸਤੇਮਾਲ ਕਰ ਰਿਹਾ ਸੀ। ਇਕ ਬਾਰ ਕੁਹਾੜੀ ਚਲਾਉਂਦਿਆਂ ਹੀ ਉਸਦੀ ਸਾਰੀ ਸ਼ਕਤੀ ਮੁੜ ਆਈ।

"ਬੁੱਢੀ ਹਮੇਸ਼ਾ ਵਾਂਗ ਨੰਗੇ ਸਿਰ ਸੀ। ਉਸਦੇ ਪਤਲੇ ਛਿਦਰੇ ਬਾਲ ਸਨ। ਇਨ੍ਹਾਂ ਵਿੱਚ ਕਿਤੇ ਕਿਤੇ ਸਫੈਦ ਧਾਰੀਆਂ ਸਨ। ਤੇਲ ਖ਼ੂਬ ਚੋਪੜਿਆ ਹੋਇਆ ਸੀ। ਚੂਹੇ ਦੀ ਪੂਛ ਵਰਗੀ ਗੁਤਨੀ ਸੀ। ਸਿੰਗ ਦੀ ਕੰਘੀ ਨਾਲ ਬਾਲ ਅਟਕਾਏ ਸਨ। ਇਹ ਕੰਘੀ ਉੱਪਰ ਉੱਭਰੀ ਹੋਈ ਸੀ। ਕਿਉਂਕਿ ਉਹ ਕੱਦ ਦੀ ਬਹੁਤ ਮਧਰੀ ਸੀ ਇਸ ਲਈ ਕੁਹਾੜੀ ਦਾ ਵਾਰ ਸਿੱਧਾ ਉਸਦੇ ਟੋਟਨ ਤੇ ਪਿਆ। ਉਹ ਚੀਕੀ, ਪਰ ਕਮਜ਼ੋਰ ਆਵਾਜ਼ ਵਿੱਚ। ਹੱਥ ਨੂੰ ਸਿਰ

ਵੱਲ ਚੁੱਕਦੀ ਫਰਸ਼ ਤੇ ਢੇਰ ਹੋ ਗਈ। ਇੱਕ ਹੱਥ ਵਿੱਚ ਉਸਨੇ ਅਜੇ ਵੀ 'ਗਿਰਵੀ ਦੀ ਚੀਜ਼' ਫੜ੍ਹੀ ਹੋਈ ਸੀ। ਰਸਕੋਲਨੀਕੋਵ ਨੇ ਕੁਹਾੜੀ ਦਾ ਇੱਕ ਹੋਰ ਪੁੱਠਾ ਵਾਰ ਕੀਤਾ ਤੇ ਇੱਕ ਹੋਰ। ਖ਼ੂਨ ਇਉਂ ਨਿਕਲਿਆ ਜਿਵੇਂ ਗਲਾਸ ਮੂਧਾ ਮਾਰ ਦਿੱਤਾ ਹੋਵੇ। ਉਸਦਾ ਸਰੀਰ ਪਿੱਛੇ ਵੱਲ ਲੁੜਕ ਗਿਆ। ਰਸਕੋਲਨੀਕੋਵ ਪਿੱਛੇ ਹਟ ਗਿਆ। ਸਰੀਰ ਨੂੰ ਥੱਲੇ ਗਿਰਨ ਦਿੱਤਾ। ਫੌਰਨ ਉਸਦੇ ਚਿਹਰੇ ਵੱਲ ਹੋਇਆ। ਉਹ ਮਰ ਚੁੱਕੀ ਸੀ।" ਉਹ ਚਾਬੀਆਂ ਲੈਂਦਾ ਹੈ, ਅੰਦਰ ਜਾ ਟਰੰਕਾਂ ਨੂੰ ਚਾਬੀਆਂ ਲਾਉਣ ਦੀ ਕੋਸ਼ਿਸ਼ ਕਰਦਾ ਹੈ। ਖੋਲ੍ਹ ਕੇ ਕੁਝ ਚੀਜ਼ਾਂ ਕੋਟ ਪੈਂਟ ਦੀਆਂ ਜੇਬਾਂ ਵਿੱਚ ਪਾ ਲੈਂਦਾ ਹੈ। ਇਨੇ ਨੂੰ ਲਿਜਾਵੇਤਾ, ਬੁੱਢੀ ਦੀ ਛੋਟੀ ਸੌਤੇਲੀ ਭੈਣ ਆ ਜਾਂਦੀ ਹੈ। ਉਸਨੂੰ ਦੇਖ ਕੇ ਉਹ ਬੇਹੱਦ ਡਰ ਜਾਂਦੀ ਹੈ। "ਰਸਕੋਲਨੀਕੋਵ ਕੁਹਾੜੀ ਲੈ ਕੇ ਉਸ ਵੱਲ ਝਪਟਿਆ। ਲਿਜਾਵੇਤਾ ਦੇ ਬੁਲ੍ਹ ਬੜੀ ਤਰਸਯੋਗ ਹਾਲਤ ਵਿੱਚ ਫਰਕਣ ਲੱਗੇ ਜਿਵੇਂ ਬੱਚਿਆਂ ਦੇ ਡਰ ਸਮੇਂ ਫਰਕਦੇ ਹਨ।.....ਕੁਹਾੜੀ ਦੀ ਤੇਜ਼ਧਾਰ ਠੀਕ ਉਸਦੀ ਖੋਪੜੀ ਤੇ ਪਈ ਤੇ ਇੱਕ ਹੀ ਬਾਰ ਸਾਰੀ ਖੋਪੜੀ ਖੁਲ੍ਹ ਗਈ। ਉਹ ਕੱਟੇ ਦਰੱਖ਼ਤ ਦੀ ਤਰ੍ਹਾਂ ਡਿੱਗ ਪਈ। ਰਸਕੋਲਨੀਕੋਵ ਦੇ ਹੋਸ਼ ਉੱਡ ਗਏ। ਉਸਨੇ ਉਸਦੀ ਪੋਟਲੀ ਚੁੱਕੀ ਪਰ ਫਿਰ ਇੱਕ ਦਮ ਵਗਾਹ ਮਾਰੀ ਤੇ ਡਿਊੜੀ ਵੱਲ ਨੂੰ ਭੱਜਾ।"

ਸਾਰਿਆਂ ਦੀਆਂ ਨਜ਼ਰਾਂ ਤੋਂ ਬਚਦਾ ਉਹ ਉਥੋਂ ਨਿੱਕਲ ਜਾਂਦਾ ਹੈ। ਥਾਣੇ ਸੱਦਿਆ ਵਜਾਂਦਾ ਹੈ, ਪਰ ਹੋਰ ਕਾਰਣ ਕਰਕੇ। ਪਰ ਉਸਦੇ ਮਨ ਦਾ ਚੋਰ ਹਮੇਸ਼ਾ ਕਿਸੇ ਨਾ ਕਿਸੇ ਰੂਪ ਵਿੱਚ ਬਾਹਰ ਆਉਂਦਾ ਹੈ। ਆਪਣੇ ਕਮਰੇ ਵਿੱਚ ਪਿਆ ਉਹ ਪੁਲਿਸ ਦੀਆਂ ਆਵਾਜ਼ਾਂ ਸੁਣਦਾ ਹੈ। ਮਿੱਤਰਾਂ ਦੇ ਅਵਾਰਾ ਘੁੰਮਦਾ ਹੈ, ਸ਼ਰਾਬਖਾਨਿਆਂ ਦੇ ਚੱਕਰ ਲਾਉਂਦਾ ਹੈ। ਪੁਲਿਸ ਆਪਣੀ ਜਾਂਚ ਕਰ ਰਹੀ ਹੈ। ਅਖ਼ੀਰ ਉਸ ਉੱਪਰ ਸ਼ੱਕ ਹੋ ਜਾਂਦਾ ਹੈ ਪਰ ਸਬੂਤ ਨਹੀਂ ਮਿਲਦੇ। ਪੁਲਿਸ ਅਧਿਕਾਰੀ ਇਹ ਗੱਲ ਉਸਨੂੰ ਦੱਸ ਵੀ ਦਿੰਦਾ ਹੈ ਪਰ ਚਾਹੁੰਦਾ ਹੈ ਕਿ ਉਹ ਆਪ ਖ਼ੂਨ ਦਾ ਇਕਬਾਲ ਕਰੇ। ਜਦੋਂ ਰਸਕੋਲਨੀਕੋਵ ਮਾਨਸਿਕ ਤੌਰ ਤੇ ਰਾਜ਼ ਰੱਖਣ ਤੋਂ ਹਾਰ ਜਾਂਦਾ ਹੈ ਤਾਂ ਉਹ ਪੁਲਿਸ ਦੇ ਆਪ ਪੇਸ਼ ਹੋ ਜਾਂਦਾ ਹੈ ਤੇ ਇਕਬਾਲ ਕਰਦਾ ਹੈ ਕਿ "ਉਸ ਸੂਦਖ਼ੋਰ ਬੁੱਢੀ ਤੇ ਉਸਦੀ ਭੈਣ ਲਿਜਾਵੇਤਾ ਦਾ ਮੈਂ ਹੀ ਕੁਹਾੜੀ ਨਾਲ ਖ਼ੂਨ ਕੀਤਾ ਸੀ। ਉਨ੍ਹਾਂ ਦੇ ਘਰ ਡਾਕਾ ਮਾਰਿਆ ਸੀ।" ਉਸਨੂੰ ਸਾਇਬੇਰੀਆ ਭੇਜ ਦਿੱਤਾ ਜਾਂਦਾ ਹੈ, ਜੇਲ੍ਹ ਵਿੱਚ। ਉਸਦੀ ਪ੍ਰੇਮਿਕਾ ਵੀ ਉਸਦੇ ਨਾਲ ਨਿਭਦੀ ਹੈ।

ਆਓ ਇਨ੍ਹਾਂ ਦੋਨਾਂ ਪਾਠਾਂ ਦਾ ਅਧਿਐਨ ਕਰੀਏ। ਵੈਸੇ ਜੇ ਸਾਹਿਤਕ ਆਲੋਚਨਾ ਦੀ ਦ੍ਰਿਸ਼ਟੀ ਤੋਂ ਦੇਖਿਆ ਜਾਏ ਤਾਂ ਪਹਿਲੇ ਹਿੱਸੇ ਵਿੱਚ ਮੂਲ ਟੈਕਸਟ ਨੂੰ ਤੋੜ ਮਰੋੜ ਦਿੱਤਾ ਗਿਆ ਹੈ। ਇੱਥੇ ਇਹ ਕਹਿਕੇ ਵੀ ਗੱਲ ਛੱਡੀ ਜਾ ਸਕਦੀ ਹੈ ਕਿ ਪਹਿਲੀ ਟੈਕਸਟ ਦਾ ਕਰਤਾ ਨਾਵਲ ਨੂੰ ਪੜ੍ਹੇ ਬਗੈਰ ਮਰਜ਼ੀ ਦੇ ਨਤੀਜੇ ਕੱਢ ਰਿਹਾ ਹੈ ਜਾਂ ਉਸਨੇ ਬਹੁਤ ਪਹਿਲਾਂ ਨਾਵਲ ਪੜ੍ਹਿਆ ਹੈ ਉਸਨੂੰ ਦੁਬਾਰਾ ਕੋਟ ਕਰਦੇ ਉਹ ਬਹੁਤ ਕੁਝ ਬਦਲ ਗਿਆ ਹੈ। ਕੋਈ ਆਲੋਚਕ ਇਹ ਵੀ ਕਹਿ ਸਕਦਾ ਹੈ ਕਿ ਇੰਨੀ ਜਹਿਮਤ ਉਠਾਉਣ ਦੀ ਕੀ ਜ਼ਰੂਰਤ ਹੈ। ਦਫ਼ਾ ਕਰੋ। ਇਗਨਰ ਕਰੋ। ਜਿਸ ਵਿੱਚ ਕੋਈ ਤੱਤ ਨਹੀਂ ਉਸਨੂੰ ਛੇੜਨ ਦੀ ਕੀ ਜ਼ਰੂਰਤ ਹੈ। ਪਰ ਸਾਡੇ ਲਈ ਤਾਂ ਇਹ ਦੋਨੋਂ ਪਾਠ ਬੜੇ ਮਹੱਤਵਪੂਰਨ ਹਨ। ਇਸ ਲਈ ਥੋੜੀ ਦੇਰ ਲਈ ਤੁਲਨਾਤਮਕ ਅਧਿਐਨ ਕਰ ਹੀ ਲੈਣਾ ਚਾਹੀਦਾ ਹੈ।

ਪਹਿਲੇ ਪਾਠ ਵਿੱਚ ਰਸਨਕੋਲਨੀਕੋਵ ਨੂੰ ਬੁੱਢੀ ਦੇ ਸਾਹਮਣੇ ਰਹਿੰਦਿਆਂ ਦਿਖਾਇਆ ਹੈ ਜੋ ਠੀਕ ਨਹੀਂ। ਨਾਇਕ ਤਾਂ ਆਪਣੇ ਵੇਲੇ ਦੀਆਂ ਪ੍ਰਵਿਰਤੀਆਂ ਦੀ ਪ੍ਰਤਿਨਿਧਤਾ ਕਰਦਾ ਹੈ। ਉਹ ਕਿਤੇ ਵੀ ਰਹੇ। ਹਵਾ ਵਿੱਚ ਬੁੱਢੀ ਵਰਗੀਆਂ ਅਮੀਰ ਅਸਾਮੀਆਂ ਵਿਰੁੱਧ ਇੱਕ ਰੋਸ ਹੈ। ਨਾਵਲ ਵਿੱਚ ਉਮਰ ਮੁੱਦਾ ਨਹੀਂ ਬਣਦੀ। ਬੁੱਢੀ ਅਮੀਰ ਹੈ ਪਰ ਏਨੀ ਨਹੀਂ ਕਿ ਉਸ ਪਾਸ ਅੱਧਾ ਸ਼ਹਿਰ ਹੋਵੇ। ਉਸ ਵਰਗੀਆਂ ਹੋਰ ਕਈ ਹਨ। ਰਸਕੋਲਨੀਕੋਵ ਜਿਸ ਬਿਲਡਿੰਗ ਵਿੱਚ ਰਹਿੰਦਾ ਹੈ ਉਹ ਵੀ ਇੱਕ ਔਰਤ ਦੀ ਮਲਕੀਅਤ ਹੈ ਪਰ ਉਥੇ ਉਹ ਕਿਰਾਇਆ ਵੀ ਨਹੀਂ ਦੇ ਸਕਦਾ ਇਸ ਲਈ ਦੂਜੀ ਥਾਂ ਚੀਜ਼ਾਂ ਗਿਰਵੀ ਰੱਖਦਾ ਹੈ। ਇੱਕ ਦਿਨ ਦੀ ਲੁੱਟ ਤੋਂ ਹੀ ਰਸਕੋਲਨੀਕੋਵ ਪ੍ਰਭਾਵਿਤ ਹੋਇਆ ਹੋਵੇ ਅਜਿਹਾ ਨਹੀਂ। ਇਹ ਤਾਂ ਕਈ ਮਹੀਨਿਆਂ ਦੀ ਮਾਨਸਿਕ ਪ੍ਰਕ੍ਰਿਆ ਹੈ। ਨਾਵਲ ਵਿਚ 131 ਸਫ਼ੇ ਤੱਕ ਇਹ ਮਾਨਸਿਕ ਤਣਾਉ ਚਲਦਾ ਹੈ। 132 ਸਫ਼ੇ ਤੇ ਜਾ ਕੇ ਕਤਲ ਹੁੰਦਾ ਹੈ। (ਹਿੰਦੀ ਅਨੁਵਾਦ, ਰਾਦੂਗਾ ਪ੍ਰਕਾਸ਼ਨ, 1982, ਅੱਠ ਸੌ ਇਕਵੰਜਾ ਸਫ਼ਿਆਂ ਵਿੱਚ ਪੂਰਾ ਹੁੰਦਾ ਹੈ। ਇੱਕ ਸੌ ਬੱਤੀ ਸਫ਼ੇ ਤੋਂ ਬਾਦ ਵੀ ਰਸਕੋਲਨੀਕੋਵ ਦਾ ਮਾਨਸਿਕ ਦਵੰਦ ਚਲਦਾ ਰਹਿੰਦਾ ਹੈ। ਅੱਠ ਸੌ ਚੌਵੀ ਪੰਨੇ ਤੇ ਜਾ ਕੇ ਉਹ ਬੁੱਢੀ ਤੇ ਉਸਦੀ ਸੌਤੇਲੀ ਭੈਣ ਨੂੰ ਮਾਰਨ ਦਾ ਇਕਬਾਲ ਕਰਦਾ ਹੈ।) ਪਹਿਲੀ ਬਾਰ ਘੜੀ ਦੇਣ ਗਿਆ ਤਾਂ ਉਹ ਰੀਹਰਸਲ ਹੀ ਕਰਦਾ ਹੈ।

ਦੂਜੀ ਬਾਰ ਉਸਦਾ ਸੱਚਮੁੱਚ ਕਤਲ ਕਰਦਾ ਹੈ। ਬੁੱਢੀ ਨੂੰ ਦੌਰਾ ਨਹੀਂ ਪੈਦਾ। ਕਤਲ ਵੀ ਇੱਕ ਨਹੀਂ ਦੋ ਹੁੰਦੇ ਹਨ। ਵੇਰਵਿਆਂ ਦੀ ਬਦਲੀ ਤੋਂ ਇਲਾਵਾ ਨਾਵਲ ਦਾ ਆਸ਼ਾ ਵੀ ਬਦਲ ਦਿੱਤਾ ਗਿਆ ਹੈ। 'ਯਥਾਰਥ ਤੇ

ਸੁਪਨਾ' ਵਦੀਮ ਕੋਜ਼ੀਨੋਵ ਲਿਖਦਾ ਹੈ, "ਰਸਕੋਲਨੀਕੋਵ ਨੇ ਆਪਣਾ ਅਪਰਾਧ 'ਆਪਣੇ ਮੋਢਿਆਂ ਤੇ ਢੋਇਆ' ਵਿਚਾਰ ਦੀ ਖ਼ਾਤਿਰ ਆਪਣੇ ਆਪ ਦੀ ਬਲੀ ਦੇ ਦਿੱਤੀ। ਆਪਣੇ ਭੁਗਤੇ ਨਤੀਜੇ ਤੋਂ ਉਸ ਵਿਚਾਰ ਦੇ ਮਿਥਿਆ ਸਰੂਪ ਅਤੇ ਨਿਸਫ਼ਲਤਾ ਨੂੰ ਸਿੱਧ ਕੀਤਾ। ਸੋਨੀਆ ਮਾਰਮੇਲਾਦੋਵਾ ਇਸੇ ਪਰਮ ਸੱਤ ਨੂੰ ਮੰਨਦੀ ਹੈ : "ਮੈਂ ਨਹੀਂ ਮੰਨਦੀ ਦੁਨੀਆਂ ਵਿੱਚ ਤੇਰੇ ਨਾਲੋਂ ਕੋਈ ਦੁਖੀ ਹੋਵੇਗਾ।" ਵਿਚਾਰ ਦੇ ਇਸ ਦੀਵਾਨੇ ਦੀ ਤ੍ਰਾਸਦੀ ਵਿਸ਼ਵ ਕਲਾ ਵਿੱਚ ਮਹਾਨ ਤੋਂ ਮਹਾਨ ਤ੍ਰਾਸਦੀਆਂ ਵਿਚੋਂ ਹੈ।" ਰਸਕੋਲਨੀਕੋਵ ਆਪਣੇ 'ਕਮਰੇ' ਤੇ ਹੀ ਰਹਿੰਦਾ ਹੈ ਉਥੇ ਹੀ ਉਸਨੂੰ ਸੁਪਨੇ ਆਉਂਦੇ ਹਨ। ਉਥੇ ਹੀ ਪੁਲਿਸ ਆਉਣ ਦਾ ਆਭਾਸ। ਮਾਲਕ ਮਕਾਨ ਔਰਤ ਦੀ ਨੌਕਰਾਨੀ ਨਾਲ ਕੁਝ ਚਰਚਾ ਹੁੰਦੀ ਹੈ।

ਡਾਕਟਰ ਵਾਲਾ ਪ੍ਰਸੰਗ ਮਨਘੜੰਤ ਹੈ। ਪੁਲਿਸ ਤਾਂ ਆਪ ਉਸਨੂੰ ਸ਼ੱਕੀ ਸਮਝਦੀ ਹੈ, ਪਰ ਪਹਿਲਾਂ ਉਹ ਇੰਸਪੈਕਟਰ ਕੋਲ ਸਵੀਕਾਰ ਨਹੀਂ ਕਰਦਾ ਪਰ ਅਖ਼ੀਰ ਆਪ ਜਾ ਕੇ ਇਕਬਾਲ ਕਰਦਾ ਹੈ। ਮੈਂ ਬਾਰ ਬਾਰ ਤੁਲਨਾਤਮਕ ਅਧਿਐਨ ਲਈ ਬਜਿਦ ਹਾਂ ਪਰ ਤੁਸੀਂ ਇਸਨੂੰ ਫਾਲਤੂ ਸਮਝ ਰਹੇ ਹੋਵੋਗੇ। ਮੈਂ ਤੁਹਾਨੂੰ ਪਹਿਲਾਂ ਜਾਣ ਬੁੱਝ ਕੇ ਨਹੀਂ ਦੱਸਿਆ ਕਿ ਪਹਿਲਾ ਪਾਠ ਰਜਨੀਸ਼ ਦਾ ਹੈ ਜੋ ਉਸਨੇ 1 ਜਨਵਰੀ, 1985 ਨੂੰ ਓਰੇਗਾਨ ਵਿੱਚ ਭਾਸ਼ਣ ਕਰਦਿਆਂ ਪ੍ਰਸਤੁਤ ਕੀਤਾ। (ਰਜਨੀਸ਼ ਬਾਈਬਲ, ਭਾਗ ਤੀਜਾ, ਪੰਨੇ 84, 88) ਅਸਲ ਵਿਚ ਜਦੋਂ ਤੋਂ ਮੈਂ ਰਜਨੀਸ਼ ਦਾ ਇਹ ਹੇਠਲਾ ਕਥਨ ਪੜ੍ਹਿਆ ਹੈ ਉਸਤੋਂ ਬਾਅਦ ਉਸਦੀ ਲਿਖਤ ਨੂੰ ਸ਼ੱਕੀ ਨਿਗਾਹ ਨਾਲ ਦੇਖਦਾ ਹਾਂ ਤੇ ਇੱਕ ਗਲਪ ਵਾਂਗ ਹੀ ਪੜ੍ਹਦਾ ਹਾਂ। ਉਹ ਲਿਖਦਾ ਹੈ, "ਮੈਂ ਚੀਜ਼ਾਂ ਸਹੀ ਸ੍ਰੋਤ ਤੋਂ ਨਹੀਂ ਲੈਂਦਾ। ਚੀਜ਼ਾਂ ਲੱਭਣ, ਸਿਰਜਣ ਤੇ ਖੋਜਣ ਦਾ ਮੇਰਾ ਆਪਣਾ ਤਰੀਕਾ ਹੈ। ਮੇਰੇ ਲਈ ਇਤਿਹਾਸਕ ਹੋਣਾ ਜ਼ਰੂਰੀ ਨਹੀਂ। ਜੋ ਚੀਜ਼ ਮੈਨੂੰ ਮਹੱਤਵਪੂਰਣ ਲੱਗਦੀ ਹੈ, ਜੋ ਕਿਸੇ ਸੱਚਾਈ ਵੱਲ ਇਸ਼ਾਰਾ ਕਰਦੀ ਹੈ, ਮੈਂ ਕਿਤਿਉਂ ਵੀ ਉਠਾ ਲੈਂਦਾ ਹਾਂ ਅਤੇ ਕਿਸੇ ਦੇ ਵੀ ਮੂੰਹ ਵਿੱਚ ਪਾ ਦਿੰਦਾ ਹਾਂ।' (ਰਜਨੀਸ਼ ਬਾਈਬਲ, ਭਾਗ 4, ਪੰਨਾ 729) ਚੀਜ਼ਾਂ ਲੱਭੀਆਂ, ਜਾ ਸਕਦੀਆਂ ਹਨ ਤੇ ਸਿਰਜੀਆਂ ਵੀ ਜਾ ਸਕਦੀਆਂ ਹਨ। ਪਰ 'ਸੱਚ' ਇਤਿਹਾਸਕ ਹੁੰਦਾ ਹੈ ਉਸ ਦੀ ਵਿਆਖਿਆ ਹੋ ਸਕਦੀ ਹੈ। ਪਰ ਸਿਰਜਣਾ ਮਨ ਮਰਜ਼ੀ ਨਾਲ ਇਹ ਰਜਨੀਸ਼ ਦੇ ਹਿੱਸੇ ਹੀ ਆਇਆ ਹੈ। ਇੱਕ ਥਾਂ ਉਹ ਇਹ ਵੀ ਕਹਿੰਦਾ ਹੈ ਕਿ ਉਹ ਨਾਵਲ ਕਦੇ ਵੀ ਇੱਕ ਵੱਢਿਓਂ ਨਹੀਂ ਪੜ੍ਹਦਾ। ਉਹ ਵਿਚਕਾਰੋਂ ਪੜ੍ਹਦਾ ਹੈ ਤੇ ਉਸਨੂੰ

ਆਦਿ ਅੰਤ ਦਾ ਪਤਾ ਲੱਗ ਜਾਂਦਾ ਹੈ। ਤੇ ਇਹ ਹਮੇਸ਼ਾਂ ਠੀਕ ਹੁੰਦਾ ਹੈ। ਅਜਿਹਾ ਕੁਝ ਹੀ ਇਸ ਨਾਵਲ ਨਾਲ ਵੀ ਵਾਪਰਿਆ ਲੱਗਦਾ ਹੈ।

ਇਹ ਪੈਗੰਬਰੀ ਸਿਰਜਣਾ ਨਾਵਲ ਦਾ ਕਬਾੜਾ ਕਰ ਦਿੰਦੀ ਹੈ। ਇਸ ਤੋਂ ਇਹ ਸਪੱਸ਼ਟ ਹੈ ਕਿ ਰਜਨੀਸ਼ ਮਿੱਥਾਂ, ਲੋਕ ਕਥਾਵਾਂ ਆਦਿ ਨੂੰ ਪੁਨਰ ਸਿਰਜਤ ਨਹੀਂ ਕਰਦਾ _ ਇਹ ਤਾਂ ਹੋ ਹੀ ਸਕਦੀਆਂ ਹਨ ਇਨ੍ਹਾਂ ਵਿੱਚ ਸੰਭਾਵਨਾ ਹੈ _ ਉਹ ਤਾਂ ਇਤਿਹਾਸ ਨੂੰ ਵੀ ਆਪਣੀ ਜ਼ਰ ਖਰੀਦ ਸਮਝਦਾ ਹੈ। ਜਿਵੇਂ ਉਸ ਅਨੁਸਾਰ ਈਸਾ ਸੂਲੀ ਤੋਂ ਦੌੜ ਕੇ ਕਸ਼ਮੀਰ ਵਿੱਚ ਆ ਕੇ ਮਰਿਆ। ਹੋਰ ਵੀ ਖ਼ਾਸ ਉਦਾਹਰਣ, "ਇਸ ਗੱਲ ਦੀ ਪੂਰੀ ਸੰਭਾਵਨਾ ਹੈ, ਸਗੋਂ ਇਹ ਠੀਕ ਵੀ ਹੈ ਕਿ ਲੈਨਿਨ ਨੂੰ ਜੋਸਫ਼ ਸਟਾਲਿਨ ਨੇ ਜ਼ਹਿਰ ਦਿੱਤਾ।" (ਰਜਨੀਸ਼ ਬਾਈਬਲ, ਭਾਗ 4, ਪੰਨਾ 898) ਜੋ ਆਦਮੀ ਇਤਿਹਾਸ ਦਾ ਕਚਰਾ ਕਰ ਸਕਦਾ ਹੈ, ਉਹ ਸਾਹਿਤ ਦੀ ਕੀ ਪ੍ਰਵਾਹ ਕਰਦਾ ਹੈ। ਪਰ ਇਸਤੋਂ ਸਾਨੂੰ ਇਹ ਸਿੱਟਾ ਕੱਢਣ ਤੋਂ ਕੋਈ ਨਹੀਂ ਰੋਕ ਸਕਦਾ ਕਿ ਇਹ ਬੇਈਮਾਨੀ ਹੈ ਤੇ ਇਉਂ ਸਿਰਜੀ ਰਚਨਾ ਬੇਈਮਾਨੀ ਦਾ ਲੈਕਚਰ ਹੀ ਹੋ ਸਕਦੀ ਹੈ। ਰਜਨੀਸ਼ ਦੇ ਲੈਕਚਰਾਂ ਨੂੰ ਸੰਪਾਦਨ ਕਰਨ ਵਾਲੇ ਸੋਕਾਲਡ ਵਿਦਵਾਨਾਂ ਦੇ ਅੱਖਾਂ ਤੇ ਸ਼ਰਧਾ ਦੀ ਪੱਟੀ ਏਨੀ ਕੱਸ ਕੇ ਬੰਨ੍ਹੀ ਹੋਈ ਹੈ, ਕਿ ਉਹ ਕਿਤੇ ਵੀ ਰਜਨੀਸ਼ ਦੀ ਕਹੀ ਗੱਲ ਨੂੰ ਮੂਲ ਨਾਲ ਮੇਲਣ ਦਾ ਯਤਨ ਨਹੀਂ ਕਰਦੇ। ਜੇ ਉਹ ਅਜਿਹਾ ਕਰਨ ਤਾਂ ਸ਼ਾਇਦ ਉਨ੍ਹਾਂ ਨੂੰ ਇਹ ਪਤਾ ਹੈ ਕਿ ਬਾਕੀ ਕੁਝ ਵੀ ਨਹੀਂ ਬਚੇਗਾ। ਸਾਰਾ ਕੁਝ ਉਧਾਰ ਦਾ, ਉਹ ਵੀ ਗ਼ਲਤ ਕੋਟ ਕੀਤਾ ਹੋਇਆ। ਬਚਿਆ ਸ਼ਬਦ ਧਿਆਨ। ਉਹ ਵੀ ਉਸਦਾ ਆਪਣਾ ਨਹੀਂ। ਫਿਰ ਰਹਿ ਗਈ ਬਾਕੀ ਉਸਦੀ ਹੋਂਦ ਜੋ ਉਹ ਜੀਵਿਆ। ਉਸ ਬਾਰੇ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ।

# ਅਧਿਆਇ ਛੇਵਾਂ

# ਰਜਨੀਸ਼ ਦਾ ਦਿਵਾਲੀਆਪਣ

ਰਜਨੀਸ਼ ਦੀ ਪੁਸਤਕ 'ਕਮਿਊਨਿਜ਼ਮ ਐਂਡ ਜ਼ੇਨ ਫਾਇਰ, ਜ਼ੇਨ ਵਿੰਡ' (ਦੀ ਰਿਬੈੱਲ ਪਬਲਿਸਿੰਗ ਹਾਊਸ ਕਾਲੋਗਨ, ਵੈਸਟ ਜਰਮਨੀ, 1989) ਮਾਰਕਸਵਾਦੀਆਂ ਵਿਚ ਵੀ ਕਿਸੇ ਨਾ ਕਿਸੇ ਕਾਰਣ ਵਿਚਾਰ ਦਾ ਵਿਸ਼ਾ ਬਣੀ ਹੈ ਕਿਉਂਕਿ ਜਨਵਰੀ, 30 ਤੋਂ ਫਰਵਰੀ, 5, 1989 ਦੇ ਸਮੇਂ ਦੌਰਾਨ ਦਿੱਤੇ ਭਾਸ਼ਣਾਂ ਵਿਚ ਉਸਨੇ ਇਸ ਗੱਲ ਦੀ ਪ੍ਰਸੰਸਾ ਕੀਤੀ ਹੈ ਕਿ ਗੋਰਬਾਚੋਵ ਸੋਵੀਅਤ ਯੂਨੀਅਨ ਦੇ ਦਰਵਾਜ਼ੇ ਦੁਨੀਆਂ ਲਈ ਖੋਲ੍ਹ ਰਿਹਾ ਹੈ ਪਰੰਤੂ ਬਾਦ ਵਿੱਚ ਜਿਉਂ ਹੀ ਉਸਨੂੰ ਸੋਵੀਅਤ ਯੂਨੀਅਨ ਵਿੱਚ ਈਸਾਈਆਂ, ਹਰੇ ਰਾਮਾ ਹਰੇ ਕ੍ਰਿਸ਼ਨਾ ਵਰਗੀਆਂ ਸੰਪ੍ਰਦਾਵਾਂ ਦੇ ਪ੍ਰਵੇਸ਼ ਦਾ ਪਤਾ ਲੱਗਦਾ ਹੈ, ਉਹ ਇੱਕ ਦਮ ਉਲਟਾ ਰਵੱਈਆ ਅਖ਼ਤਿਆਰ ਕਰ ਲੈਂਦਾ ਹੈ ਅਤੇ ਛੇਤੀ ਹੀ ਇਸ ਸਿੱਟੇ ਉੱਪਰ ਪਹੁੰਚ ਜਾਂਦਾ ਹੈ ਕਿ, "ਇੱਕ ਬਾਰ ਇਹ ਸ਼ੁਰੂ ਹੋ ਗਿਆ ਤਾਂ ਕਮਿਊਨਿਜ਼ਮ ਸੋਵੀਅਤ ਯੂਨੀਅਨ ਵਿਚੋਂ ਹੀ ਨਹੀਂ ਸਗੋਂ ਦੁਨੀਆਂ ਦੇ ਹੋਰ ਦੇਸ਼ਾਂ ਵਿਚੋਂ ਵੀ ਖ਼ਤਮ ਹੋ ਜਾਵੇਗਾ, ਕਿਉਂਕਿ ਉਹ ਸਾਰੇ ਸੋਵੀਅਤ ਯੂਨੀਅਨ ਦੀ ਸਹਾਇਤਾ ਤੇ ਜਿੰਦਾ ਹਨ।" (ਪੰਨਾ 102) ਕਮਿਊਨਿਜ਼ਮ ਭਾਵੇਂ ਸਾਰੇ ਦੇਸ਼ਾਂ ਵਿਚੋਂ ਖ਼ਤਮ ਨਹੀਂ ਹੋਇਆ ਪਰ ਉਸਨੇ ਦੁਨੀਆਂ ਪੱਧਰ ਤੇ ਇਸਨੂੰ ਬਹੁਤ ਨੁਕਸਾਨ ਪਹੁੰਚਾਇਆ।

ਅਸਲ ਵਿਚ ਜਦੋਂ ਰਜਨੀਸ਼ ਇਹ ਪ੍ਰਵਚਨ ਕਰ ਰਿਹਾ ਸੀ ਤਾਂ ਉਸਦੇ ਸ੍ਰੋਤਿਆਂ ਵਿਚ ਸੋਵੀਅਤ ਯੂਨੀਅਨ ਤੋਂ ਆਏ ਕੁਝ ਕਾਮਰੇਡ ਵੀ ਸ਼ਾਮਿਲ ਸਨ। ਇਹ ਪ੍ਰਵਚਨ ਅਸਲ ਵਿਚ ਉਨ੍ਹਾਂ ਨੂੰ ਧਿਆਨ ਵਿੱਚ ਰੱਖਦੇ ਹਨ। ਇੱਕ ਥਾਉਂ ਤਾਂ ਕਾਮਰੇਡਾਂ ਨੂੰ ਸਿੱਧੇ ਸੰਬੋਧਨ ਵਿੱਚ ਰਜਨੀਸ਼ ਆਪਣੇ ਆਪ ਨੂੰ ਸਭ ਤੋਂ ਵੱਡਾ ਕਮਿਊਨਿਸਟ ਸਾਬਤ ਕਰਨਾ ਚਾਹੁੰਦਾ ਹੈ। ਉਹ ਕਹਿੰਦਾ ਹੈ, "ਇੱਥੇ ਬੈਠੇ ਕਾਮਰੇਡਾਂ ਰਾਹੀਂ ਮੈਂ ਕਹਿਣਾ ਚਾਹਾਂਗਾ ਕਿ ਉਹ ਮੇਰੇ ਲੋਕਾਂ (ਸੰਨਿਆਸੀਆਂ, ਰਜਨੀਸ਼ਵਾਦੀਆਂ) ਦੀ ਸਹਾਇਤਾ ਕਰਨ। ਮੈਂ ਕਮਿਊਨਿਜ਼ਮ ਦੇ ਖਿਲਾਫ਼ ਨਹੀਂ ਹਾਂ। ਇਸ ਤੋਂ ਪਹਿਲਾਂ ਮੇਰੇ ਤੋਂ ਵੱਡੇ ਕਮਿਊਨਿਸਟ ਨੂੰ ਤੁਸੀਂ ਨਹੀਂ ਜਾਣਦੇ ਹੋਵੋਂਗੇ ਕਿਉਂਕਿ ਮੈਂ ਰਹੱਸਵਾਦੀ (ਸਪਿਰਚੂਅਲ) ਕਮਿਊਨਿਸਟ ਹਾਂ।" (ਪੰਨਾ 16) ਕਮਿਊਨਿਸਟ ਤੇ ਰਹੱਸਵਾਦ ਦਾ ਕੋਈ ਮੇਲ ਨਹੀਂ ਪਰ ਜਿਵੇਂ ਕਿ ਅਸੀਂ ਅਗਾਂਹ ਦੇਖਾਂਗੇ ਕਿ ਰਜਨੀਸ਼ ਕਮਿਊਨਿਜ਼ਮ ਨੂੰ ਇਸੇ ਰਾਹ ਤੋਰਨਾ ਚਾਹੁੰਦਾ ਹੈ। ਉਸਦੇ ਆਪਣੇ ਕਾਰਣ ਹਨ। ਜਨਵਰੀ,

30, 1989 ਤੋਂ ਪਹਿਲਾਂ ਦੇ ਕਿਸੇ ਲੈਕਚਰ ਵਿੱਚ ਵੀ ਤੁਸੀਂ ਕਮਿਊਨਿਜ਼ਮ ਦੇ ਹੱਕ ਵਿੱਚ ਰਜਨੀਸ਼ ਨੂੰ ਬੋਲਦਾ ਨਹੀਂ ਸੁਣੋਗੇ। ਇਨਕਲਾਬ ਨੂੰ ਉਹ 'ਗ਼ਰੀਬੀ' ਵੰਡਣ ਦਾ ਨਾਂ ਦਿੰਦਾ ਹੈ। ਲੱਖਾਂ ਲੋਕਾਂ ਦੇ ਕਤਲ ਕਰਨ ਕਾਰਣ ਸਟਾਲਿਨ ਨੂੰ ਪਾਣੀ ਪੀ ਪੀ ਕੇ ਕੋਸਦਾ ਹੈ। ਕਮਿਊਨਿਜ਼ਮ ਨੂੰ ਧਰਮ ਤੱਕ ਕਹਿ ਦਿੱਤਾ ਹੈ। ਲੈਨਿਨ ਬਾਰੇ ਰਜਨੀਸ਼ ਕਦੇ ਵੀ ਸੁਹਿਰਦ ਨਹੀਂ।

ਪਰੰਤੂ ਜਿਨ੍ਹਾਂ ਪ੍ਰਵਚਨਾਂ ਦਾ ਅਸੀਂ ਜ਼ਿਕਰ ਕਰ ਰਹੇ ਹਾਂ ਉਨ੍ਹਾਂ ਵਿੱਚ ਰਜਨੀਸ਼ ਸਟਾਲਿਨ ਦੇ ਹੱਕ ਵਿੱਚ ਕਮਿਊਨਿਸਟਾਂ ਤੋਂ ਵੀ ਅਗਾਂਹ ਲੰਘ ਗਿਆ ਹੈ। ਕਮਿਊਨਿਸਟ ਤਾਂ ਇਹ ਮੰਨਦੇ ਹਨ ਕਿ ਸਟਾਲਿਨ ਦੀਆਂ ਆਖਿਰੀ ਸਮੇਂ ਦੀਆਂ ਗਲਤੀਆਂ ਦੇ ਬਾਵਜੂਦ ਪਹਿਲੀ ਸੋਸ਼ਲਿਸਟ ਸਟੇਟ ਨੂੰ ਬਚਾਉਣਾ ਅਤੇ ਸੰਸਾਰ ਪੱਧਰ ਦੇ ਕਮਿਊਨਿਸਟਾਂ ਦੇ ਵਿਰੋਧੀਆਂ ਨੂੰ ਹਰਾਉਣਾ ਅਜਿਹੇ ਕੰਮ ਹਨ ਜਿਨ੍ਹਾਂ ਕਾਰਣ ਉਸਨੂੰ ਭੁਲਾਇਆ ਨਹੀਂ ਜਾ ਸਕਦਾ। ਗੋਰਬਾਚੋਵ ਵਲੋਂ ਸਟਾਲਿਨ ਦੀ ਆਲੋਚਨਾ ਦੇ ਜਵਾਬ ਵਿਚ ਰਜਨੀਸ਼ ਕਹਿੰਦਾ ਹੈ, "ਸਟਾਲਿਨ ਦੇ ਵਾਰਿਸ ਉਸਨੂੰ ਡਿਕਟੇਟਰਸ਼ਿਪ ਦੇ ਤਰੀਕਿਆਂ ਯਾਨੀ ਕਤਲ, ਹੱਤਿਆਵਾਂ, ਸਮੂਹਿਕ ਹੱਤਿਆਵਾਂ ਕਰਕੇ ਭੰਡ ਰਹੇ ਹਨ ਪਰ ਉਹ ਇਹ ਨਹੀਂ ਜਾਣਦੇ ਕਿ ਜੇ ਸਟਾਲਿਨ ਅਜਿਹੇ ਭੈੜੇ ਕੰਮ ਨਾ ਕਰਦਾ ਤਾਂ ਉਹ ਇੱਥੇ ਨਾ ਹੁੰਦੇ।" (ਪੰਨਾ 99) ਜਾਂ "ਇਹ ਸਟਾਲਿਨ ਦੀਆਂ ਮਹਾਨ ਪਾਲਸੀਆਂ ਹੀ ਸਨ ਜਿਨ੍ਹਾਂ ਨੇ ਸੋਵੀਅਤ ਯੂਨੀਅਨ ਨੂੰ ਬਚਾਇਆ।" (ਪੰਨਾ 104) ਜਿਨ੍ਹਾਂ ਲੋਕਾਂ ਦਾ ਕਤਲ ਕੀਤਾ ਗਿਆ ਉਹ ਰਜਨੀਸ਼ ਅਨੁਸਾਰ ਗ਼ਰੀਬਾਂ ਦੇ ਵਿਰੋਧੀ, ਕੱਟੜਪੰਥੀ, ਭਿਕਸ਼ੂ, ਈਸਾਈ, ਪਾਦਰੀ ਸਨ। ਅਜਿਹੇ ਵਿਚਾਰ ਇਹ ਸਥਾਪਤ ਕਰਨ ਲਈ ਅਤਿਕਥਨੀ ਰੂਪ ਵਿਚ ਆਏ ਹਨ ਕਿਉਂਕਿ ਰਜਨੀਸ਼ ਚਾਹੁੰਦਾ ਹੈ ਕਿ ਗੋਰਬਾਚੋਵ ਨੂੰ ਇਨ੍ਹਾਂ ਈਸਾਈਆਂ ਪਾਦਰੀਆਂ ਨੂੰ ਸੋਵੀਅਤ ਯੂਨੀਅਨ ਵਿੱਚ ਵੜਨ ਨਹੀਂ ਦੇਣਾ ਚਾਹੀਦਾ। ਜਿਸ ਗੱਲ ਨੂੰ ਉਹ ਭੁੱਲ ਜਾਂਦਾ ਹੈ ਜਾਂ ਜਾਣ ਬੁੱਝ ਕੇ ਸਾਹਮਣੇ ਨਹੀਂ ਆਉਣ ਦਿੰਦਾ ਉਹ ਇਹ ਹੈ, ਕਿ ਜੇ ਕਮਿਊਨਿਜ਼ਮ ਦੀ ਥਾਂ ਬੁਰਜ਼ੂਆ ਸਿਸਟਮ ਆਏਗਾ ਤਾਂ ਉਸਦੀਆਂ ਸਾਰੀਆਂ ਕਮਜ਼ੋਰੀਆਂ ਵੀ ਆਉਣਗੀਆਂ। ਡਾਕੇ, ਬਲਾਤਕਾਰ, ਵੇਸਵਾਗਮਨੀ, ਅਰਾਜਕਤਾ, ਬੇਰੁਜ਼ਗਾਰੀ, ਭੁੱਖ ਮਰੀ, ਮੰਗਤੇ ਸਭ ਕੁਝ ਨੇ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਦ ਪ੍ਰਵੇਸ਼ ਕੀਤਾ ਹੈ ਜਿਸ ਕਾਰਨ ਲੋਕਾਂ ਨੂੰ ਅਤਿਅੰਤ ਦੁੱਖ ਝਾਗਣੇ ਪੈ ਰਹੇ ਹਨ। ਤਥਾ ਕਥਿਤ ਧਰਮਾਂ ਦਾ ਪ੍ਰਵੇਸ਼ ਤਾਂ ਇੱਕ ਪੱਖ ਹੈ।

ਜੋ ਰਜਨੀਸ਼ ਹਿਟਲਰ ਦੇ ਨਾਲ ਸਟਾਲਿਨ ਨੂੰ ਜੋੜਦਾ ਸੀ ਉਹ ਇੱਕ ਦਮ ਇਸ ਵਿਚਾਰ ਉੱਪਰ ਪਹੁੰਚ ਗਿਆ ਕਿ ਬੁਰਜ਼ੂਆ ਸਮਾਜ ਤੋਂ ਕਮਿਊਨਿਜ਼ਮ ਵੱਲ ਜਾਣ ਸਮੇਂ ਡਿਕਟੇਟਰਸ਼ਿਪ ਜ਼ਰੂਰੀ ਹੈ। (ਪ੍ਰੋਲੇਤਾਰੀ

ਡਿਕਟੇਟਰਸ਼ਿਪ ਨਹੀਂ) ਰੂਸ ਵਿੱਚ ਔਰਤ ਨੂੰ ਬਰਾਬਰੀ ਦੁਆਉਣ ਦਾ ਸਿਹਰਾ ਸਟਾਲਿਨ ਸਿਰ ਬੰਨ੍ਹਦਾ ਹੋਇਆ ਉਹ ਆਖਦਾ ਹੈ, "ਰੂਸ ਹੀ ਦੁਨੀਆਂ ਦਾ ਇੱਕੋ ਇੱਕ ਦੇਸ਼ ਸੀ ਜਿਥੇ ਔਰਤ ਨੂੰ ਉਸਦਾ ਬਣਦਾ ਸਨਮਾਨ ਦਿੱਤਾ ਗਿਆ। ਇਸ ਸਭ ਕੁਝ ਦਾ ਸਿਹਰਾ ਸਟਾਲਿਨ ਦੇ ਸਿਰ ਬੱਝਦਾ ਹੈ।"(ਪੰਨਾ 224) ਇਸ ਸਾਰੀ ਸਿਫ਼ਤ ਪਿੱਛੇ ਰਜਨੀਸ਼ ਦੀ ਇਹ ਸੋਚ ਕੰਮ ਕਰਦੀ ਹੈ ਕਿ ਸੋਵੀਅਤ ਯੂਨੀਅਨ ਇੱਕ ਅਜਿਹਾ ਦੇਸ਼ ਹੈ ਜਿਥੇ ਪਦਾਰਥਵਾਦੀ ਦਰਸ਼ਨ ਸਥਾਪਿਤ ਹੈ, ਤੇ ਇਥੇ ਰਜਨੀਸ਼ਵਾਦ ਦੇ ਝੰਡੇ ਆਸਾਨੀ ਨਾਲ ਗੱਡੇ ਜਾ ਸਕਦੇ ਹਨ। ਇਹ ਪੈਂਤੜਾ ਉਹ ਹਰ ਥਾਂ ਵਰਤ ਰਿਹਾ ਹੈ। ਕਮਿਊਨਿਜ਼ਮ ਦੀ ਸਿਫ਼ਤ ਕਰਦਿਆਂ ਉਹ ਉਸਨੂੰ ਨੀਂਹ ਰੂਪ ਵਿੱਚ ਸਵੀਕਾਰ ਕਰਦਾ ਹੈ ਜਿਸਨੂੰ 'ਧਿਆਨ' ਦੀਆਂ ਕੰਧਾਂ ਤੇ ਪੀਲ ਪਾਵਿਆਂ ਦੀ ਜ਼ਰੂਰਤ ਹੈ। ਉਸ ਅਨੁਸਾਰ, "ਕਮਿਊਨਿਜ਼ਮ ਮਹਾਨ ਤਜਰਬਿਆਂ ਵਿਚੋਂ ਇੱਕ ਸੀ। ਇਸਨੇ ਮਾਨਵਤਾ ਲਈ ਨਵੇਂ ਮੰਦਿਰ ਦੀਆਂ ਨੀਂਹਾਂ ਭਰੀਆਂ ਜਿਸ ਵਿਚੋਂ ਥੰਮ ਤੇ ਛੱਤ ਗਾਇਬ ਸੀ।" (ਪੰਨਾ_50)

ਰਜਨੀਸ਼ ਅਨੁਸਾਰ ਕਮਿਊਨਿਜ਼ਮ ਅਜਿਹਾ ਮੌਕਾ ਪ੍ਰਦਾਨ ਕਰਦਾ ਹੈ ਕਿ ਜਿਸ ਉੱਪਰ 'ਧਿਆਨਵਾਦ' ਦਾ ਮਹਿਲ ਉਸਾਰਿਆ ਜਾ ਸਕਦਾ ਹੈ। ਇਸੇ ਦ੍ਰਿਸ਼ਟੀ ਤੋਂ ਹੀ ਉਹ ਇਸ ਸਮਾਜਿਕ ਸੰਰਚਨਾ ਦੀ ਸਿਫ਼ਤ ਸਲਾਹ ਕਰਦਾ ਹੈ। "ਕਿਸੇ ਵੀ ਹੋਰ ਸਮਾਜਿਕ ਢਾਂਚੇ ਨਾਲੋਂ ਕਮਿਊਨਿਜ਼ਮ ਚੰਗੇ ਮੌਕੇ ਪ੍ਰਦਾਨ ਕਰਦਾ ਹੈ ਕਿਉਂਕਿ ਇਹ ਨਾਂਹ_ਮੁਖੀ ਹੈ। ਇਸ ਵਿਚ ਰੱਬ ਦੀ ਕੋਈ ਥਾਂ ਨਹੀਂ। ਸਵਰਗ_ਨਰਕ, ਅਵਤਾਰਵਾਦ ਦੀ ਇਥੇ ਜ਼ਰੂਰਤ ਨਹੀਂ ਅਤੇ ਇਹ ਔਰਤ ਮਰਦ ਦੀ ਬਰਾਬਰੀ ਸੁਨਿਸ਼ਚਿਤ ਕਰਦਾ ਹੈ।" (ਪੰਨਾ 292) ਪਰੰਤੂ ਉਸ ਅਨੁਸਾਰ ਅਜਿਹੀ ਬਰਾਬਰੀ ਵਿੱਚ ਇੱਕ ਨਾਬਰਾਬਰੀ ਵੀ ਹੈ। ਅਜਿਹੀ ਨਾ ਬਰਾਬਰੀ ਨੂੰ ਸਮਾਪਤ ਕਰਨ ਲਈ ਉਹ ਸਪਿਰਿਚੂਅਲ ਖੇਤਰ ਵਿੱਚ ਪ੍ਰਵੇਸ਼ ਕਰ ਜਾਂਦਾ ਹੈ ਜੋ ਭਾਵਵਾਚੀ ਹੈ, ਯਥਾਰਥਕ ਨਹੀਂ, ਤੇ ਜਿੱਥੇ ਬਰਾਬਰੀ ਦਾ ਅਹਿਸਾਸ ਸਦੀਵੀ ਨਹੀਂ। ਸਮਾਜਿਕ ਬਰਾਬਰੀ ਤੋਂ ਬਗੈਰ ਰਹੱਸਵਾਦੀ ਬਰਾਬਰੀ ਸਿਰਫ਼ ਛਲਾਵਾ ਹੈ। ਮੱਧਕਾਲ ਦੇ ਸਾਰੇ ਦਲਿਤ ਸਮਾਜ 'ਚੋਂ ਆਏ ਭਗਤ ਰਹੱਸਵਾਦੀ ਖ਼ੇਤਰ ਵਿੱਚ ਪ੍ਰਵਾਣ ਹਨ, ਪਰ ਕੀ ਸਮਾਜਿਕ ਖ਼ੇਤਰ ਵਿੱਚ ਉਹਨਾਂ ਨੂੰ ਬਰਾਬਰੀ ਮਿਲ ਗਈ ਹੈ ? ਵੀਹਵੀਂ ਸਦੀ ਤੱਕ ਤਾਂ ਅਜਿਹਾ ਕੁਝ ਹੋ ਨਹੀਂ ਸਕਿਆ। ਰਜਨੀਸ਼ ਦਾ ਤਰਕ ਹੈ ਕਿ, "ਸਮਾਨ ਵਿਕਾਸ ਲਈ ਹਰ ਇੱਕ ਨੂੰ ਸਮਾਨ ਮੌਕਿਆਂ ਦੀ ਜ਼ਰੂਰਤ ਹੈ। ਪਰ ਜਿਥੋਂ ਤੱਕ ਸਪਿਰਚੂਏਲਿਟੀ ਦਾ ਸੰਬੰਧ ਹੈ ਹਰ ਇੱਕ ਸਮਾਨ ਹੈ, ਹਰ ਕੋਈ ਬਰਾਬਰ ਦਾ 'ਬੁੱਧ' ਹੈ। ਇਹ ਸਹੀ

ਕਮਿਊਨਿਜ਼ਮ ਹੈ _ ਡੂੰਘਾ ਉਚੇਰਾ ਤੇ ਪੱਕਾ.....ਅਸਲ ਵਿਚ ਸਪਿਰੁਚਅਲ ਕਮਿਊਨਿਜ਼ਮ ਪਹਿਲਾਂ ਆਉਣਾ ਚਾਹੀਦਾ ਹੈ, ਸਿਰਫ਼ ਤਾਂ ਹੀ ਆਰਥਿਕ ਕਮਿਊਨਿਜ਼ਮ ਸਾਏ ਦੀ ਤਰ੍ਹਾਂ ਨਾਲ ਆਵੇਗਾ।" (ਪੰਨਾ 19) ਸਾਫ਼ ਦਿਖਾਈ ਦੇ ਰਿਹਾ ਹੈ, ਜੋ ਉਹ ਧਰਮਾਂ ਨਾਲ ਵਰਤਦਾ ਹੈ ਕਿ ਰਜਨੀਸ਼ ਕਮਿਊਨਿਜ਼ਮ ਨਾਲ ਵੀ ਉਹ ਹੀ ਪੈਂਤੜਾ ਵਰਤ ਰਿਹਾ ਹੈ।

12 ਜਨਵਰੀ, 1985 ਨੂੰ ਓਰੇਗਾਨ ਵਿੱਚ ਦਿੱਤੇ ਗਏ ਪ੍ਰਵਚਨ ਵਿੱਚ ਉਹ ਆਖਦਾ ਹੈ, "ਮੈਂ ਸਿਰਫ਼ ਇਹ ਸੋਚਿਆ 'ਉਨ੍ਹਾਂ ਦੇ ਸ਼ਬਦ ਵਰਤੋ, ਉਨ੍ਹਾਂ ਦੀ ਭਾਸ਼ਾ ਵਰਤੋ ਤੇ ਉਨ੍ਹਾਂ ਦੀਆਂ ਧਾਰਮਿਕ ਪੁਸਤਕਾਂ ਨੂੰ ਵਰਤੋ। ਜੇਕਰ ਤੁਸੀਂ ਕਿਸੇ ਹੋਰ ਦੀ ਬੰਦੂਕ ਚਲਾ ਰਹੇ ਹੋਵੋ ਤਾਂ ਇਸਦਾ ਇਹ ਮਤਲਬ ਨਹੀਂ ਕਿ ਤੁਸੀਂ ਆਪਣੀਆਂ ਗੋਲੀਆਂ ਨਹੀਂ ਵਰਤ ਸਕਦੇ। ਬੰਦੂਕ ਕਿਸੇ ਦੀ ਹੋਵੇ ਗੋਲੀਆਂ ਮੇਰੀਆਂ ਹਨ। ਅਸਲੀ ਕੰਮ ਤਾਂ ਗੋਲੀਆਂ ਨੇ ਕਰਨਾ ਹੈ, ਬੰਦੂਕ ਨੇ ਨਹੀਂ। ਫਿਰ ਕੀ ਹਰਜ਼ ਹੈ।" ਉੱਪਰ ਦਿੱਤੀਆਂ ਕੁਟੇਸ਼ਨਾਂ ਦੀ ਉੱਪਰ ਉਸਦੇ ਕਹੇ ਅਨੁਸਾਰ ਜੇ ਸਪਿਰਚੂਅਲ ਕਮਿਊਨਿਜ਼ਮ ਪਹਿਲਾਂ ਆਉਂਦਾ ਹੈ ਤਾਂ ਫਿਰ ਆਰਥਿਕ ਕਮਿਊਨਿਜ਼ਮ ਵਾਸਤੇ ਲੜੇਗਾ ਕੌਣ ਕਿਉਂਕਿ ਧਿਆਨਵਾਦੀ ਤਾਂ ਅਬਜ਼ਰਵਰ (ਸਿਰਫ਼ ਦੇਖਣ ਵਾਲਾ) ਬਣ ਜਾਂਦਾ ਹੈ। ਜੋ ਬਾਹਰ ਖੜ੍ਹਾ ਦੇਖਦਾ ਰਹੇ, ਜੋ ਦਰਿਆ ਦੀਆਂ ਲਹਿਰਾਂ ਨਾਲ ਆਪਣੇ ਆਪ ਨੂੰ ਵਹਿਣ ਵਿੱਚ ਤੋਰ ਲਏ, ਉਹ ਤਾਂ ਆਪਣੇ ਲਈ ਚਾਹ ਦਾ ਕੱਪ ਨਹੀਂ ਬਣਾ ਸਕਦਾ (ਰਜਨੀਸ਼ ਦੇ ਆਪਣੇ ਕਹਿਣ ਮੁਤਾਬਕ ਉਸਨੇ ਸਾਰੀ ਉਮਰ ਚਾਹ ਦਾ ਕੱਪ ਤੱਕ ਨਹੀਂ ਬਣਾਇਆ) ਉਸਦਾ ਕਮਿਊਨ ਦਾਨ (ਡੋਨੇਸ਼ਨ) ਉੱਪਰ ਚੱਲਦਾ ਹੈ, ਤਾਂ ਉਹ ਦੂਸਰਿਆਂ ਦੀ ਆਰਥਿਕ ਬਰਾਬਰੀ ਲਈ ਲੜ ਸਕੇਗਾ ? ਭੁੱਲ ਜਾਓ। ਰਜਨੀਸ਼ ਕਮਿਊਨਿਜ਼ਮ ਦੀ ਸ਼ਬਦਾਵਲੀ ਵਰਤ ਕੇ ਇੱਕ ਵਿਸ਼ੇਸ਼ ਪੈਂਤੜਾ ਲੈਕੇ ਕਮਿਊਨਿਸਟਾਂ ਨੂੰ ਵਰਗਲਾਉਣ ਦੇ ਚੱਕਰ ਵਿੱਚ ਹੈ। ਕਈ ਆਰਾਮ ਨਾਲ ਫਸ ਜਾਂਦੇ ਹਨ। ਪਰ ਉਸਦੀ ਸਟਰੈਟਜੀ ਨੂੰ ਹਮੇਸ਼ਾਂ ਪਛਾਨਣ ਦੀ ਲੋੜ ਹੈ। ਉਹ ਕਹਿੰਦਾ ਹੈ, "ਮੇਰੀ ਸਾਰੀ ਸਟਰੈਟਜੀ ਕਮਿਊਨਿਸਟਾਂ ਨੂੰ ਚੇਤਨਤਾ ਦੇ ਇਨਕਲਾਬ ਵੱਲ ਮੋੜਨ ਦੀ ਹੈ। ਉਹ ਜ਼ੇਨ ਅਗਨੀ ਅਤੇ ਜ਼ੇਨ_ਪਉਣ ਬਣ ਕੇ ਸਾਰੀ ਧਰਤੀ ਉੱਪਰ ਫਿਰ ਜਾਣਗੇ ਅਤੇ ਹਰ ਇੱਕ ਵਿੱਚ ਪਹਿਲਾਂ ਬੁੱਧ ਬਣਨ ਦਾ ਮੁਕਾਬਲਾ ਸ਼ੁਰੂ ਹੋ ਜਾਵੇਗਾ। ਅਜਿਹਾ ਮੁਕਾਬਲਾ ਜਿਹੜਾ ਪਹਿਲਾਂ ਕਦੇ ਨਹੀਂ ਸੁਣਿਆ ਗਿਆ।" (ਪੰਨਾ 180) ਕਮਿਊਨਿਸਟ ਹਮੇਸ਼ਾਂ ਲੋਕ ਪੱਖੀ ਰਹੇ ਹਨ ਪਰ ਰਜਨੀਸ਼ ਤਾਂ ਸਦਾ ਲੋਕ ਵਿਰੋਧੀ ਅਤੇ ਸਮੂਹ ਵਿਰੋਧੀ ਧਿਰ ਨਾਲ ਖੜ੍ਹਦਾ ਹੈ। ਉਸ ਅਨੁਸਾਰ ਜਨਤਕ ਵਰਤਾਰਾ ਕੋਈ ਨਿਚਲੇ ਪੱਧਰ ਦੀ ਚੀਜ਼ ਹੈ। ਉਹ ਬਹੁ_ਗਿਣਤੀ ਲੋਕਾਂ ਨੂੰ ਪਸ਼ੂਆਂ ਤੋਂ ਵੱਧ ਕੁਝ ਨਹੀਂ ਮੰਨਦਾ। ਜੇ ਯਕੀਨ

ਨਹੀਂ ਆਉਂਦਾ ਤਾਂ ਉਸਦੇ ਇਹ ਵਿਚਾਰ ਪੜ੍ਹੋ, "ਹਰ ਉਹ ਚੀਜ਼ ਜੋ ਜਨਤਕ ਵਰਤਾਰਾ ਬਣ ਜਾਏ ਉਹ ਨਿਚਲੇ ਪੱਧਰ ਦੀ ਹੁੰਦੀ ਹੈ। ਕਿਉਂਕਿ ਲੋਕਾਂ ਦੀ ਬਹੁਗਿਣਤੀ ਗਧਿਆਂ ਦੀ ਹੁੰਦੀ ਹੈ। ਦੁਨੀਆਂ ਵਿਚ ਹਰ ਇੱਕ ਸੈਕਿੰਡ ਬਾਦ ਇੱਕ ਗਧਾ ਪੈਦਾ ਹੁੰਦਾ ਹੈ, ਉਹ ਵਧੀ ਹੀ ਜਾ ਰਹੇ ਹਨ।" (ਪੰਨਾ 23) ਕੀ ਕਮਿਊਨਿਸਟ ਰਜਨੀਸ਼ ਦੇ ਇਸ ਪੈਂਤੜੇ ਨੂੰ ਸਵੀਕਾਰ ਕਰਨਗੇ ? ਬਿਲਕੁਲ ਨਹੀਂ।

ਹੌਲੀ ਹੌਲੀ ਰਜਨੀਸ਼ ਦੇ ਪ੍ਰਵਚਨਾਂ ਦੀਆਂ ਸਟਰੈਟਜੀਆਂ ਸਾਹਮਣੇ ਆਉਂਦੀਆਂ ਜਾਂਦੀਆਂ ਹਨ। ਉਹ ਆਪਣੇ ਚੇਲਿਆਂ ਨੂੰ ਸੰਬੋਧਿਤ ਹੁੰਦਾ ਹੈ, "ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਮੇਰੇ ਸ਼ਬਦਾਂ ਦੀ ਬਾਹਰੀ ਕੀਮਤ ਨਹੀਂ ਹੈ। ਉਹ ਸਟਰੈਟਜੀਆਂ ਹਨ। ਉਹ ਸਾਧਨ ਹਨ। ਮੇਰੀ ਅਸਲ ਸਮੱਸਿਆ ਇਹ ਹੈ ਕਿ ਮੈਂ ਤੁਹਾਨੂੰ ਝਟਕਾ ਕਿਵੇਂ ਦੇਵਾਂ ਅਤੇ ਤੁਹਾਡੇ ਮਨ ਤੋਂ ਸਭ ਕੁਝ ਛੰਡ ਦੇਵਾਂ ਤਾਂ ਕਿ ਤੁਸੀਂ ਅੰਦਰਲੇ ਕਮਰੇ ਵਿੱਚ ਦਾਖ਼ਲ ਹੋ ਸਕੋ ਅਤੇ ਆਪਣੀਆਂ ਅੱਖਾਂ ਨਾਲ ਆਪਣਾ ਵਿਸ਼ਾਲ ਆਕਾਸ਼ ਦੇਖ ਸਕੋ।"(ਪੰਨਾ 207) ਸਾਫ਼ ਹੈ ਕਿ ਕਮਿਊਨਿਜ਼ਮ ਬਾਰੇ ਕਹੇ ਸ਼ਬਦਾਂ ਦੀ ਕੋਈ ਕੀਮਤ ਨਹੀਂ ਉਹ ਤਾਂ ਚੇਲਿਆਂ ਦੇ ਮਨ ਦੀ ਮਿੱਟੀ ਝਾੜਨ ਦਾ ਕੰਮ ਕਰਦੇ ਹਨ। ਬਾਅਦ ਵਿੱਚ ਇਸ ਸਭ ਤੋਂ ਰਜਨੀਸ਼ ਪੱਲਾ ਝਾੜ ਲੈਂਦਾ ਹੈ ; ਇਹ ਕਹਿਕੇ ਕਿ ਉਹ ਤਾਂ ਅਜਿਹੇ ਗਿਆਨ ਤੋਂ ਬਹੁਤ ਉੱਪਰ ਹੈ, ਅਜਿਹਾ ਗਿਆਨ ਤਾਂ ਉਹ ਚੇਲਿਆਂ ਲਈ ਹੀ ਵਰਤ ਰਿਹਾ ਹੈ। ਉਸਦਾ ਅਸਲੀ ਮੰਤਵ ਤਾਂ ਕੁਝ ਹੋਰ ਹੀ ਹੈ। "ਮੈਂ ਚਾਹੰੁਦਾ ਹਾਂ ਕਿ ਹਰ ਵਿਅਕਤੀ ਆਪਣੇ ਮਨ ਤੋਂ ਭੂਤਕਾਲ ਨੂੰ ਹੂੰਝ ਮਾਰੇ। ਸਾਰੇ ਵਿਰੋਧ ਵਿਚਾਰ_ਰਾਜਨੀਤਕ, ਸਮਾਜਿਕ, ਧਾਰਮਿਕ ਸਭ ਨੂੰ ਤਿਆਗਣਾ ਪਵੇਗਾ। ਸਾਫ਼ ਸਲੇਟ ਤੇ ਹੁਣ ਤੁਸੀਂ ਨੋ_ਮਾਈਂਡ ਸਥਿਤੀ ਵਿੱਚ ਪਹੁੰਚਦੇ ਹੋ।" (ਪੰਨਾ 182) ਕਮਿਊਨਿਜ਼ਮ ਤਾਂ ਦੁਨੀਆਂ ਦਾ ਪ੍ਰਮੁੱਖ ਰਾਜਨੀਤਕ ਵਿਚਾਰ ਹੈ। ਰਜਨੀਸ਼ ਤਾਂ ਲੋਕਾਂ ਨੂੰ ਇਨ੍ਹਾਂ ਵਿਚਾਰਾਂ ਤੋਂ ਛੁਟਕਾਰਾ ਦੁਆਉਣਾ ਚਾਹੁੰਦਾ ਹੈ। ਉਸਨੂੰ ਬੰਦੇ ਨਹੀਂ ਡੰਗਰਾਂ ਦੀ ਲੋੜ ਹੈ। ਜੋ ਬੰਦਾ ਰਾਜਨੀਤਕ, ਸਮਾਜਿਕ, ਧਾਰਮਿਕ ਸਾਰੇ ਵਿਚਾਰਾਂ ਨੂੰ ਤਿਆਗ ਦਿੰਦਾ ਹੈ, ਉਹ ਡੰਗਰ ਹੀ ਤਾਂ ਹੈ ਤੇ ਇਹ ਡੰਗਰ ਰਜਨੀਸ਼ ਦੇ ਬਹੁਤ ਕੰਮ ਦੇ ਹਨ। ਉਨ੍ਹਾਂ ਨੂੰ ਇਨ੍ਹਾਂ ਵਿਚਾਰਾਂ ਦੀ ਉਪਯੋਗਤਾ ਉੱਪਰ ਚਿੰਤਨ ਕਰਨ ਦੀ ਲੋੜ ਨਹੀਂ ਪੈਂਦੀ। ਰਜਨੀਸ਼ ਦੇ ਹਜ਼ਾਰਾਂ ਚੇਲੇ ਹੋਣਗੇ ਕੀ ਤੁਹਾਨੂੰ ਕੋਈ ਮੌਲਿਕ ਸੋਚਣ ਵਾਲਾ ਮਿਲਿਆ ਹੋਵੇ ਤਾਂ ਮੈਨੂੰ ਜ਼ਰੂਰ ਦੱਸਣਾ। ਇਹੋ ਜਿਹਿਆਂ ਦੇ ਅਜਿਹੇ ਹੀ ਚੇਲੇ ਹੋ ਸਕਦੇ ਹਨ।

ਰਜਨੀਸ਼ ਆਪ ਕਿਸੇ ਚੀਜ਼, ਵਿਚਾਰ, ਸੰਸਥਾ, ਸਮਾਜ, ਸੱਭਿਆਚਾਰ ਪ੍ਰਤਿ ਪ੍ਰਤਿਬੱਧ ਨਹੀਂ। ਉਹ ਕੇਵਲ ਵਿਅਕਤੀ ਪ੍ਰਤਿ ਪ੍ਰਤਿਬੱਧ ਹੈ। ਵਿਅਕਤੀ ਵੀ ਉਹ ਜਿਸ ਦਾ ਹੁਣੇ ਜ਼ਿਕਰ ਹੋ ਰਿਹਾ ਹੈ। ਇੱਕ ਸਮੇਂ ਉਹ ਸਾਫ਼ ਕਹਿੰਦਾ ਹੈ, "ਮੈਂ ਅਰਾਜਕਤਾਵਾਦੀ ਹਾਂ। ਮੈਂ ਮੂਲ ਰੂਪ ਵਿੱਚ ਵਿਅਕਤੀ ਵਿੱਚ ਵਿਸ਼ਵਾਸ ਰੱਖਦਾ ਹਾਂ। ਮੈਂ ਸਮਾਜ ਵਿੱਚ ਕਤਈ ਵਿਸ਼ਵਾਸ ਨਹੀਂ ਕਰਦਾ। ਮੇਰਾ ਸਭਿਅਤਾ ਵਿੱਚ ਵਿਸ਼ਵਾਸ ਨਹੀਂ। ਮੈਂ ਤਾਂ ਸਿਰਫ਼ ਵਿਅਕਤੀ ਵਿੱਚ ਵਿਸ਼ਵਾਸ ਰੱਖਦਾ ਹਾਂ। ਮੈਂ ਰਾਜ ਵਿੱਚ ਵਿਸ਼ਵਾਸ ਨਹੀਂ ਕਰਦਾ। ਮੈਨੂੰ ਸਰਕਾਰ ਵਿੱਚ ਵਿਸ਼ਵਾਸ ਨਹੀਂ। ਮੈਂ ਦੁਨੀਆਂ ਦੀ ਕੋਈ ਸਰਕਾਰ ਨਹੀਂ ਚਾਹੁੰਦਾ, ਕੋਈ ਰਾਜ ਜਾਂ ਸਰਕਾਰ ਨੂੰ ਰਜਨੀਸ਼ ਬਾਰੇ ਵਿਚਾਰ ਕਰਨ ਦੀ ਕੀ ਲੋੜ ਹੈ। ਲੋਕ ਗਧੇ ਹਨ। ਸਿਰਫ ਰਜਨੀਸ਼ਵਾਦੀ ਵਿਅਕਤੀ ਹਨ ਤਾਂ ਰਜਨੀਸ਼ ਨੂੰ ਬਾਹਰ ਝਾਕਣ ਦੀ ਲੋੜ ਕਿਉਂ ਪੈਂਦੀ ਹੈ। ਸੋਵੀਅਤ ਯੂਨੀਅਨ ਵਿੱਚ ਝੰਡੇ ਗੱਡਣ ਦੀ ਏਨੀ ਲਾਲਸਾ ਕਿਉਂ ਹੈ ? ਸਿਰਫ਼ ਉਸਦੀ ਹਉਂ ਨੂੰ ਪੱਠੇ ਪਾਉਣ ਲਈ ? ਕਮਿਊਨਿਸਟਾਂ ਕੋਲ ਤਾਂ ਉਸਨੂੰ ਪਾਉਣ ਲਈ ਪੱਠੇ ਹੈ ਨਹੀਂ।

ਅਰਾਜਕਤਾਵਾਦੀ ਹੋਣ ਦਾ ਜ਼ਿਕਰ ਰਜਨੀਸ਼ ਇਉਂ ਕਰਦਾ ਹੈ ਜਿਵੇਂ ਇਹ ਕੋਈ ਬਹੁਤ ਵਧੀਆ ਚੀਜ਼ ਹੋਵੇ। ਅਰਾਜਕਤਾਵਾਦੀ ਪਾਸ ਢਾਹੁਣ ਲਈ ਸਾਰੀ ਦੁਨੀਆਂ ਹੁੰਦੀ ਹੈ, ਪਰ ਨਵਾਂ ਉਸ ਪਾਸ ਕੁਝ ਨਹੀਂ ਹੁੰਦਾ। ਰਜਨੀਸ਼ ਨਵਾਂ ਮਨੁੱਖ ਸਿਰਜਣ ਦਾ ਦਾਅਵਾ ਕਰਦਾ ਹੈ। ਆਪਣੇ ਕਮਿਊਨ ਨੂੰ ਸਭ ਤੋਂ ਉੱਚਾ ਦੱਸਦਾ ਹੈ। ਪਰ ਇਨ੍ਹਾਂ ਸਿਰਜੇ ਮਨੁੱਖਾਂ ਵਿੱਚ ਸ਼ੀਲਾ, ਵੀ ਹੈ ਜਾਨ ਮਿਲਨੇ ਵੀ ਤੇ ਮਹੇਸ਼ ਭੱਟ ਵੀ। ਕੋਈ ਲੱਖਾਂ ਡਾਲਰ ਲੈ ਕੇ ਦੌੜ ਜਾਂਦਾ ਹੈ। ਕੋਈ ਹਿਪਨੋਟਿਜ਼ਮ ਦੇ ਘੇਰੇ ਨੂੰ ਤੋੜ ਕੇ 'ਦਾ ਗਾਡ ਦੈਟ ਫੇਲਡ' ਨਾਂ ਦੀ ਕਿਤਾਬ ਲਿਖਦਾ ਹੈ ਤੇ ਓਰੇਗਾਨ ਵਿਚਲੇ ਕਮਿਊਨ ਦੇ ਸਾਰੇ ਗੰਦ ਨੂੰ ਲੋਕਾਂ ਸਾਹਮਣੇ ਲੈ ਆਉਂਦਾ ਹੈ ਤੇ ਕੋਈ ਰਜਨੀਸ਼ ਦੇ ਮਾਲਾ ਦੇ ਮਣਕਿਆਂ ਨੰੂ ਲੈਟਰੀਨ ਦੇ ਗਟਰ ਵਿੱਚ ਸੁੱਟਦਾ ਹੈ। ਸੱਚ ਮੁੱਚ ਮਹਾਨ ਹਨ ਇਹ ਵਿਭੂਤੀਆਂ। ਫਿਰ ਰਜਨੀਸ਼ ਕਿਸੇ ਨੂੰ ਵਾਪਿਸ ਆਉਣ ਲਈ ਪ੍ਰਵਚਨਾਂ ਵਿੱਚ ਤਰਲੇ ਕੱਢਦਾ ਹੈ ਤੇ ਕਿਸੇ ਨੂੰ ਡਰਾਉਣ ਧਮਕਾਉਣ ਤੱਕ ਜਾਂਦਾ ਹੈ। ਜਿਸ ਪੁਸਤਕ ਦੀ ਅਸੀਂ ਚਰਚਾ ਕਰ ਰਹੇ ਹਾਂ ਉਸ ਵਿੱਚ ਤਾਂ ਉਹ ਹਰ ਕਿਸੇ ਦੀ ਪ੍ਰਤੀਬੱਧਤਾ ਤੋਂ ਇਨਕਾਰੀ ਹੈ ਅਰਾਜਕਤਾਵਾਦ ਤੋਂ ਵੀ। ਉਹ ਕਹਿੰਦਾ ਹੈ, "ਕਮਿਊਨਿਜ਼ਮ ਪਹਿਲਾ ਪੜਾਅ ਹੈ, ਦੂਜਾ ਪੜਾ ਸਪਿਰਿਚਊਲਿਜ਼ਮ ਦਾ ਹੈ ਤੇ ਤੀਜਾ ਅਰਾਜਕਤਾਵਾਦ ਦਾ।" (ਪੰਨਾ_290)

ਅਖ਼ੀਰ ਤੇ ਉਹ ਇਨ੍ਹਾਂ ਤਿੰਨਾਂ ਪੜਾਵਾਂ ਤੋਂ ਹੀ ਆਪਣੇ ਆਪਨੂੰ ਵੱਖ ਕਰ ਲੈਂਦਾ ਹੈ। ਉਸਦੀ ਪ੍ਰਤੀਬੱਧਤਾ ਕਿਸੇ ਨਾਲ ਵੀ ਨਹੀਂ। ਵੈਸੇ ਤਾਂ ਇਉਂ ਤਿੰਨ ਪੜਾਅ ਕਰਨਾ ਆਪਣੇ ਆਪ ਵਿੱਚ ਹੀ ਫਾਲਤੂ ਹੈ ਪਰ ਉਨ੍ਹਾਂ ਵਿਚੋਂ ਕਿਸੇ ਨਾਲ ਵੀ ਪ੍ਰਤਿਬੱਧ ਨਾ ਹੋਣਾ ਤਾਂ ਨਿਰਾ ਬਕਵਾਸ ਹੈ। ਉਹ ਆਪ ਕਿੱਥੇ ਪਹੁੰਚਦਾ ਹੈ ? "ਤਿੰਨ ਪੜਾਵਾਂ ਨੂੰ ਮੈਂ ਸਾਫ਼ ਤੌਰ ਤੇ ਵੇਖ ਸਕਦਾ ਹਾਂ ਕਿਉਂਕਿ ਮੇਰੀ ਇਨ੍ਹਾਂ ਵਿਚੋਂ ਕਿਸੇ ਨਾਲ ਵੀ ਪਛਾਣ ਨਹੀਂ ਜੁੜੀ ਹੋਈ। ਨਾ ਕਮਿਊਨਿਜ਼ਮ ਨਾਲ ਨਾ ਸਪਿਰਚਿਊਲਿਜ਼ਮ ਨਾਲ ਤੇ ਨਾ ਹੀ ਅਰਾਜਕਤਾਵਾਦ ਨਾਲ। ਮੈਂ ਕੇਵਲ ਦਰਸ਼ਕ ਮਾਤਰ ਹਾਂ ਮੇਰੀ ਕਿਸੇ ਨਾਲ ਵੀ ਮੋਹ ਮੁਹੱਬਤ ਨਹੀਂ। ਮੈਂ ਤਾਂ ਸ਼ੀਸ਼ਾ ਮਾਤਰ ਹਾਂ ਜੋ ਸਥਿਤੀ ਦਾ ਜਿਵੇਂ ਉਹ ਹੈ, ਉਸਦਾ ਪ੍ਰਤਿਬਿੰਬ ਬਣਾਉਂਦਾ ਹਾਂ।" (ਪੰਨਾ_291) ਬੰਦਾ, ਜੇ ਉਹ ਬੰਦਾ ਹੈ ਤਾਂ ਉਸਨੂੰ ਸ਼ੀਸ਼ਾ ਮਾਤਰ ਨਹੀਂ ਕਿਹਾ ਜਾ ਸਕਦਾ। ਉਹ ਪ੍ਰਕ੍ਰਿਤੀ ਦੀ ਬੜੀ ਗੁੰਝਲਦਾਰ ਰਚਨਾ ਹੈ ਜਿਸਦੀਆਂ ਅਪਾਰ ਸ਼ਕਤੀਆਂ ਹਨ ਜਿਸਦਾ ਵਿਕਾਸ ਹੁੰਦਾ ਰਹਿੰਦਾ ਹੈ। ਉਸਨੂੰ ਸ਼ੀਸ਼ੇ ਮਾਤਰ ਤੱਕ ਸੀਮਤ ਕਰਨਾ ਮੂਰਖਤਾ ਤੋਂ ਵੱਧ ਕੁਝ ਨਹੀਂ। ਸ਼ੰਕਰਾਚਾਰੀਆ ਨੇ ਆਦਰਸ਼ਵਾਦ ਨੂੰ ਸਿਖ਼ਰ ਤੇ ਪੁਚਾ ਕੇ, ਦੁਨੀਆਂ ਨੂੰ ਝੂਠਾ ਸਾਬਤ ਕੀਤਾ ਸੀ, ਜਿਸਦੇ ਨਤੀਜੇ ਵਜੋਂ ਹਿੰਦੁਸਤਾਨ ਹਜ਼ਾਰ ਸਾਲ ਬਾਹਰੀ ਲੋਕਾਂ ਦਾ ਗ਼ੁਲਾਮ ਰਿਹਾ ਤੇ ਅੱਜ ਵੀ ਜ਼ਿਹਨੀ ਤੌਰ ਤੇ ਗ਼ੁਲਾਮ ਬਣਿਆ ਆ ਰਿਹਾ ਹੈ। ਇਸ ਵਿਚੋਂ ਨਿਕਲਣ ਦੇ ਯਤਨ ਅਜੇ ਤੱਕ ਸਫ਼ਲ ਨਹੀਂ ਹੋ ਸਕੇ। ਜੇ ਰਜਨੀਸ਼ ਦੀ ਸਿੱਖਿਆ ਅਨੁਸਾਰ 'ਸ਼ੀਸ਼ੇ' (ਨਪੰੁਸਕ) ਪੈਦਾ ਕਰ ਦਿੱਤੇ ਤਾਂ ਫਿਰ ਜੋ ਸਥਿਤੀ ਹੋਵੇਗੀ ਉਸਦਾ ਅੰਦਾਜ਼ਾ ਲਾਉਣਾ ਵੀ ਮੁਸ਼ਕਲ ਹੈ। ਇਸ ਲਈ ਰਜਨੀਸ਼ਵਾਦੀਆਂ ਲਈ ਤਾਂ ਬਾਬੇ ਨਾਨਕ ਵਾਲਾ ਆਸ਼ੀਰਵਾਦ ਹੀ ਠੀਕ ਹੈ ਕਿ ਵਸਦੇ ਰਹੋ ਆਪਣੇ ਕਮਿਊਨਾਂ ਵਿੱਚ।

ਭਾਵੇਂ ਕਮਿਊਨ ਦੀ ਅੰਦਰਲੀ ਦੁਨੀਆਂ ਨੂੰ ਜਾਨ ਮਿਲਨੇ ਤੇ ਮਹੇਸ਼ ਭੱਟ ਨੇ ਬੜੀ ਚੰਗੀ ਤਰ੍ਹਾਂ ਲੋਕਾਂ ਸਾਹਮਣੇ ਰੱਖ ਦਿੱਤਾ ਹੈ, ਫਿਰ ਵੀ ਰਜਨੀਸ਼ ਇਸ ਕਮਿਊਨ ਦੇ ਗੁਣਗਾਨ ਕਰਦਾ ਨਹੀਂ ਥੱਕਦਾ। ਉਸ ਅਨੁਸਾਰ, "ਕਮਿਊਨ ਕਮਿਊਨਿਜ਼ਮ ਦਾ ਉਚੇਰਾ ਸੰਸਕਰਣ ਹੈ। ਕੋਈ ਡਿਕਟੇਟਰਸ਼ਿਪ ਨਹੀਂ ਕੋਈ ਪੈਸਾ ਨਹੀਂ, ਕਮਿਊਨ ਵਿੱਚ ਪੈਸੇ ਦੀ ਕੋਈ ਲੋੜ ਨਹੀਂ। ਲੋਕ ਕਮਿਊਨ ਨੂੰ ਦਾਨ ਦਿੰਦੇ ਹਨ, ਪਰ ਜਿਥੋਂ ਤੱਕ ਉਨ੍ਹਾਂ ਦੀਆਂ ਲੋੜਾਂ ਦਾ ਸੰਬੰਧ ਹੈ, ਕਮਿਊਨ ਇਨ੍ਹਾਂ ਲੋੜਾਂ ਨੂੰ ਪੂਰੀਆਂ ਕਰਨ ਦਾ ਜ਼ਿੰਮੇਵਾਰ ਸੀ।" (ਪੰਨਾ 5, ਇਥੇ ਓਰੇਗਾਨ ਦੇ ਕਮਿਊਨ ਦੀ ਗੱਲ ਹੋ ਰਹੀ ਹੈ।) ਰਜਨੀਸ਼ ਦੇ ਕਮਿਊਨ ਦਾਨ ਤੇ ਚੱਲ ਸਕਦੇ ਹਨ। ਉਹ ਵੀ ਤਾਂ ਜੇ ਅਮੀਰ ਆਦਮੀ ਪੂਰੇ

ਦੇ ਪੂਰੇ ਕਮਿਊਨ ਉਸਾਰ ਕੇ ਦੇਣ। ਲਗਾਤਾਰ ਵਿਹਲੜਾਂ (ਹਰਿਆਣਵੀ ਮੋਲ੍ਹੜਾਂ) ਨੂੰ ਪੈਸੇ ਮੁਹੱਈਆ ਕਰਦੇ ਰਹਿਣ ਪਰ ਸਾਰੇ ਦਾ ਸਾਰਾ ਸਮਾਜ ਦਾਨ ਤੇ ਨਹੀਂ ਚੱਲ ਸਕਦਾ, ਉਥੇ ਤਾਂ ਰਜਨੀਸ਼ ਵਰਗੇ ਵਿਹਲੜਾਂ ਨੂੰ ਵੀ ਖੇਤਾਂ ਵਿਚ ਪਸੀਨਾ ਬਹਾਉਣਾ ਪਵੇਗਾ। ਦਾਨ ਦੇ ਸਿਰ ਤੇ ਚੱਲਣ ਵਾਲੇ ਕਮਿਉਨ ਕਮਿਊਨਿਜ਼ਮ ਦਾ ਉਚੇਰਾ ਸੰਸਕਰਣ ਕਿਵੇਂ ਹੋ ਸਕਦੇ ਹਨ ? ਬਿਗੜਿਆ ਰੂਪ ਇਨ੍ਹਾਂ ਨੂੰ ਜ਼ਰੂਰ ਕਿਹਾ ਜਾ ਸਕਦਾ ਹੈ। ਕੋਈ ਰਜਨੀਸ਼ ਲਈ ਦੁਨੀਆਂ ਦੀਆਂ ਸਭ ਤੋਂ ਮਹਿੰਗੀਆਂ ਕਾਰਾਂ ਖਰੀਦ ਕੇ ਦੇ ਰਿਹਾ ਹੈ। ਕੋਈ ਸਾਰੇ ਦਾ ਸਾਰਾ ਕਮਿਊਨ ਉਸਾਰ ਰਿਹਾ ਹੈ, ਜਿਸ ਵਿੱਚ ਉਲੰਪਿਕ ਸਾਈਜ਼ ਦੇ ਤਲਾਅ ਬਣਦੇ ਹਨ ਜਿਸ ਵਿੱਚ ਰਜਨੀਸ਼ ਨਹਾ ਸਕੇ। ਰਿਹਾਇਸ਼ਗਾਹਾਂ ਬਣਦੀਆਂ ਹਨ, ਜਿਥੇ ਰਜਨੀਸ਼ ਦੇ ਚੇਲੇ ਚੇਲੀਆਂ ਨਿਰਵਿਘਨ ਕਾਮ_ਕ੍ਰੀੜਾਵਾਂ ਕਰ ਸਕਣ। ਹਾਲ ਬਣਦੇ ਹਨ ਜਿਥੇ ਹੋਰਨਾਂ ਧਰਮਾਂ ਨੂੰ ਤੇ ਕਮਿਊਨਿਸਟਾਂ ਨੂੰ ਪ੍ਰਵਚਨਾਂ ਵਿਚ ਗਾਲੀਆਂ ਕੱਢੀਆਂ ਜਾ ਸਕਣ। ਹੀਰਿਆਂ ਦੀਆਂ ਟੋਪੀਆਂ ਪਾ ਕੇ ਲੋਕਾਂ ਨੂੰ ਗਧੇ ਕਿਹਾ ਜਾ ਸਕੇ। ਇਸ ਤਰ੍ਹਾਂ ਐਸ਼ਪ੍ਰਸਤੀ (ਧਿਆਨ ਦੀ ਐਸ਼ਪ੍ਰਸਤੀ ਸਮੇਤ) ਨਿਭਾਉਣ ਵਾਲਾ ਕਮਿਊਨ ਉਚੇਰਾ ਨਾ ਹੋਕੇ ਬੁਰਜ਼ੂਆ ਨੈਤਿਕਤਾ ਦਾ ਸਿਖ਼ਰ ਹੀ ਹੋ ਸਕਦਾ ਹੈ। ਜਿਥੇ ਥੋੜ੍ਹੀ ਦੇਰ ਹਿਪਨੋਟਾਈਜ਼ ਹੋਇਆ ਜਾ ਸਕਦਾ ਹੈ, ਫਿਰ ਬਾਹਰ ਨੂੰ ਦੌੜਨ ਦੀ ਲੋੜ ਪੈਂਦੀ ਹੈ। ਸਮਾਜ ਨੂੰ ਚਲਾਉਣ ਲਈ ਹਰ ਚੀਜ਼ ਨਾਲ ਵਾਸਤਾ ਪਵੇਗਾ, ਉਸਤੋਂ ਦੌੜਨ ਦਾ ਰਾਹ ਕੋਈ ਨਹੀਂ। ਕਮਿਊਨ ਵਿੱਚ ਜਾ ਵੜਨ ਨਾਲ ਬਿੱਲੀ ਦਾ ਖ਼ਤਰਾ ਟਲ ਨਹੀਂ ਸਕਦਾ, ਹਾਂ ਆਪਣੇ ਆਪ ਨੂੰ ਧੋਖਾ ਦਿੱਤਾ ਜਾ ਸਕਦਾ।

ਰਜਨੀਸ਼ ਆਪਣੇ ਢੰਗ ਨਾਲ ਉਲਟ ਪੁਲਟ ਕੇ ਆਪਣੀ ਅਸਲੀ ਥਾਂ ਉੱਪਰ ਪਹੁੰਚ ਜਾਂਦਾ ਹੈ। ਕਮਿਊਨਿਸਟ ਆਤਮਾ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦੇ। ਉਹ ਮਾਨਵੀ ਚੇਤਨਾ ਨੂੰ ਪਦਾਰਥ ਦੀ ਉਪਜ ਮੰਨਦੇ ਹਨ। ਸਰੀਰ ਵਿੱਚ ਚੇਤਨਾ ਹੋ ਸਕਦੀ ਹੈ। ਪਰ ਰਜਨੀਸ਼ ਇਸਦਾ ਵਿਰੋਧ ਕਰਦਾ ਹੈ, ਉਹ ਰਹੱਸਵਾਦੀਆਂ ਵਾਂਗ ਵਿਚਰਦਾ ਹੈ ਤੇ ਕਹਿੰਦਾ ਹੈ, "ਮਾਨਵੀ ਆਤਮਾ, ਮਾਨਵੀ ਰੂਹ ਪਦਾਰਥ ਦੀ ਪੈਦਾਵਾਰ ਨਹੀਂ ਹੋ ਸਕਦੀ। ਇਸਦੀ ਆਪਣੀ ਹੋਂਦ ਜਾਂ ਹਸਤੀ ਹੈ।" (ਪੰਨਾ 45) ਰਜਨੀਸ਼, ਰੱਬ, ਸਵਰਗ, ਨਰਕ ਆਦਿ ਤੋਂ ਭਾਵੇਂ ਇਨਕਾਰੀ ਹੈ, ਪਰ ਉਹ ਪੁਨਰ_ਜਨਮ ਨੂੰ ਮੰਨਦਾ ਹੈ। ਪੁਨਰ ਜਨਮ ਸਿੱਧ ਹੀ ਨਹੀਂ ਹੋ ਸਕਦਾ ਜੇ ਆਤਮਾ ਦੀ ਵੱਖਰੀ ਹੋਂਦ ਨਾ ਮੰਨੀ ਜਾਵੇ। ਇਹ ਆਤਮਾ ਹੀ ਤਾਂ ਬਾਰ ਬਾਰ ਜਨਮਾਂ 'ਚ ਆਉਂਦੀ ਹੈ। ਇਸਦੇ ਨਾਲ ਹੀ ਕਰਮ ਦਾ ਸਿਧਾਂਤ ਜਾ ਜੁੜਦਾ ਹੈ, ਜਿਸ ਬਾਰੇ ਰਜਨੀਸ਼ ਚੁੱਪ ਸਾਧ ਜਾਂਦਾ ਹੈ। ਉਹ ਮਰਨ ਬਾਦ ਕਿੱਥੇ ਜਾਵੇਗਾ, ਇਹ ਤਾਂ ਨਹੀਂ ਦੱਸਦਾ

ਪਰ ਪਿਛਲੇ ਜਨਮ ਦੀ ਗੱਲ ਜ਼ਰੂਰ ਕਰਦਾ ਹੈ। ਉਸ ਅਨੁਸਾਰ ਉਹ ਧਿਆਨ ਕਰ ਰਿਹਾ ਸੀ ਕਿ ਤਪੱਸਿਆ ਪੂਰੀ ਹੋਣ ਤੋਂ ਪਹਿਲਾਂ ਹੀ ਉਸਦਾ ਕਤਲ ਕਰ ਦਿੱਤਾ ਗਿਆ। ਇਸ ਲਈ ਹੁਣ ਜੰਮਣ ਵੇਲੇ ਬਚਦੇ ਤਿੰਨ ਦਿਨ ਉਸਨੇ ਕੁਝ ਖਾਧਾ ਪੀਤਾ ਨਹੀਂ। ਇਹ ਉਨ੍ਹਾਂ ਦਿਨਾਂ ਦੀਆਂ ਗੱਲਾਂ ਹਨ ਜਦੋਂ ਓਰੇਗਾਨ ਵਿਚ ਲੋਕਾਂ ਨੇ ਕਮਿਊਨ ਛੱਡਣਾ ਸ਼ੁਰੂ ਕੀਤਾ। ਉਥੇ ਹੀ ਉਸਨੇ ਅਜਿਹੀਆਂ ਕਹਾਣੀਆਂ ਰਾਹੀਂ ਲੋਕਾਂ ਨੂੰ ਰਿਝਾਉਣਾ ਸ਼ੁਰੂ ਕੀਤਾ।

ਕਮਿਊਨਿਸਟ ਉਸਦੀ ਇਸ ਸਟਰੈਟਜੀ ਨੂੰ ਵੀ ਜਾਣਦੇ ਹਨ। ਉਪਰੋਕਤ ਵਿਚਾਰਾਂ ਦਾ ਧਾਰਣੀ ਸਮਾਜਿਕ ਵਿਕਾਸ ਵਿੱਚ ਕੋਈ ਯੋਗਦਾਨ ਨਹੀਂ ਪਾਉਂਦਾ। ਇਸ ਲਈ ਮਿਹਨਤ ਕਰਨਾ ਤੇ ਕਿਸੇ ਪੜਾਅ ਤੇ ਨਿਸ਼ਾਨੇ ਤੇ ਪਹੁੰਚਣਾ ਉਸਦੀ ਲੋੜ ਨਹੀਂ। ਨਾ ਵਿਅਕਤੀਗਤ ਅਤੇ ਨਾ ਹੀ ਸਮੂਹਿਕ। ਉਸਦੇ ਵਿਚਾਰ ਫਿਰ ਅਜਿਹੇ ਹੀ ਹੋ ਸਕਦੇ ਹਨ, "ਨਿਸ਼ਾਨਾ ਹਰ ਨਿਸ਼ਾਨਾ (ਗੋਲ) ਇੱਕ ਭ੍ਰਾਂਤੀ ਹੈ। ਸਮਝ ਵਾਲਾ ਆਦਮੀ ਬਿਨਾਂ ਕਿਸੇ ਨਿਸ਼ਾਨੇ ਦੇ ਜਿਉਂਦਾ ਹੈ। (ਪੰਨਾ 32) ਨਾ ਜਿੰਮੇਵਾਰ ਬਣਨ, ਨਾ ਜ਼ਿੰਮੇਵਾਰੀ ਨਿਭਾਉਣੀ, ਕਹੀ ਹੋਈ ਗੱਲ ਦੇ ਗ਼ਲਤ ਸਹੀ ਨਤੀਜੇ ਨੂੰ ਅਪਨਾਉਣਾ ਹੀ ਨਹੀਂ। ਇਸੇ ਲਈ ਤਾਂ ਉਹ ਕਿਹੋ ਜਿਹੀਆਂ ਵੀ ਗ਼ੈਰ ਜਿੰਮੇਵਾਰ ਗੱਲਾਂ ਕਰ ਸਕਦਾ ਹੈ। ਰਾਜੀਵ ਗਾਂਧੀ ਵੇਲੇ ਪਰਿਵਾਰ _ਨਿਯੋਜਨ ਬਾਰੇ ਚਰਚਾ ਕਰਦਾ ਹੋਇਆ ਉਹ ਇਥੋਂ ਤੱਕ ਆਖ ਜਾਂਦਾ ਹੈ, "ਹੁਣੇ ਪਰਿਵਾਰ ਨਿਯੋਜਨ ਨੂੰ ਮਿਲਟਰੀ ਐਕਸ਼ਨ ਦੀ ਲੋੜ ਹੈ। ਹੋਰ ਕੋਈ ਚੀਜ਼ ਸਹਾਇਕ ਨਹੀਂ ਹੋਵੇਗੀ। ਫੌਜ ਐਵੇਂ ਵਿਹਲੀ ਬੈਠੀ ਹੈ। ਇਸਨੂੰ ਪਿੰਡ ਵਿੱਚ ਲਿਜਾਵੋ ਅਤੇ ਸਾਰਿਆਂ ਨੂੰ ਖੱਸੀ ਕਰ ਦਿਓ।" (ਪੰਨਾ 241) ਇਹੋ ਜਿਹੇ ਵਿਚਾਰਾਂ ਦੇ ਧਾਰਣੀ ਨਾਲ ਤੁਸੀਂ ਕਿਵੇਂ ਸਮਝੌਤਾ ਕਰੋਗੇ ?

ਇਨ੍ਹਾਂ ਪ੍ਰਵਚਨਾਂ ਵਿੱਚ ਧਿਆਨ ਬਾਰੇ ਬਹੁਤ ਕੁਝ ਕਿਹਾ ਗਿਆ ਹੈ। ਪਰ ਰਜਨੀਸ਼ਵਾਦੀ ਇਸ ਗੱਲ ਉੱਪਰ ਬਜਿੱਦ ਹਨ ਕਿ ਪਹਿਲਾਂ ਧਿਆਨ ਲਾ ਕੇ ਦੇਖੋ ਫਿਰ ਗੱਲ ਕਰੋ। ਇਸ ਲਈ ਅਸੀਂ ਰਜਨੀਸ਼ ਦੇ ਵਿਚਾਰਾਂ ਦੇ ਦੀਵਾਲੀਏਪਣ ਉੱਪਰ ਹੀ ਆਪਣਾ ਧਿਆਨ ਕੇਂਦ੍ਰਿਤ ਕੀਤਾ ਹੈ, ਪਰ ਇੱਕ ਗੱਲ ਕਹਿਣੋਂ ਫਿਰ ਵੀ ਨਹੀਂ ਰਹਿ ਸਕਦੇ ਕਿ ਇਸ ਖ਼ੇਤਰ ਵਿੱਚ ਵੀ ਉਹ ਗ਼ੁਲਾਮ ਹੀ ਪੈਦਾ ਕਰਦਾ ਹੈ, ਸੁਚੇਤ ਮਨੁੱਖ ਨਹੀਂ। ਇਸ ਖੇਤਰ ਵਿੱਚ ਆਪ ਰਜਨੀਸ਼ ਮਾਸਟਰ ਬਣਦਾ ਹੈ ਤੇ ਸ਼ਿਸ਼ ਨੂੰ ਪੂਰੀ ਤਰ੍ਹਾਂ ਸਮਰਪਣ ਕਰਨ ਲਈ ਕਹਿੰਦਾ ਹੈ। ਇਹੀ ਮਾਲਕ_ਗੁਲਾਮ ਦਾ ਰਿਸ਼ਤਾ ਹੈ। "ਜਦੋਂ ਗੁਰੂ ਪੂਰਣ ਰੂਪ ਵਿੱਚ ਠੀਕ ਹੋਵੇ ਤਾਂ ਸ਼ਿਸ਼ ਨੂੰ ਪੂਰੀ ਤਰ੍ਹਾਂ ਆਪਾ

ਤਿਆਗ ਦੇਣਾ ਚਾਹੀਦਾ ਹੈ, ਚੁੱਪਚਾਪ। ਤਰਕ ਦਾ ਕੋਈ ਸਵਾਲ ਹੀ ਨਹੀਂ ਉੱਠਦਾ। ਗੁਰੂ ਨਾਲ ਤੁਸੀਂ ਵਾਦ ਨਹੀਂ ਕਰ ਸਕਦੇ ਤੇ ਤੁਸੀਂ ਵਾਦ ਕਰਦੇ ਹੋ ਤਾਂ ਤੁਸੀਂ ਆਪਣੇ ਤੇ ਮਾਸਟਰ ਵਿਚਕਾਰ ਦੂਰੀ ਬਣਾ ਲੈਂਦੇ ਹੋ।" (ਪੰਨਾ 73)

ਅਸਲ ਵਿੱਚ ਹਿਪਨੋਟਿਜ਼ਮ ਦੀ ਇਹ ਪਹਿਲੀ ਸ਼ਰਤ ਹੈ। ਰਜਨੀਸ਼ ਦਾ ਸਾਰਾ ਧਿਆਨਵਾਦ, ਵਿਅਕਤੀਗਤ ਸੰਮੋਹਨ, ਅਤੇ ਸਮੂਹਿਕ ਸੰਮੋਹਨ ਉੱਪਰ ਆਧਾਰਿਤ ਹੈ, ਬਾਕੀ ਇੱਕ ਸੌ ਬਾਰਾਂ ਢੰਗ ਤਰੀਕੇ ਤਾਂ ਇਸੇ ਸੰਮੋਹਨ ਤੱਕ ਪਹੁੰਚਣ ਦੇ ਰਾਹ ਹਨ। ਲੋਕ ਇਸ ਸੰਮੋਹਨ ਵਿੱਚ ਸ਼ਰਾਬੀਆਂ ਵਾਂਗ ਸੁਆਦ ਲੈਂਦੇ ਹਨ, ਜਦੋਂ ਇਸ ਵਿਚੋਂ ਨਿਕਲ ਆਉਂਦੇ ਹਨ ਤਾਂ, ਜਾਂ ਤਾਂ ਦੁਬਾਰਾ ਉਸੇ ਵੱਲ ਦੌੜਦੇ ਹਨ ਜਾਂ ਫਿਰ ਕਿਸੇ ਹੋਰ ਦੀ ਸ਼ਰਨ ਵੱਲ ਜਾਂਦੇ ਹਨ ਮਹੇਸ਼ ਭੱਟ ਵਾਂਗ। ਧਿਆਨਵਾਦ ਬਾਰੇ ਇਸ ਤੋਂ ਵਧੇਰੇ ਸਾਨੂੰ ਕੁਝ ਕਹਿਣ ਦੀ ਜ਼ਰੂਰਤ ਵੀ ਨਹੀਂ। ਰਜਨੀਸ਼ਵਾਦੀਆਂ ਨੂੰ ਮੁਬਾਰਕ ਉਨ੍ਹਾਂ ਦਾ ਧਿਆਨਵਾਦ। ਇਸ ਸੰਖੇਪ ਚਰਚਾ ਵਿੱਚ ਅਸੀਂ ਰਜਨੀਸ਼ ਦੀ ਪੈਂਤੜੇਬਾਜ਼ੀ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ। ਜਿਸਤੋਂ ਇਹ ਤਾਂ ਸਾਫ਼ ਹੀ ਹੈ ਕਿ ਬੌਧਿਕ ਪੱਧਰ ਤੇ ਉਹ ਬਿਗੜਿਆ ਹੋਇਆ ਦਿਵਾਲੀਆ ਕਥਾਵਾਚਕ ਹੈ, ਜੋ ਆਪ 'ਕੁਝ ਵੀ ਨਹੀਂ' ਪਰ ਬਹੁਤ ਵੱਡੇ ਫਿਲਾਸਫ਼ਰ ਹੋਣ ਦਾ ਭੁਲੇਖਾ ਸਿਰਜਣਾ ਚਾਹੁੰਦਾ ਹੈ। ਇਸ ਵਿਚਾਰ ਤੋਂ ਹੋਰ ਕੀ ਨਤੀਜੇ ਕੱਢੇ ਜਾ ਸਕਦੇ ਹਨ, ਉਹ ਮੈਂ ਪਾਠਕਾਂ ਉੱਪਰ ਛੱਡਦਾ ਹਾਂ।

# ਅਧਿਆਇ ਸਤਵਾਂ

# ਰਜਨੀਸ਼ ਦੀ ਅਸਲੀਅਤ ਉਸਦੀ ਦੀ ਆਪਣੀ ਜ਼ੁਬਾਨੀ

## (12 ਜਨਵਰੀ, 1985 ਨੂੰ ਓਰੇਗਾਨ ਵਿੱਚ ਦਿੱਤੇ ਭਾਸ਼ਣ ਦੇ ਅੰਸ਼)

.....ਜਵਾਨੀ ਵੇਲੇ ਯੂਨੀਵਰਸਿਟੀ ਵਿੱਚ ਮੈਂ ਨਾਸਤਿਕ ਤੇ ਅਧਾਰਮਿਕ ਵਿਅਕਤੀ ਦੇ ਤੌਰ ਤੇ ਜਾਣਿਆ ਜਾਂਦਾ ਸੀ ਜੋ ਹਰੇਕ ਸਦਾਚਾਰ_ਸਿਸਟਮ ਦੇ ਖਿਲਾਫ਼ ਸੀ। ਇਹ ਮੇਰਾ ਸਟੈਂਡ ਸੀ ਤੇ ਅੱਜ ਵੀ ਇਹ ਬਰਕਰਾਰ ਹੈ। ਇਸ ਤੋਂ ਇੱਕ ਇੰਚ ਵੀ ਪਿੱਛੇ ਨਹੀਂ ਹਟਿਆ। ਪਰ ਨਾਸਤਿਕ, ਅਧਾਰਮਿਕ ਤੇ ਹਰ ਸਦਾਚਾਰ ਦੇ ਵਿਰੋਧੀ ਵਜੋਂ ਜਾਣਿਆ ਜਾਣਾ ਮੇਰੇ ਲਈ ਇੱਕ ਸਮੱਸਿਆ ਬਣ ਗਿਆ। ਲੋਕਾਂ ਨਾਲ ਸੰਚਾਰ ਮੁਸ਼ਕਲ ਸੀ। ਲੋਕਾਂ ਨਾਲ ਕਿਸੇ ਤਰ੍ਹਾਂ ਦਾ ਰਿਸ਼ਤਾ ਸਥਾਪਿਤ ਕਰਨਾ ਲੱਗਭਗ ਅਸੰਭਵ ਸੀ।

ਜਦੋਂ ਲੋਕਾਂ ਨੂੰ ਪਤਾ ਲੱਗਦਾ ਕਿ ਮੈਂ ਨਾਸਤਿਕ ਹਾਂ, ਅਧਾਰਮਿਕ ਤੇ ਸਦਾਚਾਰ ਵਿਰੋਧੀ ਹਾਂ ਤਾਂ ਉਹ ਸਾਰੇ ਦਰਵਾਜ਼ੇ ਬੰਦ ਕਰ ਲੈਂਦੇ। ਮੈਂ ਰੱਬ ਵਿੱਚ ਵਿਸ਼ਵਾਸ ਨਹੀਂ ਕਰਦਾ, ਕਿਸੇ ਨਰਕ ਸੁਰਗ ਵਿੱਚ ਵਿਸ਼ਵਾਸ ਨਹੀਂ ਕਰਦਾ ਲੋਕਾਂ ਲਈ ਮੇਰੇ ਤੋਂ ਦੌੜਨ ਦਾ ਇੰਨਾ ਵਿਚਾਰ ਹੀ ਕਾਫੀ ਸੀ। ਮੈਂ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਸਾਂ ਇਸ ਲਈ ਸੈਂਕੜੇ ਪ੍ਰੋਫੈਸਰ, ਸ਼ੋਧ ਵਿਦਿਆਰਥੀ ਮੇਰੇ ਤੋਂ ਕਤਰਾਂਦੇ ਸਨ ਕਿਉਂਕਿ ਉਹ ਜਿਸ ਚੀਜ਼ ਵਿੱਚ ਵਿਸ਼ਵਾਸ ਰੱਖਦੇ ਸਨ ਉਸਨੂੰ ਕਹਿਣ ਦਾ ਉਨ੍ਹਾਂ ਵਿੱਚ ਹੌਂਸਲਾ ਨਹੀਂ ਸੀ। ਆਪਣੇ ਵਿਚਾਰਾਂ ਲਈ ਉਨ੍ਹਾਂ ਕੋਲ ਕੋਈ ਤਰਕ ਨਹੀਂ ਸੀ। ਪਰ ਮੈਂ ਗਲੀਆਂ ਦੀਆਂ ਨੁੱਕਰਾਂ ਤੇ ਯੂਨੀਵਰਸਿਟੀ ਵਿਚ, ਪਾਨ ਵਾਲੀਆਂ ਦੁਕਾਨਾਂ ਤੇ ਜਾ ਕੇ ਜਿਥੇ ਵੀ ਕੋਈ ਮਿਲੇ ਉਥੇ ਹੀ ਲਗਾਤਾਰ ਤਰਕ ਕਰਦਾ ਰਹਿੰਦਾ ਸਾਂ। ਮੈਂ ਧਰਮ ਉੱਪਰ ਸਿੱਧੀ ਸੱਟ ਮਾਰਦਾ ਅਤੇ ਲੋਕਾਂ ਨੂੰ ਬਕਵਾਸ ਤੋਂ ਪੂਰੀ ਤਰ੍ਹਾਂ ਛੁਟਕਾਰਾ ਦੁਆਉਣ ਲਈ ਯਤਨ ਕਰਦਾ। ਨਤੀਜਾ ਇਹ ਹੋਇਆ ਕਿ ਮੈਂ ਇੱਕ ਜਜ਼ੀਰਾ ਬਣਕੇ ਰਹਿ ਗਿਆ। ਕੋਈ ਮੇਰੇ ਨਾਲ ਗੱਲ ਕਰਕੇ ਰਾਜ਼ੀ ਨਹੀਂ ਸੀ। ਕਿਉਂਕਿ ਹੈਲੋ ਕਰਨ ਨਾਲ ਇਹ ਖ਼ਤਰਾ ਹੋ ਸਕਦਾ ਸੀ ਕਿ ਪਤਾ ਨਹੀਂ ਮੈਂ ਉਨ੍ਹਾਂ ਨੂੰ ਕਿੱਥੇ ਲੈ ਜਾਵਾਂ।

ਅਖ਼ੀਰ ਤੇ ਮੈਨੂੰ ਆਪਣੀ ਰਣਨੀਤੀ ਬਦਲਣੀ ਪਈ। ਮੈਂ ਸੁਚੇਤ ਹੋਇਆ ਕਿ ਜੋ ਲੋਕ ਸੱਚ ਦੀ ਭਾਲ ਕਰਨ ਦੇ ਇੱਛੁਕ ਹਨ ਉਹ ਹੈਰਾਨੀ ਦੀ ਹੱਦ ਤੱਕ ਧਰਮ ਵਿੱਚ ਲੀਨ ਸਨ। ਕਿਉਂਕਿ ਮੈਂ ਅਧਾਰਮਿਕ ਸਮਝਿਆ

ਜਾਂਦਾ ਸਾਂ ਮੈਂ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਨਹੀਂ ਸਾਂ ਕਰ ਸਕਦਾ। ਇਹੀ ਲੋਕ ਸਨ ਜੋ ਕੁਝ ਜਾਨਣ ਦੇ ਇੱਛੁਕ ਸਨ। ਇਹੀ ਲੋਕ ਸਨ ਜੋ ਮੇਰੇ ਨਾਲ ਅਣਜਾਣੇ ਰਾਹਾਂ ਤੇ ਤੁਰ ਸਕਦੇ ਸਨ। ਪਰ ਇਹ ਲੋਕ ਪਹਿਲਾਂ ਹੀ ਕਿਸੇ, ਧਰਮ ਸੰਪਰਦਾਇ ਜਾਂ ਦਰਸ਼ਨ ਨਾਲ ਬੱਝੇ ਹੋਏ ਸਨ। ਉਨ੍ਹਾਂ ਦਾ ਮੇਰੇ ਬਾਰੇ ਅਧਾਰਮਿਕ ਅਤੇ ਨਾਸਤਿਕ ਹੋਣ ਬਾਰੇ ਸੋਚਣਾ ਹੀ ਵਾਧਾ ਬਣ ਗਿਆ।

ਇਨ੍ਹਾਂ ਲੋਕਾਂ ਦੀ ਹੀ ਮੈਨੂੰ ਲੋੜ ਸੀ। ਉਹ ਲੋਕ ਵੀ ਸਨ ਜੋ ਧਰਮ ਵਿੱਚ ਬੱਝੇ ਨਹੀਂ ਸਨ ਪਰ ਉਨ੍ਹਾਂ ਨੂੰ ਖੋਜਣ ਦੀ ਇੱਛਾ ਨਹੀਂ ਸੀ। ਜੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਪਦ ਤੇ ਸੱਚ ਵਿਚੋਂ ਕਿਸੇ ਇੱਕ ਦੀ ਚੋਣ ਕਰਨ ਲਈ ਕਿਹਾ ਜਾਂਦਾ ਤਾਂ ਉਹ ਪ੍ਰਧਾਨ ਮੰਤਰੀ ਪਦ ਨੂੰ ਪਹਿਲ ਦਿੰਦੇ। ਸੱਚ ਬਾਰੇ ਉਹ ਕਹਿੰਦੇ, "ਕੋਈ ਜਲਦੀ ਨਹੀਂ। ਇਹ ਕੰਮ ਤਾਂ ਕਦੇ ਵੀ ਕੀਤਾ ਜਾ ਸਕਦਾ ਹੈ। ਪਰ ਪ੍ਰਧਾਨ ਮੰਤਰੀ ਪਦ ਸ਼ਾਇਦ ਫਿਰ ਮਿਲੇ ਜਾਂ ਨਾ ਮਿਲੇ। ਇਹ ਕਦੇ ਕਦਾਈ ਮੌਕਾ ਮਿਲਦਾ ਹੈ, ਤੇ ਮਿਲਦਾ ਵੀ ਕਿਸੇ ਕਿਸੇ ਨੂੰ ਹੈ। ਸੱਚ ਤਾਂ ਹਰ ਕਿਸੇ ਦੀ ਪ੍ਰਕ੍ਰਿਤੀ ਹੈ, ਇਸਨੂੰ ਕਦੇ ਵੀ ਲੱਭਿਆ ਜਾ ਸਕਦਾ ਹੈ। ਸਭ ਤੋਂ ਪਹਿਲਾਂ ਉਹ ਕੀਤਾ ਜਾਵੇ ਜੋ ਛਿਣਭੰਗਰ ਹੈ, ਸਮੇਂ ਬੱਧ ਹੈ ਤੇ ਜਿਸਦਾ ਸਮਾਂ ਹੱਥੋਂ ਨਿਕਲ ਰਿਹਾ ਹੈ। ਹਥਲਾ ਸੁਹਾਣਾ ਸੁਪਨਾ ਸ਼ਾਇਦ ਫਿਰ ਨਾ ਵਾਪਰੇ। ਸੱਚ ਤਾਂ ਕਿਤੇ ਦੌੜਿਆ ਨਹੀਂ ਜਾਂਦਾ ਪਰ ਇਹ ਸੁਪਨਾ ਤਾਂ ਉੱਡਦਾ ਜਾ ਰਿਹਾ ਹੈ। ਉਨ੍ਹਾਂ ਦਾ ਰੁਝਾਨ ਸੁਪਨੇ, ਕਲਪਨਾ ਵਿੱਚ ਸੀ।

ਉਹ ਮੇਰੇ ਲੋਕ ਨਹੀਂ ਹਨ। ਉਨ੍ਹਾਂ ਨਾਲ ਸੰਚਾਰ ਅਸੰਭਵ ਸੀ ਕਿਉਂਕਿ ਮੇਰਾ ਤੇ ਉਨ੍ਹਾਂ ਦਾ ਹਿੱਤ ਵੱਖੋ ਵੱਖਰਾ ਸੀ। ਮੈਂ ਪੂਰਾ ਜ਼ੋਰ ਲਾਇਆ ਪਰ ਇਨ੍ਹਾਂ ਲੋਕਾਂ ਦੀ ਧਰਮ ਵਿੱਚ, ਸੱਚ ਵਿੱਚ ਤੇ ਨਾ ਹੀ ਕਿਸੇ ਮਹੱਤਵਪੂਰਣ ਗੱਲ ਵਿੱਚ ਰੁਚੀ ਸੀ। ਜਿਨ੍ਹਾਂ ਦੀ ਰੁਚੀ ਸੀ ਉਹ ਈਸਾਈ ਸਨ ਜਾਂ ਹਿੰਦੂ, ਮੁਸਲਮਾਨ, ਜੈਨ ਜਾਂ ਬੋਧੀ ਸਨ। ਉਹ ਪਹਿਲਾਂ ਹੀ ਕਿਸੇ ਵਿਚਾਰਧਾਰਾ, ਧਰਮ ਨਾਲ ਜੁੜੇ ਹੋਏ ਸਨ। ਹੁਣ ਮੈਨੂੰ ਸਪੱਸ਼ਟ ਹੋ ਗਿਆ ਸੀ ਕਿ ਮੈਨੂੰ ਧਾਰਮਿਕ ਹੋਣ ਦਾ ਨਾਟਕ ਰਚਣਾ ਪੈਣਾ ਸੀ। ਕੋਈ ਹੋਰ ਰਸਤਾ ਨਹੀਂ ਸੀ। ਇਸਤੋਂ ਬਾਅਦ ਹੀ ਮੈਨੂੰ ਅਸਲੀ ਖੋਜੀ ਮਿਲ ਸਕਦੇ ਸਨ। ਮੈਂ ਧਰਮ ਦੇ ਸ਼ਬਦ ਨੂੰ ਹੀ ਨਫ਼ਰਤ ਕਰਦਾ ਹਾਂ। ਮੈਂ ਹਮੇਸ਼ਾਂ ਇਸਨੂੰ ਨਫ਼ਰਤ ਕੀਤੀ ਹੈ। ਪਰ ਮੈਨੂੰ ਧਰਮ ਤੇ ਬੋਲਣਾ ਪਿਆ। ਧਰਮ ਦੀ ਆੜ ਵਿੱਚ ਉਹ ਗੱਲਾਂ ਕੀਤੀਆਂ ਜੋ

ਲੋਕ ਸਮਝਦੇ ਸਨ ਉਹ ਅਸਲ ਵਿੱਚ ਉਹ ਨਹੀਂ ਸਨ। ਇਹ ਸਿਰਫ਼ ਰਣਨੀਤੀ ਸੀ। ਉਨ੍ਹਾਂ ਦੇ ਸ਼ਬਦ ਰੱਬ, ਧਰਮ ਤੇ ਮੁਕਤੀ ਮੈਂ ਵਰਤ ਰਿਹਾ ਸਾਂ ਪਰ ਆਪਣੇ ਅਰਥ ਦੇ ਰਿਹਾ ਸਾਂ। ਇਸੇ ਤਰ੍ਹਾਂ ਮੈਂ ਲੋਕ ਲੱਭਣੇ ਸ਼ੁਰੂ

ਕੀਤੇ, ਉਹ ਮੇਰੇ ਕੋਲ ਆਉਣ ਲੱਗੇ।ਲੋਕਾਂ ਦੀਆਂ ਨਜ਼ਰਾਂ ਵਿੱਚ ਆਪਣਾ ਬਿੰਬ ਸੁਧਾਰਨ ਲਈ ਮੈਨੂੰ ਕੁਝ ਸਾਲ ਲੱਗੇ। ਲੋਕ ਸ਼ਬਦ ਸੁਣਦੇ ਸਨ ਉਨ੍ਹਾਂ ਦੇ ਅਰਥ ਨਹੀਂ ਸੀ ਸਮਝਦੇ। ਲੋਕ ਉਹ ਸਮਝਦੇ ਹਨ ਜੋ ਤੁਸੀਂ ਕਹਿੰਦੇ ਹੋ। ਜੋ ਕੁਝ ਅਣਕਿਹਾ ਹੁੰਦਾ ਹੈ ਉਹ ਉਸਨੂੰ ਨਹੀਂ ਸਮਝਦੇ। ਇਸ ਲਈ ਮੈਂ ਉਨ੍ਹਾਂ ਦਾ ਹਥਿਆਰ ਉਨ੍ਹਾਂ ਦੇ ਖਿਲਾਫ਼ ਹੀ ਵਰਤਿਆ। ਮੈਂ ਧਰਮ_ਪੁਸਤਕਾਂ ਉੱਪਰ ਿਟੱਪਣੀ ਦਿੱਤੀ ਪਰ ਅਰਥ ਉਹ ਦਿੱਤੇ ਜਿਹੜੇ ਮੇਰੇ ਆਪਣੇ ਸਨ।

ਉਹੋ ਚੀਜ਼ ਮੈਂ ਬਿਨ੍ਹਾਂ ਟਿੱਪਣੀ ਵੀ ਕਹਿ ਸਕਦਾ ਸਾਂ ਉਹ ਮੇਰੇ ਲਈ ਆਸਾਨ ਸੀ। ਕਿਉਂਕਿ ਫਿਰ ਮੈਂ ਸਿੱਧਾ ਤੁਹਾਡੇ ਨਾਲ ਗੱਲਾਂ ਕਰ ਰਿਹਾ ਹੁੰਦਾ। ਫਿਰ ਕ੍ਰਿਸ਼ਨ, ਮਹਾਂਵੀਹਰ ਤੇ ਈਸਾ ਨੂੰ ਵਿੱਚ ਘਸੀਟਣ ਦੀ ਕੋਈ ਲੋੜ ਨਹੀਂ ਸੀ ਤੇ ਕੁਝ ਕਹਿਣ ਦੀ ਵੀ ਲੋੜ ਨਹੀਂ ਸੀ ਜੋ ਉਨ੍ਹਾਂ ਕਦੇ ਵੀ ਨਹੀਂ ਕਿਹਾ। ਇਹ ਮਾਨਵਤਾ ਦੀ ਮੂਰਖਤਾ ਹੈ ਕਿ ਉਹੀ ਗੱਲਾਂ ਜੋ ਮੈਂ ਪਹਿਲਾਂ ਕਹਿੰਦਾ ਸਾਂ ਕੋਈ ਸੁਣਨ ਨੂੰ ਤਿਆਰ ਨਹੀਂ ਸੀ.... ਤੇ ਹੁਣ ਕਿਉਂਕਿ ਮੈਂ ਕ੍ਰਿਸ਼ਨ ਤੇ ਬੋਲ ਰਿਹਾ ਸੀ ਇਸ ਲਈ ਹਜ਼ਾਰਾਂ ਲੋਕ ਮੇਰੇ ਦੁਆਲੇ ਜੁੜਨ ਲੱਗੇ। ਮੈਂ ਕ੍ਰਿਸ਼ਨ ਤੋਂ ਕੀ ਲੈਣਾ ਸੀ ? ਉਸਨੇ ਮੇਰੇ ਲਈ ਕੀ ਕੀਤਾ ਸੀ ? ਮੇਰਾ ਈਸਾ ਨਾਲ ਕੀ ਰਿਸ਼ਤਾ ਸੀ ? ਜਦੋਂ ਉਹ ਜਿੰਦਾ ਸੀ ਜੇ ਉਦੋਂ ਮੈਂ ਉਸਨੂੰ ਮਿਲਦਾ ਤਾਂ ਮੈਂ ਉਸਨੂੰ ਕਹਿੰਦਾ, "ਤੂੰ ਪਾਗਲ ਹੈਂ ਤੈਨੂੰ ਆਪਣੇ ਉੱਪਰ ਕਾਬੂ ਨਹੀਂ ਹੈ। ਮੈਂ ਨਹੀਂ ਕਹਿ ਸਕਦਾ ਕਿ ਉਹ ਲੋਕ ਜੋ ਤੈਨੂੰ ਸੂਲੀ ਚੜ੍ਹਾਉਣਾ ਚਾਹੁੰਦੇ ਹਨ ਉਹ ਇੱਕ ਦਮ ਗ਼ਲਤ ਹਨ, ਕਿਉਂਕਿ ਉਹ ਤੇਰੇ ਨਾਲ ਹੋਰ ਕਿਸੇ ਤਰ੍ਹਾਂ ਸਿੱਝ ਹੀ ਨਹੀਂ ਸਕਦੇ।"

ਇਹੋ ਇੱਕੋ ਇੱਕ ਤਰੀਕਾ ਸੀ। ਜਦੋਂ ਮੈਂ ਈਸਾ ਤੇ ਬੋਲਣਾ ਸ਼ੁਰੂ ਕੀਤਾ ਤਾਂ ਈਸਾਈ ਕਾਲਜਾਂ, ਅਤੇ ਈਸਾਈ ਧਾਰਮਿਕ ਸੰਸਥਾਵਾਂ ਨੇ ਮੈਨੂੰ ਬੋਲਣ ਲਈ ਸੱਦਣਾ ਸ਼ੁਰੂ ਕੀਤਾ, ਮੈਂ ਅੰਦਰੋਂ ਹਮੇਸ਼ਾ ਹੱਸਦਾ ਰਹਿੰਦਾ। ਕਿਉਂਕਿ ਮੂਰਖ ਸਮਝਦੇ ਸਨ ਇਹ ਕੁਝ ਈਸਾ ਨੇ ਕਿਹਾ ਹੈ। ਹਾਂ ਮੈਂ ਈਸਾ ਦੇ ਸ਼ਬਦ ਲਈ ਵਰਤੇ। ਕਿਸੇ ਨੂੰ ਸ਼ਬਦਾਂ ਦੀ ਖੇਡ ਨੂੰ ਥੋੜ੍ਹਾ ਸਮਝਣ ਦੀ ਲੋੜ ਹੈ ਫਿਰ ਕਿਸੇ ਸ਼ਬਦ ਕੋਈ ਵੀ ਅਰਥ ਦਿੱਤਾ ਜਾ ਸਕਦਾ ਹੈ। ਉਨ੍ਹਾਂ ਸੋਚਿਆ ਕਿ ਇਹ ਅਸਲੀ ਸੰਦੇਸ਼ ਹੈ ਈਸਾ ਦਾ। "ਸਾਡੇ ਈਸਾਈ ਮਿਸ਼ਨਰੀਆਂ ਤੇ ਪਾਦਰੀਆਂ ਨੇ ਈਸਾ ਵਾਸਤੇ ਇੰਨਾ ਕੁਝ ਨਹੀਂ ਕੀਤਾ, ਜਿੰਨਾ ਕੁਝ ਤੁਸੀਂ ਕੀਤਾ ਹੈ।" ਉਹ ਕਹਿੰਦੇ। ਮੈਂ ਚੁੱਪ ਕੀਤਾ ਰਹਿੰਦਾ। ਮੈਂ ਜਾਣਦਾ ਸਾਂ ਕਿ ਈਸਾ ਤੋਂ ਮੈਂ ਕੁਝ ਨਹੀਂ ਲੈਣਾ। ਤੇ

ਜੋ ਕੁਝ ਮੈਂ ਕਹਿ ਰਿਹਾ ਸਾਂ ਈਸਾ ਤਾਂ ਸ਼ਾਇਦ ਉਸਨੂੰ ਸਮਝ ਵੀ ਨਾ ਸਕਦਾ। ਉਹ ਤਾਂ ਵਿਚਾਰਾ ਕੋਰਾ ਅਨਪੜ੍ਹ ਮਾਣਸ ਸੀ। ਇਸ ਵਿੱਚ ਸ਼ੱਕ ਨਹੀਂ ਕਿ ਉਸਦੀ ਸਖ਼ਸੀਅਤ ਚੁੰਬਕੀ ਸੀ। ਉਸ ਲਈ ਡਰ ਮਾਰੇ, ਅਨਪੜ੍ਹਾਂ ਤੇ ਬਹਿਸ਼ਤ ਦੇ ਲਾਲਚੀਆਂ ਨੂੰ ਇਕੱਠਾ ਕਰਨਾ ਮੁਸ਼ਕਲ ਕੰਮ ਨਹੀਂ ਸੀ। ਇਹ ਆਦਮੀ ਵਾਅਦੇ ਕਰਦੇ ਸੀ ਤੇ ਇਵਜ ਵਿੱਚ ਮੰਗਦਾ ਕੁਝ ਨਹੀਂ ਸੀ। ਏਨਾ ਸਸਤਾ ਸੌਦਾ। ਫਿਰ ਉਸ ਵਿੱਚ ਵਿਸ਼ਵਾਸ ਕਰਨ ਵਿੱਚ ਹਰਜ਼ ਕੀ ਹੈ ? ਕੋਈ ਖ਼ਤਰਾ ਨਹੀਂ ਕੋਈ ਜ਼ੋਖ਼ਮ ਨਹੀਂ। ਜੇ ਕੋਈ ਰੱਬ ਨਹੀਂ ਜਾਂ ਬਹਿਸ਼ਤ ਨਹੀਂ ਤੇ ਫਿਰ ਵੀ ਤੁਸੀਂ ਕੁਝ ਗੁਆਇਆ ਨਹੀਂ। ਜੇ ਕਿਤੇ ਇਹ ਹੋਣ ਤਾਂ ਮੁਫ਼ਤ ਵਿੱਚ ਵਾਧਾ ਹੀ ਵਾਧਾ। ਬੜਾ ਸਰਲ ਹਿਸਾਬ ਕਿਤਾਬ।

ਇਹ ਮਹੱਤਵਪੂਰਣ ਹੈ ਕਿ ਇੱਕ ਵੀ ਪੜ੍ਹਿਆ ਲਿਖਿਆ ਸਭਿਅਕ 'ਰੱਬੀ' ਈਸਾ ਦਾ ਪੈਰੋਕਾਰ ਨਹੀਂ ਬਣਿਆ। ਕਿਉਂਕਿ ਰੱਬੀ ਵਧੇਰੇ ਚੰਗੀ ਤਰ੍ਹਾਂ ਆਪਣੀ ਗੱਲ ਕਹਿ ਸਕਦੇ ਸਨ। ਵਧੇਰੇ ਚੰਗੀ ਤਰ੍ਹਾਂ ਚੀਜ਼ਾਂ ਨੂੰ ਦਾਰਸ਼ਨਿਕ ਰੂਪ ਦੇ ਸਕਦੇ ਸਨ। ਪਰ ਇਹ ਆਦਮੀ ਕੁਝ ਵੀ ਨਹੀਂ ਜਾਣਦਾ। ਉਸ ਪਾਸ ਕੋਈ ਤਰਕ ਨਹੀਂ। ਉਹ ਚੀਜ਼ਾਂ ਨੂੰ ਦੁਹਰਾਉਂਦਾ ਹੈ ਜੋ ਦੂਜਿਆਂ ਤੋਂ ਸੁਣੀਆਂ ਸਨ। ਪਰ ਉਹ ਕੱਟੜ ਕਿਸਮ ਦਾ ਨੌਜਵਾਨ ਸੀ, ਹਠੀਲਾ। ਜੋ ਕੁਝ ਮੈਂ ਈਸਾ ਦੇ ਨਾਂ ਤੇ ਕਹਿੰਦਾ ਸਾਂ, ਉਹ ਪਹਿਲਾਂ ਵੀ ਕਹਿ ਰਿਹਾ ਸਾਂ। ਪਰ ਕਿਸੇ ਈਸਾਈ ਭਾਈਚਾਰੇ, ਕਾਲਜ ਜਾਂ ਧਾਰਿਮਕ ਸੰਸਾਥਾ ਨੇ ਮੈਨੂੰ ਨਹੀਂ ਬੁਲਾਇਆ। ਸੱਦੇ ਦੀ ਤਾਂ ਦੂਰ ਜੇ ਮੈਂ ਦਾਖ਼ਲ ਹੋਣ ਦਾ ਯਤਨ ਵੀ ਕਰਦਾ ਤਾਂ ਉਹ ਦਰਵਾਜ਼ੇ ਢੋਅ ਲੈਂਦੇ। ਇਹ ਸੀ ਸਥਿਤੀ। ਮੈਨੂੰ ਮੇਰੇ ਆਪਣੇ ਸ਼ਹਿਰ ਦੇ ਵਿਚਕਾਰਲੇ ਮੰਦਿਰ ਵਿੱਚ ਜਾਣ ਤੋਂ ਰੋਕਿਆ ਗਿਆ। ਪੁਲਿਸ ਦੀ ਮੱਦਦ ਨਾਲ..... ਪਰ ਹੁਣ ਉਸੇ ਮੰਦਰ ਵਾਲਿਆਂ ਮੈਨੂੰ ਸੱਦਣਾ ਸ਼ੁਰੂ ਕੀਤਾ।......

ਮੈਂ ਆਪਣੇ ਢੰਗ ਤਰੀਕੇ ਲੱਭੇ। ਮੈਂ ਰੱਬ ਉੱਪਰ ਗੱਲ ਕਰਦਾ ਤੇ ਕਹਿੰਦਾ ਕਿ 'ਰੱਬ ਤਾਂ' ਵਧੇਰੇ ਚੰਗਾ ਸ਼ਬਦ ਹੈ। ਇਸ ਤਰ੍ਹਾਂ ਰੱਬ ਨੂੰ ਚਲਦਾ ਕੀਤਾ ਜਾਂਦਾ। ਮੈਂ ਕਿਉਂਕਿ ਰੱਬ(ਰੱਬਤਾ) ਉੱਪਰ ਬੋਲ ਰਿਹਾ ਸਾਂ ਇਸ ਲਈ ਪੁਜਾਰੀਆਂ ਵਲੋਂ ਲੁੱਟੇ_ਪੁੱਟੇ, ਸੱਚ ਦੇ ਪਾਂਧੀਆਂ ਨੇ ਮੇਰੇ ਵਿੱਚ ਰੁਚੀ ਲੈਣੀ ਸ਼ੁਰੂ ਕਰ ਦਿੱਤੀ। ਮੈਂ ਸਭ ਧਰਮਾਂ ਵਿਚੋਂ ਕਰੀਮ ਇਕੱਠੀ ਕਰ ਲਈ।.... ਤੇ ਮੈਂ ਰਾਹ ਲੱਭ ਲਿਆ। ਮੈਂ ਸਿਰਫ਼ ਇਹ ਸੋਚਿਆ, "ਉਨ੍ਹਾਂ ਦੇ ਸ਼ਬਦ ਵਰਤੋ, ਉਨ੍ਹਾਂ ਦੀ ਭਾਸ਼ਾ ਵਰਤੋ ਤੇ ਉਨ੍ਹਾਂ ਦੀਆਂ ਧਾਰਿਮਕ ਪੁਸਤਕਾਂ ਨੂੰ ਵਰਤੋ।" "ਜੇਕਰ ਤੁਸੀਂ ਕਿਸੇ ਹੋਰ ਦੀ ਬੰਦੂਕ ਚਲਾ ਰਹੇ ਹੋਵੋ ਤਾਂ ਇਸਦਾ ਇਹ ਮਤਲਬ ਨਹੀਂ ਕਿ ਤੁਸੀਂ ਆਪਣੀਆਂ ਗੋਲੀਆਂ ਨਹੀਂ ਵਰਤ ਸਕਦੇ।

ਬੰਦੂਕ ਕਿਸੇ ਦੀ ਹੋਵੇ ਗੋਲੀਆਂ ਮੇਰੀਆਂ ਹਨ। ਅਸਲੀ ਕੰਮ ਤਾਂ ਗੋਲੀਆਂ ਨੇ ਕਰਨਾ ਹੈ ਬੰਦੂਕ ਨੇ ਨਹੀਂ, ਫਿਰ ਕੀ ਹਰਜ਼ ਹੈ ?" ਇਹ ਬਹੁਤ ਹੀ ਸੌਖਾ ਕੰਮ ਸੀ। ਮੈਂ ਹਿੰਦੂ ਸ਼ਬਦ ਵਰਤ ਸਕਦਾ ਸਾਂ ਅਤੇ ਉਹੀ ਖੇਲ ਖੇਲ ਸਕਦਾ ਸਾਂ। ਮੁਸਲਮਾਨੀ ਸ਼ਬਦ ਵਰਤ ਕੇ ਇਹੀ ਖੇਲ੍ਹ ਖੇਲ੍ਹਦਾ ਸਾਂ। ਈਸਾਈ ਸ਼ਬਦਾਵਲੀ ਪ੍ਰਯੋਗ ਕਰਕੇ ਖੇਲ੍ਹ ਖੇਲ੍ਹ ਸਕਦਾ ਸਾਂ। ਨਾ ਸਿਰਫ ਇਹ ਲੋਕ ਮੇਰੇ ਕੋਲ ਆਏ ਸਗੋਂ ਜੈਨ ਸਾਧੂ, ਸਾਧਣੀਆਂ, ਹਿੰਦੂ ਤੇ ਬੋਧੀ, ਸਾਧੂ, ਈਸਾਈ ਮਿਸ਼ਨਰੀ ਤੇ ਪਾਦਰੀ ਹਰ ਕਿਸਮ ਦੇ ਲੋਕ ਮੇਰੇ ਕੋਲ ਆਏ। ਤੁਸੀਂ ਯਕੀਨ ਨਹੀਂ ਕਰੋਗੇ, ਤੁਸੀਂ ਮੈਨੂੰ ਕਦੇ ਹੱਸਦਾ ਨਹੀਂ ਦੇਖਿਆ। ਮੈਂ ਅੰਦਰੋ ਅੰਦਰ ਇਨ੍ਹਾਂ ਹੱਸਿਆ ਹਾਂ ਕਿ ਮੈਨੂੰ ਹੁਣ ਹੱਸਣ ਦੀ ਲੋੜ ਨਹੀਂ ਪੈਂਦੀ। ਮੈਂ ਤੁਹਾਨੂੰ ਲਤੀਫ਼ੇ ਸੁਣਾਉਂਦਾ ਰਿਹਾ ਹਾਂ ਪਰ ਮੈਂ ਹੱਸਦਾ ਨਹੀਂ ਕਿਉਂਕਿ ਮੈਂ ਤਾਂ ਸਾਰੀ ਉਮਰ ਮਖੌਲ ਹੀ ਕਰਦਾ ਰਿਹਾ ਹਾਂ। ਇਸ ਨਾਲੋਂ ਹੋਰ ਮਜ਼ਾਕ ਦੀ ਗੱਲ ਕੀ ਹੋ ਸਕਦੀ ਹੈ ? ਤੇ ਮੈਂ ਸਾਰੇ ਪਾਦਰੀਆਂ ਅਤੇ ਮਹਾਨ ਵਿਦਵਾਨਾਂ ਨੂੰ ਏਨੀ ਸੌਖਿਆਂ ਹੀ ਬੁੱਧੂ ਬਣਾਉਣ ਵਿੱਚ ਕਾਮਯਾਬ ਹੋਇਆ।

ਉਹ ਮੇਰੇ ਕੋਲ ਸਵਾਲ ਲੈ ਕੇ ਆਉਣ ਲੱਗੇ। ਮੈਨੂੰ ਸ਼ੁਰੂ ਵਿੱਚ ਉਨ੍ਹਾਂ ਦੇ ਸ਼ਬਦ ਇਹਤਿਆਤ ਨਾਲ ਵਰਤਣੇ ਪੈਂਦੇ ਸ਼ਬਦਾਂ ਤੇ ਲਾਈਨਾਂ ਵਿੱਚ ਮੈਂ ਆਪਣੇ ਵਿਚਾਰ ਚਲਾ ਦਿੰਦਾ, ਜਿਨ੍ਹਾਂ ਵਿੱਚ ਮੇਰੀ ਰੁਚੀ ਹੁੰਦੀ। ਮੈਂ ਇਹ ਕਲਾ ਮਛੇਰੇ ਤੋਂ ਸਿੱਖੀ (ਜੋ ਕੁੰਡੀ ਅੱਗੇ ਗੰਡੋਆ ਲਾ ਕੇ ਮੱਛੀ ਫੜ੍ਹਦਾ ਹੈ _ ਅਨੁਵਾਦਕ) ਸ਼ੁਰੂ ਸ਼ੁਰੂ ਵਿੱਚ ਲੋਕਾਂ ਨੂੰ ਧੱਕਾ ਲੱਗਾ। ਉਹ ਲੋਕ ਜਿਨ੍ਹਾਂ ਨੂੰ ਪਤਾ ਸੀ ਕਿ ਮੈਂ ਨਾਸਤਿਕ ਹਾਂ ਭੰਬਲਭੂਸੇ ਵਿੱਚ ਪੈ ਗਏ। ਮੇਰਾ ਇੱਕ ਸਕੂਲ ਦਾ ਮਾਸਟਰ..... (ਗੀਤਾ ਉੱਪਰ ਪ੍ਰਵਚਨ ਸੁਣਨ ਤੋਂ ਬਾਅਦ _ ਅਨੁਵਾਦਕ) ਕਹਿੰਦਾ ਹੈ, "ਕੀ ਵਾਪਰ ਗਿਆ ? ਕੀ ਤੂੰ ਬਦਲ ਗਿਆ।" ਤੇ ਉਸਨੇ ਮੇਰੇ ਪੈਰ ਛੂਹੇ। ਮੈਂ ਕਿਹਾ, "ਪੈਰਾਂ ਨੂੰ ਹੱਥ ਨਾ ਲਾਉ। ਮੈਂ ਉਹੋ ਹੀ ਹਾਂ, ਮੈਂ ਬਦਲਿਆ ਨਹੀਂ। ਤੇ ਨਾ ਹੀ ਮਰਦੇ ਦਮ ਤੱਕ ਬਦਲਾਂਗਾ......."

ਅਜਿਹਾ ਕਈ ਵਾਰ ਹੋਇਆ ਇੱਕ ਬਾਰ ਮੈਂ ਜਬਲਪੁਰ ਮੁਸਲਿਮ ਸੰਸਥਾ ਵਿੱਚ ਬੋਲ ਰਿਹਾ ਸਾਂ। ਮੇਰਾ ਇੱਕ ਮੁਸਲਮਾਨ ਟੀਚਰ ਉਥੇ ਪ੍ਰਿੰਸੀਪਲ ਸੀ.....ਜਦੋਂ ਮੇਰੇ ਟੀਚਰ ਨੇ ਮੈਨੂੰ ਦੇਖਿਆ ਤਾਂ ਕਹਿਣ ਲੱਗੇ, "ਮੈਂ ਮੁਅਜਜ਼ੇ ਹੁੰਦੇ ਸੁਣੇ ਹਨ, ਪਰ ਇਹ ਤਾਂ ਅਚਾਨਕ ਮੁਅਜਜ਼ਾ ਹੈ। ਤੂੰ ਸੂਫ਼ੀਵਾਦ ਤੇ ਇਸਲਾਮ ਤੇ ਇਸਲਾਮ ਦੀ ਮੁੱਢਲੀ ਫ਼ਿਲਾਸਫ਼ੀ ਤੇ ਬੋਲ ਰਿਹਾ ਹੈਂ ?" ਮੈਂ ਕਿਹਾ, "ਮੈਂ ਤੁਹਾਡੇ ਨਾਲ ਝੂਠ ਨਹੀਂ ਬੋਲਾਂਗਾ, ਤੁਸੀਂ ਮੇਰੇ ਪੁਰਾਣੇ

ਟੀਚਰ ਹੋ। ਮੈਂ ਤਾਂ ਆਪਣੇ ਦਰਸ਼ਨ ਉੱਪਰ ਹੀ ਬੋਲਾਂਗਾ। ਹਾਂ ਕਦੇ ਕਦਾਈਂ ਇਸਲਾਮੀ ਸ਼ਬਦ ਚਲਾਵਾਂਗਾ ਤੇ ਬੱਸ।"....

`ਮੈਂ ਅੰਮ੍ਰਿਤਸਰ ਦਰਬਾਰ ਸਾਹਿਬ ਵਿੱਚ ਬੋਲ ਰਿਹਾ ਸਾਂ। ਉਹੀ ਦਰਬਾਰ ਸਾਹਿਬ ਜੋ ਅੱਜ ਕੱਲ੍ਹ ਮੁਸੀਬਤ ਬਣਿਆ ਹੋਇਆ ਹੈ ਭਾਰਤ ਲਈ। ਇਹ ਸਿੱਖਾਂ ਦਾ ਮੰਦਰ ਹੈ, ਇਸੇ ਕਰਕੇ ਇੰਦਰਾ ਗਾਂਧੀ ਦਾ ਕਤਲ ਹੋਇਆ। ਸਾਰਾ ਦੇਸ਼ ਹਿੱਲ ਗਿਆ। ਮੈਂ ਇੱਥੇ ਹੀ ਬੋਲ ਰਿਹਾ ਸਾਂ। ਸਾਰੇ ਦੇਸ਼ ਵਿੱਚ ਲੋਕਾਂ ਨੇ ਮੈਨੂੰ ਪੁੱਛਿਆ। ਇੱਕ ਬਾਰ ਨਹੀਂ ਹਜ਼ਾਰਾਂ ਬਾਰ ਕਿ, "ਤੁਸੀਂ ਦਾਹੜੀ ਕਿਉਂ ਵਧਾਈ ?" ਮੈਂ ਇਸ ਸਵਾਲ ਦਾ ਆਦੀ ਹੋ ਚੁੱਕਾ ਸਾਂ ਅਤੇ ਵੱਖ ਲੋਕਾਂ ਨੂੰ ਵੱਖ ਤਰ੍ਹਾਂ ਜਵਾਬ ਦੇਣ ਦਾ ਸੁਆਦ ਲੈਂਦਾ ਸਾਂ। ਪਰ ਜਦੋਂ ਮੈਂ ਦਰਬਾਰ ਸਾਹਿਬ ਵਿੱਚ ਨਾਨਕ ਦੇ ਉਪਦੇਸ਼ ਉੱਪਰ ਬੋਲ ਰਿਹਾ ਸਾਂ ਤਾਂ ਇੱਕ ਬਹੁਤ ਬਜ਼ੁਰਗ ਸਰਦਾਰ ਆਇਆ। ਪੈਰੀਂ ਹੱਥ ਲਾ ਕੇ ਕਹਿਣ ਲੱਗਾ, "ਸਰਦਾਰ ਜੀ ਤੁਸੀਂ ਆਪਣੇ ਸਿਰ ਦੇ ਬਾਲ ਕਿਉਂ ਕਟਵਾ ਲਏ ?" ਮੇਰੇ ਲਈ ਇਹ ਨਵਾਂ ਅਤੇ ਪਹਿਲਾ ਸਵਾਲ ਸੀ। ਉਸਨੇ ਕਿਹਾ, "ਤੁਹਾਡੀ ਦਾੜ੍ਹੀ ਤਾਂ ਸਾਬਤ ਸਬੂਤ ਪਰ ਸਿਰ ਕਿਉਂ ਮੁਨਵਾ ਲਿਆ ? ਤੁਸੀਂ ਤਾਂ ਬਹੁਤ ਧਾਰਮਿਕ ਆਦਮੀ ਹੋ ?" ਸਿੱਖ ਬਣਨ ਲਈ ਸਿਰਫ ਪੰਜ ਚੀਜ਼ਾਂ ਦੀ ਲੋੜ ਹੁੰਦੀ ਹੈ। ਬੜੀ ਆਸਾਨ ਗੱਲ ਹੈ।

ਤੁਸੀਂ ਇਹ ਕਿਤਿਉਂ ਵੀ ਲੈ ਸਕਦੇ ਹੋ ਸਿੱਖ ਬਣ ਸਕਦੇ ਹੋ। ਇਨ੍ਹਾਂ ਨੂੰੂ ਪੰਜ ਕਕਾਰ ਕਿਹਾ ਜਾਂਦਾ ਹੈ ਕਿਉਂਕਿ ਹਰ ਇੱਕ ਨਾਮ ਕੱਕੇ ਤੋਂ ਸ਼ੁਰੂ ਹੁੰਦਾ ਹੈ। 'ਕੇਸ' ਦਾ ਅਰਥ ਹੈ ਬਾਲ, ਕਟਾਰ ਦਾ ਅਰਥ ਹੈ ਛੋਟੀ ਤਲਵਾਰ, ਕੱਛੇ ਦਾ ਮਤਲਬ ਅੰਡਰਵੀਅਰ। ਮੈਂ ਕੱਛੇ ਦਾ ਜਵਾਬ ਨਾ ਲੱਭ ਸਕਿਆ। ਇਸ ਇੱਕ ਸਵਾਲ ਦਾ ਜਵਾਬ ਮੈਂ ਨਾ ਦੇ ਸਕਿਆ ਕਿਹੋ ਜਿਹਾ ਦਰਸ਼ਨ ਸਿਖਾਇਆ ਜਾਂਦਾ ਹੈ। ਅਜੀਬ ਗੱਲ ਹੈ। ਪਰ ਕੋਈ ਤਾਂ ਕਾਰਣ ਹੋਵੇਗਾ। ਮੈਂ ਸਿੱਖ ਗ੍ਰੰਥੀਆਂ ਤੇ ਅਕਾਲ ਤਖ਼ਤ ਦੇ ਜਥੇਦਾਰ ਤੋਂ ਪਤਾ ਕੀਤਾ। ਬਾਕੀ ਸਭ ਠੀਕ ਹੈ। ਵਾਲ ਵਧਾਉ, ਕ੍ਰਿਪਾਨ ਪਾਓ... ਪਰ ਇਹ ਕੱਛਾ ? ਕੱਛੇ ਦੇ ਧਾਰਮਿਕ, ਦਾਰਸ਼ਨਿਕ ਅਰਥ ਕੀ ਹੋ ਸਕਦੇ ਹਨ ? ਜਥੇਦਾਰਾਂ ਨੇ ਕਿਹਾ 'ਕਿਸੇ ਨੇ ਇਸ ਤੋਂ ਪਹਿਲਾਂ ਇਹ ਸਵਾਲ ਨਹੀਂ ਪੁੱਛਿਆ, "ਸਾਨੂੰ ਤਾਂ ਪੰਜ ਕਕਾਰਾਂ ਨੂੰ ਨਿਭਾਉਣਾ ਹੈ"।

ਨਾਨਕ ਦੇ ਸਮੇਂ ਜਦੋਂ ਕੱਛੇ ਦੀ ਚੋਣ ਕੀਤੀ ਗਈ ਤਾਂ ਲੱਗਦਾ ਹੈ ਉਦੋਂ ਹਿੰਦੂਆਂ ਅਤੇ ਮੁਸਲਮਾਨਾਂ ਦੀ ਲਗਾਤਾਰ ਲੜਾਈ ਜਾਰੀ ਰਹਿੰਦੀ ਸੀ। ਉਸਨੇ ਸਾਰੇ ਪੰਜਾਬ ਦੀ ਕਾਇਆ ਹੀ ਬਦਲ ਦਿੱਤੀ। ਉਸਨੇ ਲੜਨ ਦੀ ਨਵੀਂ ਸ਼ਕਤੀ ਦਿੱਤੀ। ਜਿਸ ਕਾਰਣ ਹਿੰਦੂਆਂ ਵਿਚ ਜੰਗਜੂ ਕੌਮ ਪੈਦਾ ਹੋਈ। ਇਹ ਲੋਕ ਲੜਨਾ ਨਹੀਂ ਚਾਹੁੰਦੇ

ਸਨ, ਲੜ ਸਕਦੇ ਵੀ ਨਹੀਂ ਸਨ ਇਹ ਸਾਰੇ ਹਿੰਦੂ ਹੀ ਸਨ। ਸ਼ਾਇਦ ਲੜਾਈ ਵਿੱਚ ਹਿੰਦੂ ਡਰੈੱਸ ਯੋਗ ਨਹੀਂ ਹੈ। ਇੱਕ ਖੁੱਲ੍ਹੀ 'ਧੋਤੀ' ਖੁੱਲ੍ਹੇ ਗਾਊਨ ਵਿੱਚ ਉਹ ਆਰਾਮ ਮਹਿਸੂਸ ਕਰਦੇ ਸਨ। ਗਰਮ ਅਤੇ ਹਵਾ ਹਾਰੇ ਵਾਲੇ ਦੇਸ਼ ਵਿੱਚ ਕਦੇ ਸਖ਼ਤ ਕੰਮ ਕਰਨ ਦੀ ਲੋੜ ਨਹੀਂ ਸੀ। ਧੋਤੀ ਤੋਂ ਪਤਾ ਲੱਗਦਾ ਹੈ। ਪਰ ਅਜਿਹਾ ਪਹਿਰਾਵਾ ਸੈਨਿਕ ਨੂੰ ਨਹੀਂ ਪੁਆਇਆ ਜਾ ਸਕਦਾ। ਨਾਨਕ ਨੇ ਪਹਿਰਾਵਾ ਬਦਲ ਦਿੱਤਾ। ਧੋਤੀ ਦੀ ਥਾਂ ਤੇ ਸਲਵਾਰ ਬਣਾ ਦਿੱਤੀ, ਇੱਕ ਤਰ੍ਹਾਂ ਦਾ ਪਜਾਮਾ... ਪਰ ਜੰਗ ਵਿੱਚ ਪਜਾਮਾ ਕਦੇ ਵੀ ਕੇਲਾ ਬਣ ਸਕਦਾ ਹੈ। ਇੱਕ ਮਾੜੀ ਜਿਹੀ ਰੱਸੀ ਨਾਲ ਕੱਸਿਆ ਹੁੰਦਾ ਹੈ।

ਨੀਲਮ ਮੇਰੀਆਂ ਗੱਲਾਂ ਦਾ ਸੁਆਦ ਲੈ ਰਹੀ ਹੈ, ਕਿਉਂਕਿ ਉਹ ਪੰਜਾਬਣ ਹੈ। ਉਹ ਪੰਜਾਬੀਆਂ ਨੂੰ ਜਾਣਦੀ ਹੈ। ਉਹ ਸਾਰੇ ਬਨਾਨਾਜ਼ (ਕੇਲੇ) ਹਨ। ਇਸ ਲਈ ਨਾਨਕ ਨੇ ਸੋਚਿਆ ਹੋਵੇਗਾ ਕਿ ਇਨ੍ਹਾਂ ਦਾ ਪਹਿਰਾਵਾ ਬਦਲਿਆ ਜਾਵੇ। ਉਨ੍ਹਾਂ ਦੀ ਸਲਵਾਰ ਕਦੇ ਵੀ ਖਿਸਕ ਸਕਦੀ ਤੇ ਇਸ ਨਾਲ ਬੇਇੱਜ਼ਤੀ ਤੇ ਮਾਯੂਸੀ ਹੋ ਸਕਦੀ ਹੈ। ਜੰਗ ਵਿੱਚ ਸੈਨਿਕ ਨੰਗਾ ਨਹੀਂ ਖੜ੍ਹਾ ਹੋ ਸਕਦਾ। ਇਹੋ ਜਿਹਾ ਵਿਚਾਰ ਹੋਵੇਗਾ ਕੱਛੇ ਪਿੱਛੇ।......ਇਨ੍ਹਾਂ ਗੱਲਾਂ ਵਿਚੋਂ ਮੈਂ ਆਪਣੇ ਲੋਕਾਂ ਦੀ ਚੋਣ ਕੀਤੀ.... ਸਾਰੇ ਭਾਰਤ ਵਿੱਚ

ਮੈਂ ਆਪਣੇ ਗਰੁੱਪ ਬਣਾਉਣੇ ਸ਼ੁਰੂ ਕੀਤੇ। ਹੁਣ ਮੇਰੇ ਲਈ ਸਿੱਖ ਮੱਤ, ਹਿੰਦੂ ਜਾਂ ਜੈਨ ਮੱਤ ਉੱਪਰ ਬੋਲਣਾ ਬੇਲੋੜਾ ਸੀ। ਪਰ ਦਸ ਸਾਲ ਲਗਾਤਾਰ ਮੈਂ ਇਨ੍ਹਾਂ ਉੱਪਰ ਬੋਲਦਾ ਰਿਹਾ। ਸਹਿਜੇ ਸਹਿਜੇ ਜਦੋਂ ਮੇਰੇ ਆਪਣੇ ਲੋਕ ਹੋ ਗਏ ਮੈਂ ਬੋਲਣਾ ਬੰਦ ਕਰ ਦਿੱਤਾ। ਵੀਹ ਸਾਲ ਸਫ਼ਰ 'ਚ ਰਹਿ ਕੇ ਮੈਂ ਸਫ਼ਰ ਕਰਨਾ ਬੰਦ ਕੀਤਾ। ਕਿਉਂਕਿ ਹੁਣ ਲੋੜ ਹੀ ਨਹੀਂ ਸੀ। ਹੁਣ ਮੇਰੇ ਆਪਣੇ ਲੋਕ ਸਨ। ਦੂਸਰੇ ਆਉਣਾ ਚਾਹੁਣ ਤਾਂ ਮੇਰੇ ਕੋਲ ਆ ਸਕਦੇ ਸਨ।....ਕਈ ਸਾਲ ਸੰਨਿਆਸ ਦੇਣ ਤੋਂ ਬਾਅਦ ਕੰਮ ਛੱਡ ਦਿੱਤਾ। ਤਿੰਨ ਸਾਲ ਲਈ । ਇੱਕ ਅੰਤਰਾਲ ਜਿਸ ਵਿੱਚ ਜੇ ਕੋਈ ਜਾਣਾ ਚਾਹੇ ਤਾਂ ਜਾ ਸਕਦਾ ਸੀ। ਕਿਉਂਕਿ ਮੈਂ ਕਿਸੇ ਦੀ ਜ਼ਿੰਦਗੀ ਵਿੱਚ ਦਖ਼ਲ ਨਹੀਂ ਸਾਂ ਦੇਣਾ ਚਾਹੁੰਦਾ। (ਰਜਨੀਸ਼ ਬਾਈਬਲ, ਜਿਲਦ 3 ਪੰਨੇ 438 ਤੋਂ 452) ਰਜਨੀਸ਼ ਦੇ ਉਪਰੋਕਤ ਵਿਚਾਰਾਂ ਦੀ ਰੌਸ਼ਨੀ ਵਿਚ ਕੁੱਝ ਸਿੱਟੇ ਨਿੱਕਲਦੇ ਹਨ ਉਹ ਇਹ ਕਿ ਉਸਦੇ ਵਿਚਾਰਾਂ ਉੱਪਰ ਗੱਲ ਕਰਦਿਆਂ ਕੇਵਲ 'ਰਜਨੀਸ਼ ਬਾਈਬਲ' (ਚਾਰ ਜਿਲਦਾਂ) ਨੂੰ ਹੀ ਆਧਾਰ ਬਣਾਉਣਾ ਕਾਫ਼ੀ ਹੈ। ਦੂਸਰੇ ਧਰਮਾਂ ਅਤੇ ਧਾਰਮਿਕ ਗ੍ਰੰਥਾਂ ਉੱਪਰ ਉਸਦੇ ਲੈਕਚਰ 'ਫੋਗ' ਹਨ। ਸਾਰੇ 'ਫੋਗ' ਵਿਚ ਕੁਝ ਉਸਦੇ ਆਪਣੇ ਵਿਚਾਰ ਹਨ। 'ਏਕ ਓਂਕਾਰ ਸਤਿਨਾਮ' ਉੱਪਰ ਲਿਖਦਿਆਂ ਅਸੀਂ

ਇਹ ਗੱਲ ਸਿੱਧ ਕਰ ਚੁੱਕੇ ਹਾਂ। ਉਸਦੇ ਵਿਚਾਰਾਂ ਵਿੱਚ _ ਉਹ ਨਾਸਤਿਕ ਹੈ, ਧਰਮਾਂ ਦੇ ਪਚੜਿਆਂ ਤੋਂ ਉੱਪਰ ਹੈ। ਨਰਕ ਸੁਰਗ ਨੂੰ ਨਹੀਂ ਮੰਨਦਾ। ਪਰ ਅਗਾਂਹ ਉਸਦੇ ਵਿਚਾਰ ਲੰਬੀ ਚਰਚਾ ਮੰਗਦੇ ਹਨ। ਜਿਵੇਂ ਉਹ ਪੁਨਰ ਜਨਮ ਵਿੱਚ ਵਿਸ਼ਵਾਸ ਰੱਖਦਾ ਹੈ। ਸਮਾਜਿਕ ਸੰਸਥਾਵਾਂ ਦਾ ਵਿਰੋਧੀ ਹੈ। ਅਨਾਰਕਿਸਟ ਹੈ। ਸੰਭੋਗਵਾਦੀ ਹੈ। ਅਮੀਰ ਜਮਾਤ ਦੇ ਹੱਕ ਵਿੱਚ ਤੇ ਲੋਕ ਵਿਰੋਧੀ ਹੈ।

ਮਾਰਕਸਵਾਦ ਦਾ ਕੱਟੜ ਦੁਸ਼ਮਣ ਹੈ। ਜਨਵਰੀ 28, 1985 ਦਾ ਉਸਦਾ ਸਾਰਾ ਲੈਕਚਰ ਇਸ ਸਵਾਲ ਤੇ ਹੈ ਕਿ, "ਤੁਸੀਂ ਕਮਿਊਨਿਜ਼ਮ ਦੇ ਖਿਲਾਫ਼ ਕਿਉਂ ਹੋ ?" ਮੈਰਿਟੋਕੇਸੀ ਨਵਾਂ ਸੰਕਲਪ ਹੈ, ਪਲੈਟੋ ਤੋਂ ਲਿਆ, ਜਿਸ ਰਾਹੀਂ ਅਨਪੜ੍ਹਾਂ ਨੂੰ ਰਾਜ ਤੋਂ ਇੱਕ ਦਮ ਲਾਂਭੇ ਰੱਖਣ ਦਾ ਚਾਹਵਾਨ ਹੈ। ਉਹ ਤਾਂ ਅੱਖਰਾਂ ਤੋਂ ਕੋਰੇ ਲੋਕਾਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਖਿਲਾਫ਼ ਪੜ੍ਹਾਉਣ ਦਾ ਵਿਰੋਧੀ ਹੈ। ਢਿੱਲੇ ਢਾਲੇ ਕਮਿਊਨ ਚਾਹੁੰਦਾ ਹੈ ਜਿਥੇ ਵਿਅਕਤੀਵਾਦ ਦੀ ਰੱਖਿਆ ਹੋਵੇ, ਉਹਦੇ ਵਰਗੇ ਭਾਵੇਂ ਡਿਕਟੇਟਰ ਹੋਣ। ਇਹ ਹਜ਼ਾਰਾਂ ਸਾਲ ਪਿੱਛੇ ਜਾਣ ਦੇ ਵਿਚਾਰ ਹਨ। ਇਤਿਹਾਸਕ ਦ੍ਰਿਸ਼ਟੀ ਤੋਂ ਉਹ ਨਿੱਲ ਹੈ। ਰਾਜਨੀਤੀ ਵਲੋਂ ਕੋਰਾ ਅਨਪੜ੍ਹ ਹੈ। ਫ਼ਿਲਾਸਫ਼ੀ ਨੂੰ ਨਿੱਜੀ ਸੁੱਖਾਂ_ਸੰਭੋਗਾਂ ਲਈ ਵਰਤਦਾ ਹੈ। ਇਸੇ ਲਈ ਉਹ ਆਪਣੇ ਆਪ ਨੂੰ 'ਭਗਵਾਨ' ਤੇ 'ਓਸ਼ੋ' ਸਥਾਪਿਤ ਕਰਦਾ ਹੈ ਜੋ ਇਸਤੋਂ ਪਹਿਲਾਂ ਕਿਸੇ ਨੇ ਨਹੀਂ ਕੀਤਾ। ਆਪਣੇ ਵਿਹਲੜਪੁਣੇ ਨੂੰ ਵੀ ਉਹ ਭਗਤੀ ਦਾ ਨਾਮ ਦਿੰਦਾ ਹੈ। ਉਪਰਲੇ ਲੈਕਚਰ ਵਿਚ ਉਸਦੀ ਜਾਣਕਾਰੀ ਦੀ ਪੋਲ ਵੀ ਖੁੱਲ੍ਹ ਜਾਂਦੀ ਹੈ ਕਿਉਂਕਿ ਉਸ ਨੂੰ ਇਹ ਨਹੀਂ ਪਤਾ ਕਿ ਪੰਜ ਕਕਾਰ ਗੁਰੂ ਨਾਨਕ ਦੀ ਨਹੀਂ ਸਗੋਂ ਗੁਰੂ ਗੋਬਿੰਦ ਸਿੰਘ ਦੀ ਦੇਣ ਹੈ। ਇਹ ਸਾਰੇ ਵਿਚਾਰਾਂ ਦੀ ਚੀਰਫਾੜ ਤੋਂ ਬਾਅਦ ਹੀ ਰਜਨੀਸ਼ ਬਾਰੇ ਕੋਈ ਰਾਇ ਬਣਾਉਣੀ ਜ਼ਰੂਰੀ ਹੈ।

## ਅੰਤਿਕਾ - ਇੱਕ

# ਪਿਛਾਂਹ ਮੁੜਨ ਦਾ ਤਰਕ

ਹਰਕਾਰਾ ਮਾਰਚ 93 ਪੜ੍ਹਨ ਤੋਂ ਬਾਅਦ ਇਸਦੀ ਸੇਧ ਤੇ ਇੱਛਾਵਾਂ ਵਧੇਰੇ ਸਪੱਸ਼ਟ ਹੁੰਦੀਆਂ ਹਨ। ਇਸੇ ਅੰਕ ਵਿੱਚ ਰਜਨੀਸ਼ ਵੱਲ ਪਰਤਣ ਦੇ ਦੱਸੇ ਕਾਰਣ "ਸੋਵੀਅਤ ਯੂਨੀਅਨ ਦੇ ਢਹਿ ਢੇਰੀ ਹੋਣ ਮਗਰੋਂ ਕਮਿਊਨਿਸਟ ਪਾਰਟੀਆਂ, ਪਾਰਟੀ ਹਮਦਰਦਾਂ ਅਤੇ ਕਈ ਰੰਗਾਂ ਸ਼ੇਡ ਦੇ ਚਿੰਤਨਸ਼ੀਲ ਵਿਅਕਤੀਆਂ ਵਿੱਚ ਪੁਨਰ_ਵਿਚਾਰ ਦੀ _ ਕਿਤੇ ਤਿੱਖੀ ਕਿਤੇ ਢਿੱਲੀ ਮੱਠੀ _ ਇੱਕ ਪ੍ਰਕ੍ਰਿਆ ਸ਼ੁਰੂ ਹੋਈ ਹੈ।" ਨਾਲ ਕਿਸੇ ਦੀ ਕੋਈ ਅਸਹਿਮਤੀ ਨਹੀਂ। ਸਮੱਸਿਆ ਇਹ ਹੈ ਕਿ ਰਜਨੀਸ਼ ਦੀਆਂ ਜੋ ਵਿਸ਼ੇਸ਼ਤਾਈਆਂ ਦੱਸੀਆਂ ਗਈਆਂ ਹਨ, ਕੀ ਉਹ ਮਾਰਕਸਵਾਦ ਵਿੱਚ ਨਹੀਂ ਹਨ ? ਜਿਉਂ ਹੀ ਅਸੀਂ ਇਸ ਪ੍ਰਸ਼ਨ ਨੂੰ ਮੁਖ਼ਾਤਿਬ ਹੁੰਦੇ ਹਾਂ ਤਾਂ ਇਨ੍ਹਾਂ ਸਥਾਪਨਾਵਾਂ ਦਾ ਬਹੁਤਾ ਮੁੱਲ ਨਹੀਂ ਰਹਿ ਜਾਂਦਾ ਕਿ "ਰਜਨੀਸ਼ ਵਿਚਾਰ ਸੰਘਤਾ ਦਾ ਪਹਿਲਾ ਗੁਣ ਇਹ ਹੈ ਕਿ ਇਹ ਕਿਸੇ ਵੀ ਬਣਾਏ ਸਿਧਾਂਤ, ਖਿਆਲ ਨੂੰ ਇੱਕ ਦਮ ਨਹੀਂ ਮੰਨ ਖਲੋਂਦੀ। ਉਹ ਹਰ ਗੱਲ ਨੂੰ ਵਿਸ਼ਵ ਇਤਿਹਾਸ, ਸਮਾਜ, ਧਰਮ ਵਿਚੋਂ ਅਤੇ ਹਰ ਵਸਤ ਵਰਤਾਰੇ ਨੂੰ ਮੁੱਢ ਤੋਂ ਦੇਖਣ ਦਾ ਯਤਨ ਕਰਦਾ ਹੈ, ਜਿਸ ਲਈ ਉਸ ਕੋਲ ਲੋੜੀਂਦੀ ਜਾਣਕਾਰੀ ਹੈ। ਪੁੱਛਿਆ ਜਾ ਸਕਦਾ ਹੈ ਕਿ ਇਹ ਗੱਲ ਮਾਰਕਸਵਾਦ ਤੋਂ ਅਗਾਂਹ ਕਿਵੇਂ ਹੈ ? ਸਗੋਂ ਸੱਚ ਇਹ ਹੈ ਕਿ ਮਾਰਕਸਵਾਦ ਵਿਗਿਆਨਕ ਵਿਸ਼ਲੇਸ਼ਣ ਤੋਂ ਬਾਅਦ ਇਕ ਸੇਧ ਵੀ ਦਿੰਦਾ ਹੈ। ਰਾਹ ਵਿਖਾਉਂਦਾ ਹੈ। ਅਰਾਜਕ ਨਹੀਂ ਬਣਦਾ ਜਾਂ ਅਖ਼ੀਰ ਤੇ ਜਾ ਕੇ 'ਧਿਆਨ' ਵਿੱਚ ਖ਼ਤਮ ਨਹੀਂ ਹੁੰਦਾ। ਇਹ ਸਵਾਲ ਬਾਰ ਬਾਰ ਉਠਾਇਆ ਜਾ ਰਿਹਾ ਹੈ ਕਿ ਮਾਰਕਸਵਾਦ ਸਿਰਫ਼ ਬਾਹਰਮੁਖੀ ਹੈ, ਇਹ ਮਨੁੱਖ ਦੇ ਆਂਤਰਿਕ ਸੰਸਾਰ ਨਾਲ ਕੋਈ ਵਾਸਤਾ ਨਹੀਂ ਰੱਖਦਾ ਇਸ ਲਈ ਅਧਿਆਤਮਕਤਾ ਦਾ ਸਹਾਰਾ ਜ਼ਰੂਰੀ ਹੈ। ਇਹ ਕਥਨ ਮਾਰਕਸਵਾਦ ਤੋਂ ਅਣਜਾਣ ਹੋਣ ਦਾ ਸਿੱਟਾ ਹੈ ਜਾਂ ਫਿਰ ਜਾਣ ਬੁੱਝ ਕੇ ਅਸਲੀਅਤ ਨੂੰ ਛੁਪਾਉਣ ਦਾ ? ਇਹ ਤਰਕ ਦੇਣ ਵਾਲੇ ਵਧੇਰੇ ਚੰਗੀ ਤਰ੍ਹਾਂ ਜਾਣਦੇ ਹਨ।

ਮਾਰਕਸਵਾਦ ਅਜਿਹੇ ਸਮਾਜ ਦੀ ਕਲਪਨਾ ਕਰਦਾ ਹੈ ਜਿਥੇ ਮਨੁੱਖ ਬਾਹਰਮੁਖੀ, ਸਰੀਰਕ ਸੁੱਖਾਂ ਦੇ ਨਾਲ ਨਾਲ ਮਾਨਸਿਕ ਤੇ ਆਤਮਿਕ ਤੌਰ ਤੇ ਵੀ ਰੱਜਿਆ ਪੁੱਜਿਆ ਹੋਵੇ। ਜੇ ਅਸੀਂ ਅਜੇ ਤੱਕ ਅਜਿਹਾ ਸਮਾਜ

ਨਹੀਂ ਉਸਾਰ ਸਕੇ ਤਾਂ ਉਸਦੇ ਕਾਰਣ ਹਨ। ਜੇ ਸੋਵੀਅਤ ਯੂਨੀਅਨ ਟੁੱਟਿਆ ਹੈ, ਯੂਰਪ ਦੀ ਉਥਲ ਪੁੱਥਲ ਹੋਈ ਹੈ ਤਾਂ ਉਹ ਅਗਲਾ ਕਦਮ ਨਹੀਂ। ਪਿਛੇ ਜਾਣ ਦਾ ਅਮਲ ਹੈ। ਜਿਸਨੂੰ ਉਥੋਂ ਦੇ ਵਿਦਵਾਨ ਹੁਣ ਇਹ ਕਹਿ ਕੇ ਸਹੀ ਸਿੱਧ ਕਰਦੇ ਹਨ ਕਿ ਬੁਰਜ਼ੂਆ ਪ੍ਰਬੰਧ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਇਸ ਪ੍ਰਾਪਤੀ ਨੇ ਥੋੜ੍ਹੇ ਚਿਰ ਵਿੱਚ ਹੀ ਜੋ ਗੁਲ ਖਿਲਾਏ ਹਨ ਉਨ੍ਹਾਂ ਦੇ ਨਤੀਜੇ ਸਾਹਮਣੇ ਆਉਣ ਲੱਗ ਪਏ ਹਨ ਤੇ ਇਸ ਵਿਰੁੱਧ ਫਿਰ ਤੋਂ ਉਭਾਰ ਆਉਣਾ ਆਰੰਭ ਹੋ ਗਿਆ ਹੈ। ਪੰਜਾਬੀ ਵਿਦਵਾਨਾਂ ਨੂੰ ਇਨ੍ਹਾਂ ਤੱਥਾਂ ਉੱਪਰ ਵਧੇਰੇ ਕੇਂਦਰਿਤ ਹੋਣ ਦੀ ਲੋੜ ਹੈ ਕਿ ਅੱਜ ਵੀ ਵਿਸ਼ਵ ਵਿੱਚ ਲੜਾਈ ਮਾਰਕਸਵਾਦ/ਸਮਾਜਵਾਦ ਤੇ ਸਰਮਾਏਦਾਰੀ ਦੀ ਹੈ। ਲੁੱਟ ਨਹੀਂ ਮੁੱਕੀ ਤਾਂ ਮਾਰਕਸਵਾਦ ਅਪ੍ਰਾਸੰਗਿਕ ਨਹੀਂ ਹੋ ਗਿਆ। ਮਜ਼ਦੂਰ ਜਮਾਤ ਦਾ ਅਸਲੀ ਫਲਸਫ਼ਾ ਮਾਰਕਸਵਾਦ ਹੀ ਹੈ।

ਕਿਰਪਾਲ ਸਿੰਘ ਆਜ਼ਾਦ ਲਿਖਦਾ ਹੈ ਕਿ, "ਉਹ ਛਿਣ ਛਿਣ ਜੰਮਦੇ ਮਰਦੇ ਮੁੜ ਜੰਮਦੇ ਪਦਾਰਥਕ ਵਸਤਾਂ ਵਰਤਾਰਿਆਂ ਨੂੰ ਦੇਖਦਾ ਸਮਝਦਾ ਹੀ ਨਹੀਂ ਮਾਣਦਾ ਵੀ ਹੈ। ਆਪਣੇ ਹੀ ਰਸ_ਰੰਗ, ਵਿਧਾ ਤੇ ਸ਼ੈਲੀ ਕਾਰਣ ਉਹ ਅਜਿਹਾ ਨਿਵੇਕਲਾ ਭਾਰਤੀ ਚਿੰਤਕ ਦਿਸਦਾ ਹੈ ਜਿਸ ਵਿਚੋਂ ਕਦੇ ਕਦੇ ਕਿਸੇ ਆਦੀ ਚਿੰਤਕ ਦੀ ਝਲਕ ਪੈਂਦੀ ਹੈ, ਕਦੇ ਬੜਬੋਲੇ ਦਾਰਸ਼ਨਿਕ ਦੀ, ਕਦੇ ਬੁੱਧਮਤੀ ਸਪੱਸ਼ਟਤਾ ਦੀ, ਕਦੇ ਆਜੀਵਕ ਜਾਂ ਚਾਰਵਾਕੀਏ ਅਵਧੂਤ ਦੀ।" ਰਜਨੀਸ਼ ਕੋਲ ਪਦਾਰਥਕ ਸੰਪਦਾ ਦੀ ਬਹੁਲਤਾ ਸੀ ਉਹ ਉਸਨੂੰ ਦੇਖਣ_ਸਮਝਣ ਦੇ ਨਾਲ ਨਾਲ ਮਾਣ ਸਕਦਾ ਹੈ। ਪਰ ਜਿਨ੍ਹਾਂ ਕੋਲ ਇਹ ਸਹੂਲਤ ਨਹੀਂ ਉਹ ਉਸਨੂੰ ਕਿਵੇਂ ਮਾਨਣ ? ਕੀ ਅਜਿਹਾ ਫ਼ਲਸਫ਼ਾ ਹੋ ਸਕਦਾ ਹੈ ? ਫਿਰ ਕੀ ਮਾਰਕਸਵਾਦੀ ਇੰਨੇ ਹੀ ਉਥਲੇ ਹਨ ਕਿ ਉਨ੍ਹਾਂ ਨੂੰ ਰਜਨੀਸ਼ ਵਿਚਲਾ ਆਦੀ ਚਿੰਤਕ ਲੁਭਾਉਣਾ ਲੱਗਦਾ ਹੈ ਤੇ ਉਹ ਇਸਦਾ ਵਿਸ਼ਲੇਸ਼ਣ ਨਹੀਂ ਕਰ ਸਕਦੇ। ਕੀ ਉਹ ਇੰਨੇ ਦੱਬੂ ਹਨ ਕਿ ਰਜਨੀਸ਼ ਦੇ ਬੜਬੋਲੇਪਣ ਦੇ ਸਾਹਮਣੇ ਖੜ੍ਹੇ ਨਹੀਂ ਹੋ ਸਕਦੇ। ਕੀ ਉਹ ਬੁੱਧ ਮੱਤ ਤੋਂ ਅਗਾਂਹ ਛਿਣਵਾਦ ਦੀ ਥਾਂ

ਦਵੰਦਵਾਦੀ ਪਦਾਰਥਵਾਦ ਤੋਂ ਵਿਹੂਣੇ ਹਨ ਕਿ ਉਨ੍ਹਾਂ ਨੂੰ ਬੁੱਧ_ਮਤੀ ਸਪੱਸ਼ਟਤਾ ਕੀਲ ਲੈਂਦੀ ਹੈ। ਕੀ ਉਹ ਸਿਰਫ਼ ਚਾਰਵਾਕ ਦੇ ਪਦਾਰਥਵਾਦ ਤੱਕ ਹੀ ਸੀਮਤ ਹਨ ਕਿ ਉਸਨੂੰ ਇਸ ਅਵਧੂਤ ਤੋਂ ਅਗਾਂਹ ਕੁਝ ਵਿਖਾਈ ਹੀ ਨਹੀਂ ਦਿੰਦਾ। ਸ਼ਾਇਦ ਅਸੀਂ ਇੰਨੇ ਨਿਕੰਮੇ ਹੋ ਗਏ ਹਾਂ ਕਿ ਰਜਨੀਸ਼ ਦਾ ਭੂਤ ਸਾਡੇ ਸਿਰ ਚੜ੍ਹ ਕੇ ਬੋਲਣ ਲੱਗ ਪਿਆ ਹੈ। ਕਿਰਪਾਲ ਸਿੰਘ ਆਜ਼ਾਦ ਦਾ ਸੁਝਾਅ ਤਾਂ ਬੜਾ ਸਾਰਥਕ ਹੈ ਕਿ, "ਮੰਦਰਾਂ_ਵਿਚਾਰਾਂ ਦੇ ਪੁਰ_ਤੱਤਾਂ ਦੀ ਖੋਜ ਨਾਲੋਂ ਵਧੇਰੇ ਨਾਜ਼ਕ ਖੋਜ ਹੈ : ਜੇਤੂ ਮਹਾਂਕਾਵਾਂ, ਸਦੀਆਂ ਤੋਂ ਰਟੇ ਜਾਂਦੇ ਵੇਦਾਂ_ਸ਼ਾਸ਼ਤਰ ਹੇਠੋਂ ਤਰਕਹੀਣ ਢੰਗਾਂ ਨਾਲ ਮਸ਼ਟ_ਭ੍ਰਸ਼ਟ ਕੀਤੇ ਗਏ ਪਦਾਰਥਵਾਦੀ ਤਰਕਵਾਦੀ_ਮਾਨਵਵਾਦੀ ਦਰਸ਼ਨਾ ਤੇ

ਚਾਰਵਾਕ, ਮੈਖਿਲ ਗੋਸ਼ੋਲ, ਸਯੁਗਵਾ ਰੈਕਵ, ਸ਼ੁਕਰਾਚਾਰਯ ਜਿਹੇ ਚਿੰਤਕਾਂ ਦਾ ਪਤਾ ਲਾਉਣ ਦੀ। ਫੇਰ ਸ਼ਾਇਦ ਅਸੀਂ ਇਸ ਸਿੱਟੇ 'ਤੇ ਵੀ ਪੁੱਜਾਂਗੇ ਕਿ ਚੌਂਹ ਵੇਦਾਂ ਵਿਚੋਂ ਢਾਈ ਵੇਦ ਪਦਾਰਥਵਾਦੀ ਵਿਚਾਰਧਾਰਾ ਉੱਪਰ ਆਧਾਰਿਤ ਹਨ।" ਫਰ ਆਜ਼ਾਦ ਨੇ ਪਤਾ ਨਹੀਂ ਦੱਸਣਾ ਕਿਉਂ ਪਸੰਦਾ ਨਹੀਂ ਕੀਤਾ ਕਿ ਅਜਿਹੀ ਖੋਜ ਦੇਬੀ ਪ੍ਰਸਾਦ ਚਟੋਪਧਿਆਏ ਨੇ ਕੀਤੀ ਹੈ। 'ਇੰਡੀਅਨ ਫ਼ਿਲਾਸਫ਼ੀ' 'ਲੋਕਾਇਤ' 'ਵਟ ਇਜ਼ ਲਿਵਿੰਗ ਐਂਡ ਵਟ ਇਜ਼ ਡੈੱਡ ਇਨ ਇੰਡੀਅਨ ਹਿਸਟਰੀ' 'ਇੰਡੀਅਨ ਐਥੀਜ਼ਮ' 'ਸਾਇੰਸ ਐਂਡ ਸੁਸਾਇਟੀ ਇਨ ਐਨਸ਼ੀਐਂਟ ਇੰਡੀਆ' ਪੁਸਤਕਾਂ ਉਪਰੋਕਤ ਸਿੱਟਿਆਂ ਤੱਕ ਪਹੁੰਚਾਉਂਦੀਆਂ ਹਨ।

ਸਾਨੂੰ ਉਨ੍ਹਾਂ ਤੋਂ ਅਗਾਂਹ ਸਿੱਖ ਫ਼ਲਸਫ਼ੇ ਦੇ ਪਦਾਰਥਵਾਦੀ ਤੱਤਾਂ ਵੱਲ ਧਿਆਨ ਦੇਣਾ ਪਵੇਗਾ। ਪਰ ਪਿਛਲੇ ਸਾਰੇ ਖੋਜ_ਕਾਰਜ ਨੂੰ ਤਜ ਕੇ ਜੇ ਕਰ ਰਜਨੀਸ਼ ਦਾ ਪੱਲਾ ਫੜ੍ਹਿਆ ਜਾ ਰਿਹਾ ਹੈ ਤਾਂ ਇਹ ਕਮਜ਼ੋਰੀ ਹੀ ਕਹੀ ਜਾਏਗੀ। ਹਾਂ ਪਿੱਛੇ ਮੁੜਨ ਲਈ ਵੀ ਤਾਂ ਕੋਈ ਤਰਕ ਚਾਹੀਦਾ ਹੈ। ਜੋ ਜ਼ਾਹਿਰ ਹੈ ਬਹੁਤਾ ਸ਼ਕਤੀਸ਼ਾਲੀ ਨਹੀਂ ਹੋ ਸਕਦਾ। ਇਸਦਾ ਅੰਦਾਜ਼ਾ 'ਜਸਬੀਰ ਦੁਸਾਂਝ' ਦੇ ਮੁਢਲੇ ਲੇਖ ਤੋਂ ਲੱਗ ਸਕਦਾ ਹੈ। ਦੁਸਾਂਝ ਕਹਿੰਦਾ ਹੈ, "ਸੰਸਾਰ ਵਿੱਚ ਹਜ਼ਾਰਾਂ ਸਾਲਾਂ ਤੋਂ ਪ੍ਰਚੱਲਤ ਧਰਮ ਜਿਵੇਂ ਈਸਾਈ, ਇਸਲਾਮ, ਯਹੂਦੀ, ਹਿੰਦੂ, ਬੁੱਧ, ਜੈਨ, ਸਿੱਖ ਆਦਿ ਅਤੇ ਬੀਹਵੀਂ ਸਦੀ ਵਿੱਚ ਮਾਰਕਸਵਾਦ ਨੇ ਮਨੁੱਖ ਨੂੰ ਇਸ ਤਰ੍ਹਾਂ ਗੁਲਾਮ ਬਣਾਇਆ ਹੈ ਕਿ ਮਨੁੱਖ ਆਪਣਾ ਸਹੀ ਧਰਮ ਖੋ ਬੈਠਾ ਹੈ ਅਤੇ ਜਿਤਨੀ ਦੇਰ ਮਨੁੱਖ ਸਹੀ ਤੌਰ ਤੇ ਧਾਰਮਿਕ ਨਹੀਂ ਬਣਦਾ ਮਨੁੱਖ ਦੁਖੀ ਅਤੇ ਗ਼ੁਲਾਮ ਹੀ ਰਹੇਗਾ।" ਰਜਨੀਸ਼ ਪ੍ਰਤੀ ਉਤਸ਼ਾਹ ਦੀ ਇਹ ਹੱਦ ਹੈ ਕਿ ਮਾਰਕਸਵਾਦ ਨੂੰ ਵੀ ਇੱਕ ਧਰਮ ਬਣਾ ਦਿੱਤਾ ਗਿਆ ਹੈ। ਜਿਸਤੋਂ ਛੁਟਕਾਰਾ ਰਜਨੀਸ਼ਵਾਦੀਆਂ ਦਾ ਮੁੱਖ ਫਰਜ਼ ਬਣ ਗਿਆ ਹੈ। ਇਸਦੇ ਹੇਠ ਮਜ਼ਦੂਰ ਜਮਾਤ ਨੂੰ ਕੁਰਾਹੇ ਪਾਉਣ ਦੀ ਚਾਲ ਵੀ ਸਪੱਸ਼ਟ ਦਿਖਾਈ ਦਿੰਦੀ ਹੈ। ਵੈਸੇ ਇਹ ਤਰਕ ਕੋਈ ਨਵਾਂ ਨਹੀਂ। ਯੂਰਪ ਵਿੱਚ ਮਾਰਕਸਵਾਦ ਨੂੰ ਧਰਮ ਕਹਿ ਕੇ ਇਸ ਵਿੱਚ ਧੁੰਧਲਕਾ ਪੈਦਾ ਕਰਨ ਦੇ ਯਤਨ ਬੜੇ ਪੁਰਾਣੇ ਹਨ। ਗੱਲ ਇੱਥੇ ਹੀ ਸਮਾਪਤ ਨਹੀਂ ਹੋ ਜਾਂਦੀ ਸਗੋਂ ਦੁਸਾਂਝ ਨੇ ਤਾਂ ਮਾਰਕਸਵਾਦ ਨੂੰ ਗਰੰਥ ਪੂਜ ਧਰਮ ਵੀ ਬਣਾ ਧਰਿਆ ਹੈ। "ਬੁੱਧਤਵ ਪ੍ਰਾਪਤ ਹੋਏ ਮਹਾਂਪੁਰਖਾਂ ਦੇ ਅਹਿਸਾਸ ਦੇ ਅਧਾਰ ਤੇ ਬਣੇ ਗਰੰਥਾਂ ਨੂੰ ਪੜ੍ਹਨਾ, ਜਾਨਣਾ ਅਤੇ ਪਹਿਚਾਨਣ ਅਤੇ ਸੰਦੇਹ ਨੂੰ ਬਰਕਰਾਰ ਰੱਖਦੇ ਹੋਏ ਆਪਣੇ ਰਸਤੇ ਦੀ ਤਲਾਸ਼ ਕਰਨੀ ਹੋਰ ਗੱਲ ਹੈ ਅਤੇ ਦਰੁਸਤ ਗੱਲ ਹੈ, ਪਰ ਇਨ੍ਹਾਂ ਗਰੰਥਾਂ ਨੂੰ 'ਸਰਵ ਮਸਾਲੇ ਪਿਪਲਾ ਮੂਲ' ਸਮਝ ਕੇ ਪੂਜਣਾ ਹੋਰ ਗੱਲ

ਹੈ..." ਜੇ ਮਾਰਕਸਵਾਦ 'ਗ੍ਰੰਥ ਪੂਜ ਧਰਮ' ਹੁੰਦਾ ਤਾਂ ਉਸਦੀ ਵਿਚਾਰਧਾਰਾ ਦਾ ਕਦੇ ਵਿਕਾਸ ਨਾ ਹੁੰਦਾ। ਜੇ ਕਿਸੇ ਇਤਿਹਾਸਕ ਪੜ੍ਹਾ ਤੇ ਅਜਿਹਾ ਹੋਣ ਦੀ ਸੰਭਾਵਨਾ ਬਣਦੀ ਹੈ ਤਾਂ ਵਿਰੋਧ ਵੀ ਸਪੱਸ਼ਟ ਵਿਖਾਈ ਦਿੰਦਾ ਹੈ।

ਮਾਰਕਸਵਾਦ ਤੋਂ ਜੋ ਸੰਦੇਹ ਕਰਨਾ ਨਹੀਂ ਸਿੱਖਦੇ ਤਾਂ ਰਜਨੀਸ਼ ਤੋਂ ਤਾਂ ਸਿੱਖ ਹੀ ਨਹੀਂ ਸਕਦੇ ਕਿਉਂਕਿ ਹੁਣ ਉਸਨੂੰ ਤੇ ਉਸਦੇ ਗ੍ਰੰਥਾਂ ਦੀ ਪੂਜਾ ਨੂੰ ਸਾਹਮਣੇ ਰੱਖਿਆ ਜਾ ਰਿਹਾ ਹੈ। ਗੱਲ ਹੋਰ ਵੀ ਅਗਾਂਹ ਵਧ ਗਈ ਹੈ ਕਮਿਊਨਿਜ਼ਮ ਇੱਕ ਧਰਮ, ਧਰਮ ਵੀ ਇੱਕ ਗ੍ਰੰਥ ਪੂਜ ਧਰਮ ਅਤੇ ਅਗਾਂਹ ਇਹ ਇੱਕ ਫਿਰਕਾ ਬਣ ਜਾਂਦਾ ਹੈ। ਬੌਧਿਕ ਗਰੀਬੀ ਦੀ ਹੱਦ ਹੈ ਇਹ ਕਥਨ, "ਪੁਜਾਰੀ (ਧਰਮ) ਸਿਆਸਤਦਾਨ (ਰਾਜਨੀਤੀ) ਅਤੇ ਮਾਸਟਰ ਇਨ੍ਹਾਂ ਛੂਠੇ ਧਰਮਾਂ ਦੇ ਮੁੱਖ ਬੰਦੇ ਹਨ ਜਿਨ੍ਹਾਂ ਰਾਹੀਂ ਸਮੁੱਚੀ ਜਾਤੀ ਇਸਾਈ, ਇਸਲਾਮ, ਹਿੰਦੂ, ਸਿੱਖ, ਬੁੱਧ, ਕਮਿਊਨਿਸਟ ਆਦਿ ਵੱਖੋ ਵੱਖਰੇ ਫਿਰਕਿਆਂ ਵਿੱਚ ਵੰਡੀ ਹੋਈ ਹੈ।" ਤੇ ਇਹ 'ਫਿਰਕਾ' ਅਗਿਆਨਤਾ ਵਿੱਚ ਜੀ ਰਿਹਾ ਹੈ। ਆਪਣੇ ਅਗਿਆਨ (ਜਾਂ ਚਤੁਰਤਾ) ਨੂੰ ਛੁਪਾਉਣ ਲਈ ਮਾਰਕਸਵਾਦੀਆਂ ਨੂੰ ਅਗਿਆਨੀ ਕਹਿਣਾ ਬੜਾ ਸੌਖਾ ਹੈ। ਦੁਸਾਂਝ ਨੇ ਅੰਬੇਡਕਰਵਾਦੀਆਂ ਤੋਂ ਲੈ ਕੇ ਹਰ ਧਰਮ ਨੂੰ ਰਗੜਾ ਚਾੜ੍ਹਿਆ ਹੈ। ਰਜਨੀਸ਼ ਦੇ ਇਲਾਹੀ ਰਗੜਿਆਂ ਵਾਂਗ। ਅੰਬੇਡਕਰਵਾਦੀ ਫਿਰ ਵੀ 'ਹਰਕਾਰਾ' ਨੂੰ ਆਪਣਾ ਇਸ਼ਟ ਮੰਨਦੇ ਹਨ ਤਾਂ ਕਿਤੇ ਖੋਟ ਅਵੱਸ਼ ਹੈ। ਹਰਕਾਰਾ 'ਰਜਨੀਸ਼ਵਾਦੀ' ਬੁਰਕੇ ਵਿੱਚ ਉਵੇਂ ਹੀ ਆਇਆ ਹੈ ਜਿਵੇਂ 'ਸੇਧ' 'ਸਿਖਵਾਦ' ਦੇ ਬੁਰਕੇ ਵਿੱਚ। ਦੋਨੋਂ ਇਹ ਮੰਨਦੇ ਹਨ ਕਿ ਉਹ ਮਾਰਕਸਵਾਦ ਤੋਂ ਅਗਾਂਹ ਜਾ ਰਹੇ ਹਨ। ਪਰ ਉਪਰੋਕਤ ਕੁਝ ਚਰਚਾ ਹੀ ਉਨ੍ਹਾਂ ਦਾ ਹੀਜ ਪਿਆਜ਼ ਖੋਲ੍ਹ ਕੇ ਰੱਖ ਦਿੰਦੀ ਉਹ ਬਹੁਤ ਪਿੱਛੇ ਵੱਲ ਚਲੇ ਗਏ ਹਨ, ਪਰ ਪਿੱਛੇ ਜਾਣ ਦਾ ਵੀ ਤਾਂ ਕੋਈ ਤਰਕ ਹੁੰਦਾ ਹੈ। ਸੋ ਉਹ ਤਰਕ ਲੱਭਿਆ ਗਿਆ ਹੈ ਰਜਨੀਸ਼ ਵਿੱਚ। ਸ਼ਾਇਦ ਇਨ੍ਹਾਂ ਦੇ ਮੂੰਹੋਂ ਅਗਲਾ ਨਾਅਰਾ ਸੁਣਿਆ ਜਾਵੇਗਾ। ਪਾਲਣਹਾਰੇ ! ਰਜਨੀਸ਼ ਦੀ ਜੈ।

## ਅੰਤਿਕਾ ਦੋ

# ਅੰਗ ਰੱਖਿਅਕ ਨੇ ਖੋਲ੍ਹੀ ਰਜਨੀਸ਼ ਦੀ ਪੋਲ

ਜਾਨ ਮਿਲਨੇ

ਪੂਨੇ ਵਿੱਚ ਰਜਨੀਸ਼ ਦੇ 'ਸਮੂਹਿਕ ਦਰਸ਼ਨ' ਦੇ ਪ੍ਰੋਗਰਾਮ ਸ਼ੁਰੂ ਸ਼ੁਰੂ ਵਿੱਚ ਤਾਂ ਬੜੇ ਆਤਮੀਅਤਾਂ ਵਾਲੇ ਹੁੰਦੇ ਸਨ। ਤੁਸੀਂ ਆਪਣੇ ਮਨ ਦੀਆਂ ਗੱਲਾਂ ਆਪਣੇ ਸਾਥੀ ਸੰਨਿਆਸੀਆਂ ਨੂੰ ਖੁੱਲ੍ਹ ਕੇ ਦੱਸ ਸਕਦੇ ਸੀ। ਇਹ ਖੁਲ੍ਹੇ ਵਾਤਾਵਰਣ ਨੇ ਆਸ਼ਰਮ ਨੂੰ ਇੱਕ ਸੁੱਖ_ਰਹਿਣਾ ਥਾਂ ਬਣਾ ਦਿੱਤਾ ਸੀ। ਅਜਿਹਾ ਮਾਹੌਲ ਆਮ ਤੌਰ ਤੇ ਦਰਸ਼ਨ ਸਮੂਹਾਂ ਵਿੱਚ ਹੋਇਆ ਕਰਦਾ ਸੀ। ਭਗਵਾਨ ਰਜਨੀਸ਼ ਕਦੇ ਕਦੇ ਖਾਸ ਖਾਸ ਲੋਕਾਂ ਨੂੰ ਇਕੱਲ ਵਿੱਚ ਸਵਾਲ ਪੁੱਛਣ ਦਾ ਮੌਕਾ ਵੀ ਦਿੰਦਾ ਸੀ। ਅਜਿਹੀ ਮਿਲਣੀ ਸਮੇਂ ਭਗਵਾਨ ਰਜਨੀਸ਼ ਨਾਲ ਸਿਰਫ ਚਾਰ ਜਣੇ ਹੁੰਦੇ ਸਨ। ਇਹ ਸਨ _ ਮੁਕਤਾ, ਲਕਸ਼ਮੀ, ਵਿਵੇਕ ਅਤੇ ਮੈਂ। ਸਵਾਲ ਜਾਂ ਤਾਂ ਨਿੱਜੀ ਮਸਲਿਆਂ ਨਾਲ ਸੰਬੰਧਤ ਹੁੰਦੇ ਸਨ ਜਾਂ ਫਿਰ ਸੈਕਸ ਨਾਲ। ਸਾਧਨਾ ਦੀ ਨਗਨਤਾ : ਜਿਉਂ ਜਿਉਂ ਆਸ਼ਰਮ ਦਾ ਵਿਸਥਾਰ ਹੁੰਦਾ ਗਿਆ ਤਿਉਂ ਤਿਉਂ ਸਾਧਨਾਂ ਦੇ ਦਰਜੇ ਅਨੁਸਾਰ ਲੋਕਾਂ ਨੂੰ ਵੱਖਰੇ ਸਮੂਹਾਂ ਵਿੱਚ ਵੰਡਿਆ ਜਾਣ ਲੱਗਾ। ਪਹਿਲਾ ਸਮੂਹ ਪੂਰਵੀ ਤਾਂਤ੍ਰਿਕ ਸਾਧਨਾ ਦਾ ਸਮੂਹ ਸੀ ਜਿਥੇ ਨੰਗੇ ਲੋਕ ਇੱਕ ਦੂਜੇ ਉੱਪਰ ਪ੍ਰਯੋਗ ਕਰਦੇ ਸਨ। ਸਭ ਦੇ ਸਾਹਮਣੇ ਇਹ ਲੋਕ ਸਾਥੀ ਬਦਲ ਬਦਲ ਕੇ ਕਾਮ ਕ੍ਰੀੜਾ ਕਰਦੇ ਸਨ। ਐਸੀ ਸਾਧਨਾ ਘੱਟੋ ਘੱਟ ਪੰਜ ਦਿਨ ਚਲਦੀ ਸੀ। ਅਜਿਹੀਆਂ ਸਾਧਨਾਵਾਂ ਦੇ ਕੁਝ ਚਿੱਤਰਾਂ ਨੂੰ ਦੇਖ ਕੇ ਲੱਗਦਾ ਸੀ ਕਿ ਇਹ ਪੋਰਨੋਗ੍ਰਾਫ਼ੀ ਦੇ ਖ਼ਾਸ ਨਮੂਨੇ ਹਨ। ਪਰ ਇਸ ਤਰ੍ਹਾਂ ਦੀ ਸਾਧਨਾ ਕ੍ਰਿਆਵਾਂ ਸਮੇਂ ਸਾਨੂੰ ਕੁਝ ਹੋਰ ਹੀ ਅਨੁਭਵ ਹੁੰਦਾ ਸੀ। ਅਸੀਂ ਸੈਕਸ ਦੇ ਨਵੇਂ ਪੱਖਾਂ ਨੂੰ ਪ੍ਰਾਪਤ ਕਰਨ ਵੱਲ ਵਧ ਰਹੇ ਸਾਂ। ਇਹ ਅਜਿਹਾ ਅਨੁਭਵ ਸੀ ਜੋ ਸਾਨੂੰ ਪਹਿਲਾਂ ਕਦੇ ਨਹੀਂ ਸੀ ਹੋਇਆ। ਇਹ ਪੂਰਣ ਸਵਤੰਤਰਤਾ ਦੀ ਸਥਿਤ ਸੀ।

ਭਗਵਾਨ ਰਜਨੀਸ਼ ਨੇ ਬੜੇ ਵਿਸਥਾਰ ਨਾਲ ਦੱਸਿਆ ਸੀ ਕਿ ਉਸਨੇ ਸੈਕਸ ਦੇ ਮਾਧਿਅਮ ਰਾਹੀਂ ਤੰਤਰ ਸਾਧਨਾ ਦੇ ਸਿਧਾਂਤ ਕਿੰਝ ਸਮਝੇ ਸਨ। ਰਜਨੀਸ਼ ਜਿਸ ਨੂੰ ਤੰਤਰ ਸਾਧਨਾ ਕਹਿੰਦਾ ਸੀ, ਵਾਸਤਵ ਵਿੱਚ ਉਹ ਸਥੂਲ ਸੈਕਸ_ਕ੍ਰੀੜਾ ਤੋਂ ਵੱਧ ਕੁਝ ਨਹੀਂ ਸੀ। ਉਹ ਸੈਕਸ ਦੀ ਸਿਖ਼ਰ ਉਤੇਜਨਾ ਨੂੰ ਅਧਿਆਤਮਕ ਰੰਗ

ਦਿੰਦਾ ਕਹਿੰਦਾ ਸੀ ਕਿ ਮਰਦ ਦੀ ਸਾਰੀ ਕਲਾ ਇਸ ਗੱਲ ਵਿੱਚ ਹੈ ਕਿ ਉਹ ਆਪਣੇ ਆਪ ਨੂੰ ਚਰਮ ਉਤੇਜਨਾ ਵਿੱਚ ਪਹੁੰਚਣ ਤੋਂ ਰੋਕੇ। ਚੰਗਾ ਹੈ, ਅਜਿਹਾ ਨਾ ਹੋਵੇ। ਸਗੋਂ ਅਜਿਹੀ ਸਥਿਤੀ ਦੇ ਨੇੜੇ ਬਣਿਆ ਰਹੇ। ਸਾਰਾ ਰਹੱਸ ਇਹ ਹੈ ਕਿ ਉਹ ਚਰਮਾਵਸਥਾ ਤੇ ਟਿਕਿਆ ਰਹੇ, ਜਿਸ ਨਾਲ ਦੋਨਾਂ ਸਾਥੀਆਂ ਨੂੰ ਪਰਮ ਸ਼ਾਂਤੀ ਦੀ ਅਨੁਭੂਤੀ ਹੋ ਸਕੇ। ਮਰਦ ਨੂੰ ਚਾਹੀਦਾ ਹੈ ਕਿ ਉਹ ਔਰਤ ਨੂੰ ਬਾਰ ਬਾਰ ਚਰਮ_ਸੀਮਾ ਤੇ ਲਿਜਾਵੇ ਪਰ ਆਪ ਬਚਿਆ ਰਹੇ। ਭਗਵਾਨ ਰਜਨੀਸ਼ ਦਾ ਕਹਿਣਾ ਹੈ ਕਿ ਇੱਕ ਵਾਰ ਇਹ ਸਿੱਧੀ ਪ੍ਰਾਪਤ ਕਰ ਲੈਣ ਤੋਂ ਬਾਦ 'ਗਹਿਰੇ ਧਿਆਨ' ਦੀ ਸਥਿਤੀ ਬਣੀ ਰਹਿੰਦੀ ਹੈ। ਜਿਉਂ ਹੀ ਮਰਦ ਚਰਮ_ਅਵਸਥਾ ਨੂੰ ਪਾਰ ਕਰਦਾ ਹੈ, ਉਸਦਾ ਧਿਆਨ ਭੰਗ ਹੋ ਜਾਂਦਾ ਹੈ ਅਤੇ ਸਭ ਕੁਝ ਖ਼ਤਮ ਹੋ ਜਾਂਦਾ ਹੈ। 1974 ਤੇ 1975 ਵਿਚ ਭਗਵਾਨ ਰਜਨੀਸ਼ ਨੇ ਇਸ ਵਿਸ਼ੇ ਤੇ ਇੰਨੇ ਵਿਆਖਿਆਨ ਦਿੱਤੇ ਕਿ ਉਸ ਨੂੰ 'ਸੈਕਸ ਗੁਰੂ' ਕਿਹਾ ਜਾਣ ਲੱਗਾ।

## ਲੰਪਟਤਾ ਜਾਂ ਸਾਧਨਾ

ਭਗਵਾਨ ਰਜਨੀਸ਼ ਸੈਕਸ ਦੇ ਸਰੀਰਕ ਪੱਖ ਉੱਪਰ ਹੱਦੋਂ ਵੱਧ ਜ਼ੋਰ ਦਿੰਦਾ ਸੀ। ਅਜਿਹਾ ਵੀ ਨਹੀਂ ਕਿਹਾ ਜਾ ਸਕਦਾ ਕਿ ਇਸ ਮਾਮਲੇ ਵਿੱਚ ਉਹ ਮਹਾਨ ਹੈ। ਸੈਕਸ ਮਾਹਿਰ ਹੋਣ ਦਾ ਦਾਅਵਾ ਕਰਨ ਵਾਲੇ ਦੂਸਰੇ ਲੋਕਾਂ ਵਾਂਗ ਰਜਨੀਸ਼ ਦਾ ਸੈਕਸ_ਜੀਵਨ ਅਧੂਰਾ ਸੀ। ਭਗਵਾਨ ਰਜਨੀਸ਼ ਦੇ ਨੇੜੇ ਆਈਆਂ ਕਈ ਔਰਤਾਂ ਨੇ ਮੈਨੂੰ ਦੱਸਿਆ ਕਿ ਰਜਨੀਸ਼ ਦੇ ਭਾਸ਼ਣਾਂ ਅਤੇ ਉਸਦੇ ਕੰਮਾਂ ਦਾ ਕੋਈ ਤਾਲਮੇਲ ਨਹੀਂ ਸੀ। ਉਹ ਦੂਜਿਆਂ ਨੂੰ ਕਾਮ_ ਅਵਧੀ ਵਿਸਤਾਰ ਦੀ ਸਿੱਖਿਆ ਦਿੰਦਾ ਸੀ ਪਰ ਉਸਦੀ ਆਪਣੀ ਖੇਡ ਕੁਝ ਮਿੰਟਾਂ ਵਿੱਚ ਹੀ ਖਤਮ ਹੋ ਜਾਂਦੀ ਸੀ। ਉਸਦਾ ਵਧੇਰੇ ਕਾਮ ਦਾ ਆਨੰਦ ਲੋਕਾਂ ਨੂੰ ਵਿਭਿੰਨ ਕਾਮ ਮੁਦ੍ਰਾਵਾਂ ਵਿੱਚ ਦੇਖਣ ਤੱਕ ਸੀਮਤ ਸੀ। ਕਦੇ ਕਦੇ ਉਹ ਦਿਲਕਸ਼ ਔਰਤਾਂ ਨੂੰ ਆਪਣੇ ਸਾਹਮਣੇ ਨਿਰਵਸਤਰ ਖੜ੍ਹੇ ਰਹਿਣ ਲਈ ਕਹਿੰਦਾ ਅਤੇ ਉਨ੍ਹਾਂ ਦੇ ਨਗਨ ਸਰੀਰ ਨੂੰ ਟਿਕਟਿਕੀ ਲਾ ਕੇ ਦੇਖਦਾ ਰਹਿੰਦਾ। ਜਦੋਂ ਉਹ ਇਸ ਚਕਸ਼ੂ_ਕਾਮ ਨਾਲ ਤ੍ਰਿਪਤ ਹੋ ਜਾਂਦਾ ਤਾਂ ਔਰਤਾਂ ਨੂੰ ਕੱਪੜੇ ਪਾਉਣ ਲਈ ਕਿਹਾ ਜਾਂਦਾ। 1972 ਵਿੱਚ ਭਗਵਾਨ ਰਜਨੀਸ਼ ਨੂੰ ਮਿਲੀ ਸ਼ੀਲਾ ਨੇ ਰਜਨੀਸ਼ ਨਾਲ ਪ੍ਰਾਪਤ ਕੀਤੇ ਆਪਣੇ ਸੈਕਸ ਅਨੁਭਵਾਂ ਦਾ ਬੜਾ ਬਖ਼ਾਨ ਕੀਤਾ ਹੈ। ਉਹ ਦੱਸਦੀ ਹੈ ਕਿ ਕਿਵੇਂ ਉਹ ਉਸਦੇ ਪੈਰਾਂ ਕੋਲ ਬੈਠਦੀ ਸੀ ਅਤੇ ਕਿਵੇਂ ਰਜਨੀਸ਼ ਦੀਆਂ ਕਾਮ_ਕੁੰਠਾਵਾਂ ਹੱਥਾਂ ਰਾਹੀਂ ਅਭਿਵਿਅਕਤ ਹੁੰਦੀਆਂ ਸਨ। (ਦੇਖੋ ਮਾਯਾ, ਫਰਵਰੀ 1986)

## ਊਰਜਾ ਦਰਸ਼ਨ

ਇਕ ਦਿਨ 'ਰਾਤਰੀ ਦਰਸ਼ਨ' ਪ੍ਰੋਗਰਾਮ ਵਿੱਚ ਭਗਵਾਨ ਨੇ ਐਲਾਨ ਕੀਤਾ ਕਿ ਉਹ ਇੱਕ ਨਵੀਂ ਤਰ੍ਹਾਂ ਦੇ 'ਊਰਜਾ ਦਰਸ਼ਨ' ਦਾ ਪ੍ਰਯੋਗ ਕਰਨ ਜਾ ਰਿਹਾ ਹੈ। ਉਸ ਨੇ ਦੱਸਿਆ ਕਿ ਬਹੁਤ ਸਾਰੀਆਂ ਔਰਤ ਸੰਨਿਆਸਣਾਂ ਉਸਦੀ ਊਰਜਾ ਗ੍ਰਹਿਣ ਕਰਨ ਦੀਆਂ ਹੱਕਦਾਰ ਬਣ ਗਈਆਂ ਹਨ। ਇਸ ਲਈ ਉਹ ਕਈ ਸਾਲਾਂ ਤੋਂ ਤਿਆਰ ਕੀਤੀਆਂ ਗਈਆਂ ਹਨ। ਹੁਣ ਉਨ੍ਹਾਂ ਨੂੰ ਸਾਧਨਾਂ ਦੇ ਬਿਲਕੁਲ ਨਵੇਂ ਦੌਰ ਵਿੱਚ ਪਹੁੰਚਾਇਆ ਜਾਵੇਗਾ। ਦਸ_ ਬਾਰਾਂ ਚੁਣੀਆਂ ਔਰਤਾਂ ਹਰ ਰਾਤ ਵਿਸ਼ੇਸ਼ ਦਰਸ਼ਨ ਲਈ ਆਉਣਗੀਆਂ। ਇਨ੍ਹਾਂ ਸੰਨਿਆਸਣਾਂ ਨੂੰ ਮਾਧਿਅਮ ਦੇ ਰੂਪ ਵਿੱਚ ਜਾਣਿਆ ਜਾਵੇਗਾ। ਇਹ ਰਜਨੀਸ਼ ਦੀ ਊਰਜਾ ਗ੍ਰਹਿਣ ਕਰਕੇ ਆਸ਼ਰਮ ਅਤੇ ਆਸ਼ਰਮ ਤੋਂ ਬਾਹਰ ਦੀ ਦੁਨੀਆਂ ਵਿੱਚ ਇਸ ਨੂੰ ਪ੍ਰਸਾਰਿਤ ਕਰਨਗੀਆਂ। 'ਵਿਵੇਕ' ਨੂੰ ਇਨ੍ਹਾਂ ਔਰਤਾਂ ਦੀ ਅਗਵਾਈ ਲਈ ਚੁਣਿਆ ਗਿਆ, ਕਿਉਂਕਿ ਉਸ ਤੇ ਪਿਛਲੇ ਗਿਆਰਾਂ ਵਰ੍ਹਿਆਂ ਤੋਂ ਰਜਨੀਸ਼ ਨੇ ਗਹਿਰੇ ਪ੍ਰੋਗਰਾਮ ਕੀਤੇ ਸਨ। ਇਸੇ ਲਈ ਇਨ੍ਹਾਂ ਔਰਤਾਂ ਨੂੰ ਸਿੱਖਿਅਤ ਕਰਨ ਦੀ ਜ਼ਿੰਮੇਵਾਰੀ ਵਿਵੇਕ ਅਤੇ ਭਗਵਾਨ ਰਜਨੀਸ਼ ਨੇ ਲਈ। ਰਜਨੀਸ਼ ਨੇ ਹੋਰ ਜਾਣਕਾਰੀ ਦਿੱਤੀ ਕਿ ਇਨ੍ਹਾਂ ਔਰਤਾਂ ਨੂੰ ਵਿਸ਼ੇਸ਼ ਪਹਿਰਾਵਾ ਪਾਉਣਾ ਹੋਵੇਗਾ ਜੋ ਊਰਜਾ ਦਾ ਮਾਧਿਅਮ ਬਣਨ ਦੀ ਉਨ੍ਹਾਂ ਦੀ ਨਿਰਹੰਕਾਰ ਦਿਵਯ ਸਮਰੱਥਾ ਦਾ ਪਰਿਚਾਇਕ ਹੋਵੇਗੀ। ਭਗਵਾਨ ਨੇ ਦੱਸਿਆ ਕਿ ਇਸ ਸਾਧਨਾ ਦੇ ਪਹਿਲੇ ਦਲ ਲਈ ਚੁਣੀਆਂ ਔਰਤਾਂ ਦਾ ਐਲਾਨ ਛੇਤੀ ਹੀ ਕਰ ਦਿੱਤਾ ਜਾਵੇਗਾ।

ਪਿਛਲੇ ਕੁਝ ਮਹੀਨਿਆਂ ਤੋਂ ਭਗਵਾਨ ਇਹ ਸਮਝਾਉਂਦਾ ਰਿਹਾ ਸੀ ਕਿ ਉਸ ਵਰਗੇ 'ਬੋਧੀਸਤਵ' ਪ੍ਰਾਪਤ ਵਿਅਕਤੀ ਨੂੰ ਸੈਕਸ ਜਾਂ ਸਰੀਰਕ ਸੰਪਰਕਾਂ ਵਰਗੀਆਂ ਤੁੱਛ ਤੇ ਨਿਚਲੇ ਪੱਧਰ ਦੀਆਂ ਗੱਲਾਂ ਦੀ ਲੋੜ ਨਹੀਂ। ਇਸ ਲਈ ਸਾਡੇ ਸਭ ਲਈ ਨਵੀਂ ਯੋਜਨਾ ਹੈਰਾਨ ਕਰਨ ਵਾਲੀ ਸੀ। ਕਈ ਸਾਲਾਂ ਤੋਂ ਵਿਵੇਕ ਨੂੰ ਛੱਡ ਕੇ ਭਗਵਾਨ ਨੇ ਹੋਰ ਕਿਸੇ ਨੂੰ ਸਰੀਰ ਛੂਹਣ ਦੀ ਆਗਿਆ ਨਹੀਂ ਦਿੱਤੀ। 1974 ਤੋਂ 1976 ਦੇ ਸਮੇਂ ਵਿੱਚ ਭਗਵਾਨ ਨੇ 'ਦਰਸ਼ਨ ਪ੍ਰੋਗਰਾਮ' ਵਿੱਚ ਕਿਤੇ ਸਪਰਸ਼ ਨਹੀਂ ਕੀਤਾ। ਪਰ ਹੁਣ ਪਰਿਵਰਤਨ ਦਿਖਾਈ ਦੇ ਰਿਹਾ ਸੀ। ਮੈਂ ਇਹ ਜਾਨਣ ਲਈ ਉਤਸੁਕ ਸਾਂ ਕਿ ਇਨ੍ਹਾਂ ਊਰਜਾ ਦਰਸ਼ਨ ਪ੍ਰੋਗਰਾਮਾਂ ਵਿੱਚ ਕੀ ਹੁੰਦਾ ਹੈ ? ਅਤੇ ਉਹ ਔਰਤਾਂ ਕੌਣ ਹਨ ਜਿਨ੍ਹਾਂ ਦੀ ਚੋਣ 'ਮਾਧਿਅਮ' ਦੇ ਰੂਪ ਵਿੱਚ ਕੀਤੀ ਗਈ ਸੀ। ਉਤਸੁਕਤਾਵਸ ਇੱਕ ਦਿਨ ਮੈਂ ਵਿਵੇਕ ਤੋਂ ਸਹਿਜ ਹੀ ਪੁੱਛ ਲਿਆ ਕਿ ਕੀ ਮੈਂ ਅਤੇ ਦੂਜੇ ਤੀਰਥ ਕਿਸੇ 'ਮਾਧਿਅਮ' ਸੰਨਿਆਸਣ ਨੂੰ ਰਾਤ ਲਈ ਆਪਣੇ ਨਾਲ

ਰੁਕਣ ਦਾ ਸੱਦਾ ਦੇ ਸਕਦੇ ਹਾਂ ? ਵਿਵੇਕ ਨੇ ਕਿਹਾ ਕਿ ਭਗਵਾਨ ਤੋਂ ਪੁੱਛਣਾ ਪਵੇਗਾ। ਅਗਲੇ ਦਿਨ ਤਿੱਖੀਆਂ ਨਜ਼ਰਾਂ ਨਾਲ ਵਿਵੇਕ ਨੇ ਮੇਰੇ ਸੁਆਲ ਦਾ ਜਵਾਬ ਦਿੱਤਾ। "ਭਗਵਾਨ ਜਾਨਣਾ ਚਾਹੁੰਦਾ ਹੈ ਕਿ ਤੈਨੂੰ ਅਕਲ ਕਦ ਆਵੇਗੀ।" ਜ਼ਾਹਿਰ ਹੈ ਬਾਸ ਖੁਸ਼ ਨਹੀਂ ਸੀ।

'ਊਰਜਾ ਦਰਸ਼ਨ' ਦੇ ਪ੍ਰੋਗਰਾਮਾਂ ਲਈ ਸਾਧਨਾ ਦੇ ਅੰਗ ਦੇ ਤੌਰ ਤੇ ਭਗਵਾਨ ਨੇ ਸੰਗੀਤ ਤੇ ਤੇਜ਼ ਪ੍ਰਕਾਸ਼ ਦੀ ਵਿਵਸਥਾ ਕੀਤੀ ਸੀ। ਇਕ ਸ਼ਿਸ਼ ਹਰੀਦਾਸ ਨੇ ਹੱਥਾਂ ਤੇ ਪੈਰਾਂ ਨਾਲ ਸੰਚਾਲਿਤ ਹੋਣ ਵਾਲੇ ਧੁਨੀ ਤੇ ਪ੍ਰਕਾਸ਼ ਦਾ ਪ੍ਰਬੰਧ ਕੀਤਾ ਸੀ, ਵਿਸ਼ੇਸ਼ ਸਵਿੱਚ ਲਾ ਕੇ ਜਿਨ੍ਹਾਂ ਨੂੰ ਕੇਵਲ ਰਜਨੀਸ਼ ਹੀ ਚਲਾ ਸਕਦਾ ਸੀ। ਸੰਗੀਤ ਤੇ ਪ੍ਰਕਾਸ਼ ਦੇ ਸੰਮੋਹਕ ਅਤੇ ਉਤੇਜਕ ਵਾਤਾਵਰਣ ਵਿੱਚ ਇਹ ਬੈਠਕਾਂ ਹੁੰਦੀਆਂ ਸਨ। ਭਗਵਾਨ ਰਜਨੀਸ਼ ਵਲੋਂ ਪ੍ਰਕਾਸ਼ ਬੁਝਾ ਦੇਣ ਤੋਂ ਬਾਅਦ ਲੰਮੇ ਸਮੇਂ ਤੱਕ ਜੋ ਕੁਝ ਹੁੰਦਾ ਹੋਵੇ ਪਰ ਪ੍ਰਚਾਰ ਇਹ ਹੀ ਹੁੰਦਾ ਸੀ ਕਿ ਅੰਧਕਾਰ ਵਿੱਚ ਕਾਮ_ਲੀਲਾ ਹੁੰਦੀ ਸੀ। ਇਹ ਸਖ਼ਤ ਨਿਰਦੇਸ਼ ਦਿੱਤੇ ਗਏ ਸਨ ਕਿ ਬਿਜਲੀ ਬੰਦ ਹੋਣ ਤੋਂ ਬਾਅਦ ਕੋਈ ਵੀ ਫੋਟੋ ਨਾ ਖਿੱਚੀ ਜਾਵੇ। ਇਸ ਤਰ੍ਹਾਂ ਦੇ ਇੱਕ ਮਾਧਿਅਮ ਨੇ ਮੈਨੂੰ ਦੱਸਿਆ ਕਿ ਊਰਜਾ ਦਰਸ਼ਨਾਂ ਦੀਆਂ ਇਨ੍ਹਾਂ ਬੈਠਕਾਂ ਵਿਚ ਹੇਠਲੇ ਕੱਪੜੇ ਪਾਉਣੇ ਵਰਜਿਤ ਸੀ। ਇਸ ਚਟਪਟੀ ਚਰਚਾ ਨੂੰ ਮੈਂ ਆਪਣੇ ਸਾਥੀ ਤੀਰਥ ਨਾਲ ਸਾਂਝਿਆਂ ਕੀਤਾ। ਉਸਨੇ ਇਸਦੀ ਜਾਣਕਾਰੀ ਵਿਵੇਕ ਨੂੰ ਦੇ ਦਿੱਤੀ। ਵਿਵੇਕ ਨੇ ਮੈਨੂੰ ਬੁਲਾ ਕੇ ਤਾੜਨਾ ਕੀਤੀ। ਕਿ ਜੇ ਮੈਂ ਮੁੜ ਅਜਿਹੀ ਗੱਲ ਕੀਤੀ ਤਾਂ ਮੈਨੂੰ ਸਿੱਧਾ ਇੰਗਲੈਂਡ ਭੇਜਿਆ ਜਾ ਸਕਦਾ ਹੈ। ਭਗਵਾਨ ਰਜਨੀਸ਼ ਨੇ 'ਮਾਧਿਅਮ' ਬਨਾਉਣ ਲਈ ਪਹਿਲੇ ਗਰੁੱਪ ਵਿੱਚ 12 ਔਰਤਾਂ ਦੀ ਚੋਣ ਕੀਤੀ। 'ਮਾਧਿਅਮ ਬਣਨ ਲਈ ਕਿਹੜੀਆਂ ਔਰਤਾਂ ਯੋਗ ਸਨ ? ਇਸ ਸੰਬੰਧ ਵਿੱਚ ਪ੍ਰਸ਼ਨਾਂ ਦਾ ਉੱਤਰ ਦਿੰਦਿਆਂ ਹੋਇਆਂ ਰਜਨੀਸ਼ ਨੇ ਇੱਕ ਭਾਸ਼ਣ ਵਿੱਚ ਕਿਹਾ ਕਿ, "ਸਿਰਫ ਉੱਚੀਆਂ ਛਾਤੀਆਂ ਵਾਲੀਆਂ ਔਰਤਾਂ ਹੀ ਇਸ ਸਨਮਾਨ ਦੇ ਕਾਬਿਲ ਹਨ।" ਸ੍ਰੋਤਿਆਂ ਨੂੰ ਇਹ ਕਹਿਕੇ ਹੈਰਾਨ ਕਰ ਦਿੱਤਾ ਗਿਆ ਕਿ ਅਵਿਕਸਿਤ ਛਾਤੀਆਂ ਵਾਲੀਆਂ ਔਰਤਾਂ ਨੇ ਰਜਨੀਸ਼ ਨੂੰ ਅਨੇਕਾਂ ਜਨਮਾਂ ਵਿੱਚ ਬਹੁਤ ਸਤਾਇਆ ਹੈ। ਲੇਕਿਨ ਇਸ ਜਨਮ ਵਿੱਚ ਇਸ ਨੂੰ ਦੁਬਾਰਾ ਨਹੀਂ ਵਾਪਰਨ ਦਿੱਤਾ ਜਾਵੇਗਾ। ਰਜਨੀਸ਼ ਦੀ ਇਸ ਕਸੌਟੀ ਉੱਪਰ ਪੂਰਾ ਨਾ ਉੱਤਰਨ ਵਾਲੀਆਂ ਔਰਤਾਂ ਨੂੰ ਬਹੁਤ ਨਿਰਾਸ਼ਾ ਹੋਈ। ਪਰ ਦੋ ਹਫ਼ਤਿਆਂ ਬਾਦ ਹੀ ਭਗਵਾਨ ਰਜਨੀਸ਼ ਨੇ 'ਮਾਧਿਅਮ' ਬਣਨ ਵਿੱਚ ਰਿਆਇਤ ਦੇ ਦਿੱਤੀ। ਇਸ ਤਰ੍ਹਾਂ ਤਿੰਨ ਸਾਧਾਰਣ ਸੰਨਿਆਸਣਾਂ ਨੂੰ ਮਾਧਿਅਮ ਦੇ ਤੌਰ ਤੇ ਚੁਣ ਲਿਆ ਗਿਆ। ਇਸ ਨਾਲ ਮਾਧਿਅਮ

ਬਣਨ ਲਈ ਤਰਸਣ ਵਾਲੀਆਂ ਸੰਨਿਆਸਣਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਮੈਂ ਵੀ ਰੋਮਾਂਚਿਤ ਹੋ ਉੱਠਿਆ ਜਦੋਂ ਮੈਨੂੰ ਪਤਾ ਚੱਲਿਆ ਕਿ ਮੇਰੀ ਸਾਥਣ ਈਸਾਬੇਲ ਨੂੰ ਵੀ 'ਮਾਧਿਅਮ' ਲਈ ਚੁਣ ਲਿਆ ਗਿਆ ਹੈ। ਹੁਣ ਅਸੀਂ ਹਰ ਰਾਤ 'ਊਰਜਾ ਦਰਸ਼ਨ' ਦੀਆਂ ਸਾਧਨਾਂ ਬੈਠਕਾਂ ਵਿੱਚ ਸ਼ਾਮਿਲ ਹੋ ਸਕਦੇ ਸਾਂ। ਸਾਡੇ ਲਈ ਇਹ ਇੱਕ ਉਪਹਾਰ ਤੋਂ ਘੱਟ ਨਹੀਂ ਸੀ।

## ਰਹੱਸਮਈ ਸੰਮੋਹਨ

'ਊਰਜਾ ਦਰਸ਼ਨ' ਦੀਆਂ ਬੈਠਕਾਂ ਵਿੱਚ ਸੰਗੀਤ ਏਨਾ ਉਗਰ ਰੂਪ ਧਾਰਣ ਕਰ ਜਾਂਦਾ ਸੀ ਕਿ ਮਾਨਸਿਕ ਕਸ਼ਟ ਹੋਣ ਲੱਗਦਾ ਸੀ। ਚਕਾਚੌਂਧ ਰੌਸ਼ਨੀ ਅਤੇ ਜਗ_ਬੁਝ ਅਤੇ ਕਸ਼ਟਦਾਇਕ ਸੰਗੀਤ ਦਾ ਅਜਿਹਾ ਵਾਤਾਵਰਣ ਸਿਰਜਿਆ ਜਾਂਦਾ ਸੀ ਕਿ ਆਦਮੀ ਤਾਂ ਮਦਹੋਸ਼ ਹੋ ਜਾਂਦਾ ਸੀ। ਇਨ੍ਹਾਂ ਸਾਧਨਾ ਬੈਠਕਾਂ ਦਾ ਮੇਰੇ ਉੱਪਰ ਬੜਾ ਉਤੇਜਕ ਪ੍ਰਭਾਵ ਪਿਆ। 'ਊਰਜਾ ਦਰਸ਼ਨ' ਲਈ ਜਦੋਂ ਮੈਨੂੰ ਬੁਲਾਇਆ ਗਿਆ ਤਾਂ ਮੈਨੂੰ ਰਜਨੀਸ਼ ਦੇ ਚਰਨਾਂ ਵਿੱਚ ਬੈਠੀ ਇੱਕ 'ਮਾਧਿਅਮ' ਦੇ ਸਾਹਮਣੇ ਬਿਠਾਇਆ ਗਿਆ। ਪ੍ਰਕਾਸ਼ ਬੁਝਾ ਦਿੱਤਾ ਗਿਆ। ਸੰਗੀਤ ਹੋਰ ਤੇਜ਼ ਹੋਰ ਤੇਜ਼ ਹੁੰਦਾ ਗਿਆ। ਇਸ ਸਮੇਂ ਰਜਨੀਸ਼ ਨੇ ਮੇਰੇ ਮੱਥੇ (ਭੋਹਾਂ ਦੇ ਮਿਲਣ ਵਾਲੀ ਥਾਂ) ਉੱਪਰ ਸਪੱਰਸ਼ ਕੀਤਾ। ਮੈਨੂੰ ਅਜਿਹਾ ਅਨੁਭਵ ਹੋਇਆ ਕਿ ਇੱਕ ਨਵੀਂ ਤਰ੍ਹਾਂ ਦੀ ਊਰਜਾ ਮੇਰੇ ਸਾਰੇ ਸਰੀਰ ਵਿੱਚ ਤਰੰਗਿਤ ਹੋ ਗਈ ਹੈ। ਇਹ ਪ੍ਰਭਾਵ ਵਧਦਾ ਗਿਆ ਤੇ ਮੈਨੂੰ ਅਭਾਸ ਹੋਇਆ ਕਿ ਮੈਂ ਕਿਸੇ ਸੁਰੰਗ ਵਿੱਚ ਫਸ ਗਿਆ ਹਾਂ ਅਤੇ ਕੋਈ ਐਕਸਪ੍ਰੈਸ ਗੱਡੀ ਤੇਜ਼ੀ ਨਾਲ ਮੇਰੇ ਵੱਲ ਵਧ ਰਹੀ ਹੈ। ਇਸ ਤੋਂ ਬਾਅਦ ਸ਼ਾਂਤੀ ਛਾ ਗਈ। ਇਸ ਤਰ੍ਹਾਂ ਮਹਿਸੂਸ ਹੋਇਆ ਕਿ ਮੇਰੇ ਅੰਦਰ ਇੱਕ ਰੌਸ਼ਨੀ ਹੋ ਉੱਠੀ ਹੈ। ਇਸ ਤੋਂ ਬਾਅਦ ਮੈਨੂੰ ਅਨੁਭਵ ਹੋਇਆ ਕਿ ਮੈਂ ਅੰਮ੍ਰਿਤ ਦੇ ਸਾਗਰ ਵਿੱਚ ਤੈਰ ਰਿਹਾ ਹਾਂ। ਮੈਨੂੰ ਕੋਈ ਪਤਾ ਨਹੀਂ ਕਿ ਮੇਰੇ ਚਾਰੋਂ ਪਾਸੇ ਕੀ ਹੋ ਰਿਹਾ ਹੈ। ਇਸ ਦੌਰਾਨ ਮੈਨੂੰ ਲੱਗਾ ਕਿ ਭਗਵਾਨ ਰਜਨੀਸ਼ ਬਹੁਤ ਦੂਰੋਂ ਮੈਨੂੰ ਬੁਲਾ ਰਿਹਾ ਹੈ, "ਸ਼ਿਵਾ ਵਾਪਿਸ ਆ ਜਾ, ਫੋਟੋ ਖਿੱਚਣੀ ਹੈ।" ਮੈਨੂੰ ਯਾਦ ਹੈ ਕਿ ਉਸ ਸਮੇਂ ਮੈਂ ਸੋਚ ਰਿਹਾ ਸੀ, "ਕੀ ਇਹ ਵਿਅਕਤੀ ਜੋ ਕੁਝ ਕਹਿ ਰਿਹਾ ਹੈ ਉਹ ਗੰਭੀਰ ਹੈ ? ਇਸ ਅਵਸਥਾ ਵਿੱਚ ਮੈਂ ਫੋਟੋ ਕਿਵੇਂ ਖਿੱਚ ਸਕਦਾ ਹਾਂ?" ਪਰ ਕਿਸੇ ਨਾ ਕਿਸੇ ਤਰ੍ਹਾਂ ਮੈਂ ਪੈਰਾਂ ਤੇ ਖੜ੍ਹਾ ਹੋਇਆ। ਉਸ ਸਮੇਂ ਕ੍ਰਿਸ਼ਣਾ ਭਾਰਤੀ ਨੇ ਮੇਰੇ ਹੱਥਾਂ ਵਿੱਚ ਕੈਮਰਾ ਫੜਾ ਦਿੱਤਾ। ਕੀ ਇਹੋ ਭਗਵਾਨ ਦੀ ਊਰਜਾ ਹੈ ? ਉਸ ਸਮੇਂ ਮੈਂ ਮੰਤਰ ਮੁਗਧ ਸਾਂ। ਮੈਂ ਚਾਹੁੰਦਾ ਸੀ ਕਿ ਇਹ ਊਰਜਾ ਮੈਨੂੰ ਬਾਰ ਬਾਰ ਮਿਲੇ। ਅਨੇਕਾਂ ਲੋਕਾਂ ਨੇ ਮੈਨੂੰ ਪੁੱਛਿਆ ਕਿ

ਰਜਨੀਸ਼ ਵਰਗੇ ਲੋਕਾਂ ਰਾਹੀਂ ਇੱਕ ਸਮਝਦਾਰ ਅਤੇ ਸਵਤੰਤਰ ਦਿਮਾਗ਼ ਰੱਖਣ ਵਾਲਾ ਵਿਅਕਤੀ ਸੰਮੋਹਤ ਕਿਵੇਂ ਹੋ ਜਾਂਦਾ ਹੈ ? ਇਸਦਾ ਉੱਤਰ ਜਿਵੇਂ ਕਿ ਅਨੇਕ ਸੰਨਿਆਸੀ ਵੀ ਸਵੀਕਾਰ ਕਰਨਗੇ, ਇਹ ਹੈ ਕਿ ਇੱਕ ਬਾਰ ਰਜਨੀਸ਼ ਦੇ ਪ੍ਰਭਾਵ ਵਿੱਚ ਆਉਣ ਅਤੇ ਉਸਦਾ ਸਪਰਸ਼ ਕਰਨ ਤੋਂ ਬਾਅਦ ਤੁਸੀਂ ਇਹ ਸਮਝਣ ਲੱਗੋਗੇ ਕਿ ਇਸ ਤੋਂ ਵੱਡਾ ਸੱਪ ਕੋਈ ਨਹੀਂ ਹੈ। ਕੋਈ ਹੋਰ ਵਰਦਾਨ ਇਸਦਾ ਮੁਕਾਬਲਾ ਨਹੀਂ ਕਰ ਸਕਦਾ। ਇੱਕ ਬਾਰ ਇਹ ਅਨੁਭਵ ਕਰਨ ਤੋਂ ਬਾਅਦ ਬਾਰ ਬਾਰ ਇਹ ਅਨੁਭਵ ਕਰਨ ਦੀ ਇੱਛਾ ਹੋਵੇਗੀ। ਇੱਕ ਅਜਿਹੀ ਅਵਸਥਾ ਹੈ, ਜਿਥੇ ਪਹੁੰਚ ਕੇ ਇਹ ਲੱਗਦਾ ਹੈ ਕਿ ਅਸੀਂ ਸੰਪੂਰਣ ਬ੍ਰਹਿਮੰਡ ਨਾਲ ਏਕਰੂਪ ਹੋ ਗਏ ਹਾਂ। ਅਜਿਹੀ ਸਥਿਤੀ ਨਸ਼ੀਲੀ ਦਵਾ ਤੋਂ ਹੀ ਪੈਦਾ ਹੋ ਸਕਦੀ ਹੈ, ਪਰ ਆਸ਼ਰਮ ਵਿੱਚ ਅਜਿਹੀ ਕੋਈ ਦਵਾ ਨਹੀਂ ਸੀ। ਇਥੇ ਤਾਂ ਭਗਵਾਨ ਰਜਨੀਸ਼ ਦਾ ਸਪੱਰਸ਼ ਹੀ ਮਦਹੋਸ਼ ਕਰ ਦਿੰਦਾ ਸੀ।

## ਰਜਨੀਸ਼ ਦੇ ਪ੍ਰਭਾਵ ਦੇ ਕਾਰਣ

ਰਜਨੀਸ਼ ਅਤੇ ਉਸਦੇ ਉਪਦੇਸ਼ਾਂ ਦਾ ਮੇਰੇ ਅਤੇ ਪੱਛਮ ਦੇ ਮੇਰੇ ਵਰਗੇ ਹਜ਼ਾਰਾਂ ਯੁਵਕਾਂ ਉੱਪਰ ਇੰਨਾ ਵਿਆਪਕ ਪ੍ਰਭਾਵ ਕਿਉਂ ਪਿਆ ? ਇਸਦਾ ਜਵਾਬ 60 ਦੇ ਦਹਾਕੇ ਦੇ ਅੰਤਿਮ ਅਤੇ 70 ਦੇ ਦਹਾਕੇ ਦੇ ਸ਼ੁਰੂਆਤੀ ਦਿਨਾਂ ਦੇ ਸਮਾਜਿਕ ਮਾਹੌਲ ਅਤੇ ਸੈਕਸ ਦੇ ਪ੍ਰਤੀ ਉਨ੍ਹਾਂ ਦਿਨਾਂ ਦੀਆਂ ਧਾਰਣਾਵਾਂ ਵਿੱਚ ਖੋਜਿਆ ਜਾ ਸਕਦਾ ਹੈ। ਭਗਵਾਨ ਰਜਨੀਸ਼ ਉਨ੍ਹਾਂ ਹੀ ਦਿਨਾਂ ਵਿੱਚ 'ਸਵਤੰਤਰ ਪ੍ਰੇਮ' ਦੀਆਂ ਧਾਰਣਾਵਾਂ ਨਾਲ ਸਾਹਮਣੇ ਆਉਂਦਾ ਹੈ ਜਦੋਂ ਨੌਜਵਾਨ ਸਮਾਜਿਕ ਵਰਜਨਾਵਾਂ ਨੂੰ ਨਕਰਾਨ ਲੱਗੇ ਸਨ। ਉਨ੍ਹਾਂ ਵਿੱਚ ਹਰ ਤਰ੍ਹਾਂ ਦੀ ਸੁਤੰਤਰਤਾ ਦੀ ਇੱਛਾ ਬਲਵਾਨ ਹੋ ਗਈ ਸੀ। ਉਹ ਆਪਣੀ ਜ਼ਿੰਦਗੀ ਆਪਣੇ ਢੰਗ ਨਾਲ ਜਿਉਣਾ ਚਾਹੁੰਦੇ ਸਨ ਨਾ ਕਿ ਆਪਣੇ ਵੱਡੇ ਵਡੇਰਿਆਂ ਦੇ ਕਹਿਣ ਅਨੁਸਾਰ। ਅਸੀਂ ਅਜਿਹੇ ਨੌਜਵਾਨ ਸਾਂ ਜੋ ਆਪਣੀਆਂ ਭਾਵਨਾਵਾਂ ਦੀ ਅਭਿਵਿਅਕਤੀ ਦੇ ਸੌਦੇ ਦੀ ਤਲਾਸ਼ ਵਿੱਚ ਸਾਂ। ਠੀਕ ਇਸੇ ਸਮੇਂ ਅਚਾਰੀਆ ਰਜਨੀਸ਼ ਨੇ ਆਪਣੀ ਤੰਤਰ ਦੀ ਵਿਆਖਿਆ ਪੇਸ਼ ਕੀਤੀ। ਵਿਆਖਿਆ ਵਿੱਚ ਮਨੁੱਖ ਦੇ ਆਤਮ ਜਯੋਤੀਮਈ ਅਤੇ ਆਤਮਲੀਨ ਹੋਣ ਦਾ ਬਿਲਕੁਲ ਵੱਖਰਾ ਢੰਗ ਤਰੀਕਾ ਸੀ। ਤੰਤਰ ਰਾਹੀਂ ਕਾਮ ਉਨਮਾਦ ਨੂੰ ਇੱਕ ਵੱਖਰਾ ਅਰਥ ਦਿੱਤਾ ਗਿਆ।

ਇਹ ਆਤਮ ਦਰਸ਼ਨ ਦੀ ਲੰਬੀ ਯਾਤਰਾ ਵੱਲ ਇੱਕ ਕਦਮ ਸੀ। ਰਜਨੀਸ਼ ਨੇ ਆਪਣੇ ਇੱਕ ਪ੍ਰਵਚਨ ਵਿੱਚ ਇੱਕ ਰੋਲ ਦਾ ਜ਼ਿਕਰ ਕੀਤਾ ਸੀ ਕਿ ਭਾਰਤੀ ਇਤਿਹਾਸ ਦੇ ਸ਼ੁਰੂਆਤੀ ਦਿਨਾਂ ਵਿੱਚ 'ਤੰਤਰ' ਇੱਕ

ਵਿਆਪਕ ਧਰਮ ਸੀ। ਇਸਨੂੰ ਸਮਰਪਿਤ ਅਸੰਖ ਸੰਨਿਆਸੀ ਸਨ। ਖਜੁਰਾਹੋ ਅਤੇ ਕੋਨਾਰਕ ਦੇ ਮੰਦਿਰਾਂ ਦੇ ਪੱਥਰਾਂ ਤੇ ਖੁਦੀਆਂ ਹੋਈਆਂ। ਕਾਮ ਸੰਵੇਦਨਾ ਵਿਚ ਲੀਨ ਜੋੜਿਆਂ ਦੀਆਂ ਮੂਰਤੀਆਂ ਉਨ੍ਹਾਂ ਦਿਨਾਂ ਦੀਆਂ ਹੀ ਹਨ। ਜਿਨ੍ਹੀਂ ਦਿਨੀਂ ਤਾਂਤ੍ਰਿਕ ਧਰਮ ਵਧ ਫੁੱਲ ਰਿਹਾ ਸੀ.....ਤੰਤਰ ਦਾ ਉਦੇਸ਼ ਤੱਤ ਗਿਆਨ ਪ੍ਰਾਪਤ ਕਰਨਾ ਸੀ। ਸਵੈ ਨੂੰ ਅਲੋਪ ਕਰ ਦੇਣਾ ਅਤੇ ਵਿਅਕਤੀਗਤ ਅਹੰ ਨੂੰ ਵਿਆਪਕ ਚੇਤੰਨ ਵਿੱਚ ਵਿਲੀਨ ਕਰ ਦੇਣਾ ਹੈ। ਈਸਾ ਤੋਂ ਪੰਜ ਸੌ ਵਰ੍ਹੇ ਪਹਿਲਾਂ ਬੁੱਧ ਨੇ ਇਸੇ ਅਵਸਥਾ ਨੂੰ 'ਸਮਾਧੀ' ਕਿਹਾ ਸੀ। ਇਹ ਸੀਮਾਤੀਤ ਹੋ ਜਾਣ ਦੀ ਅਵਸਥਾ ਹੈ ਜਿਥੇ ਕੁਝ ਵੀ ਅਸਤਿਤਵਮਾਨ ਨਹੀਂ ਰਹਿੰਦਾ। ਈਸਾ ਨੇ ਇਸੇ ਮਾਨਸਿਕ ਅਵਸਥਾ ਨੂੰ 'ਪ੍ਰਭੂ ਦਾ ਰਾਜ' ਦੱਸਿਆ ਸੀ। ਰਜਨੀਸ਼ ਨੇ ਇਸ ਅਵਸਥਾ ਨੂੰ ਆਤਮ_ਚੇਤਨ ਦੀ ਸਥਿਤੀ ਦੱਸਿਆ ਹੈ। ਉਸਦਾ ਕਹਿਣਾ ਹੈ ਕਿ 21 ਵਰ੍ਹੇ ਦੀ ਉਮਰ ਵਿੱਚ ਹੀ ਉਸਨੇ ਇਸ ਅਵਸਥਾ ਨੂੰ ਪਾ ਲਿਆ ਸੀ। ਧਰਤੀ ਉੱਪਰ ਇੱਕੋ ਸਮੇਂ ਸਿਰਫ ਅੱਠ ਨੌਂ ਲੋਕਾਂ ਤੋਂ ਹੀ ਇਸ ਅਵਸਥਾ ਤੱਕ ਪਹੁੰਚਣ ਦੀ ਉਮੀਦ ਕੀਤੀ ਜਾਂਦੀ ਹੈ। ਆਪਣੇ ਆਪ ਨੂੰ ਵਿਸ਼ੇਸ਼ ਦੱਸਦੇ ਹੋਏ ਰਜਨੀਸ਼ ਦਾ ਕਹਿਣਾ ਹੈ ਇਸ ਸਮੇਂ ਦੁਨੀਆਂ ਵਿਚ ਨੌਂ ਆਤਮ_ਚੇਤੰਨ ਪ੍ਰਾਣੀ ਹਨ। ਇੱਕ ਸਮੇਂ ਵਿੱਚ ਆਤਮ_ਚੇਤੰਨ ਪ੍ਰਾਣੀਆਂ ਵਿੱਚੋਂ ਇੱਕ ਪ੍ਰਮੁੱਖ ਹੁੰਦਾ ਹੈ ਅਤੇ ਇਸ ਸਮੇਂ ਉਹ ਰਜਨੀਸ਼ ਹੈ।

## ਵਿਆਹ ਪ੍ਰਥਾ ਅਤੇ ਰਜਨੀਸ਼

ਬਾਦ ਵਿਚ ਕਈ ਯੌਨ_ਪ੍ਰਯੋਗ ਹੋਏ। ਇਕ ਵਿਸ਼ੇਸ਼ ਤਾਂਤ੍ਰਿਕ ਬੈਠਕ ਵਿਚ ਰੈਟ_ ਫੋਬੀਆ ਤੋਂ ਪੀੜਤ ਇਕ ਔਰਤ ਨੂੰ ਰਜਨੀਸ਼ ਨੇ ਸਲਾਹ ਦਿੱਤੀ ਕਿ ਉਹ ਕਾਮ_ਕ੍ਰੀੜਾ ਦੀ ਮੌਖਿਕ ਚਰਚਾ ਕਰਕੇ ਆਨੰਦ ਲਏ। ਇਸੇ ਤਰ੍ਹਾਂ ਇਕ ਦੂਸਰੀ ਤਾਂਤ੍ਰਿਕ ਬੈਠਕ ਵਿਚ ਪ੍ਰੇਮੀ ਜੋੜਿਆਂ ਦੇ ਪੁਰਸ਼_ਸਾਥੀਆਂ ਨੂੰ ਕਿਹਾ ਗਿਆ ਕਿ ਉਹ ਆਪਣੀਆਂ ਔਰਤ ਸਾਥੀਆਂ ਦੀਆਂ ਟੰਗਾਂ ਵਿਚ ਪੱਕੇ ਅੰਬ ਚੂਪਣ। ਵਿਆਹ ਸੰਬੰਧੀ ਰਜਨੀਸ਼ ਦੇ ਆਪਣੇ ਵਿਚਾਰ ਸਰਵਵਿਦਤ ਹਨ। ਉਸਦੀ ਸ਼ਾਦੀ ਨਹੀਂ ਸੀ ਹੋਈ। ਉਸ ਨੇ ਵਿਆਹ ਸੰਸਥਾ ਨੂੰ ਹੀ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਰਜਨੀਸ਼ ਦੀ ਮਾਂ ਨੇ ਜਦ ਉਸਨੂੰ ਸ਼ਾਦੀ ਕਰਨ ਲਈ ਕਿਹਾ ਤਾਂ ਉਸਦਾ ਪ੍ਰਸ਼ਨ ਸੀ, 'ਮਾਂ ਜੇ ਤੂੰ ਇਕ ਵਾਰ ਫਿਰ ਬੀਤਿਆ ਜੀਵਨ ਪਾ ਲਵੇਂ ਤਾਂ ਕੀ ਤੂੰ ਸ਼ਾਦੀ ਕਰੇਂਗੀ ?" ਮਾਂ ਨੇ ਜਵਾਬ ਦਿੱਤਾ, 'ਨਹੀਂ'। ਇਸ ਸੰਬੰਧ ਵਿਚ ਰਜਨੀਸ਼ ਲਈ ਇਹ ਅਹਿਮ ਸ਼ਬਦ ਸੀ। ਰਜਨੀਸ਼ ਦਾ ਕਹਿਣਾ ਹੈ ਕਿ ਵਿਆਹ_ਬੰਧਨ ਵਿਚ ਬੱਝੇ ਵਿਅਕਤੀ ਸਿਰਫ ਇਕ ਦੂਜੇ ਨੂੰ ਘ੍ਰਿਣਾ ਹੀ ਕਰ ਸਕਦੇ ਹਨ। ਬਹੁਤ ਘੱਟ ਜੋੜੇ ਹਨ ਜੋ ਅਜਿਹਾ ਨਹੀਂ ਕਰਦੇ।

ਬੱਚਿਆਂ ਦੇ ਸਵਾਲ ਤੇ ਵੀ ਰਜਨੀਸ਼ ਦਾ ਅਜਿਹਾ ਹੀ ਰੁਖ ਹੈ। ਉਹ ਨਹੀਂ ਚਾਹੁੰਦਾ ਕਿ ਆਸ਼ਰਮ ਦੇ ਅੰਦਰ ਕਿਸੇ ਜੋੜੇ ਦੇ ਬੱਚੇ ਪੈਦਾ ਹੋਣ। ਉਸਦੀ ਨਜ਼ਰ ਵਿਚ ਆਸ਼ਰਮ ਦੇ ਅੰਦਰ ਦਾ ਕੋਈ ਵਿਆਹ ਸ਼ੁੱਧ ਰੂਪ ਵਿਚ ਸੁਵਿਧਾ ਲਈ ਸੀ। "ਜੇ ਤੁਸੀਂ ਭਗਵਾਨ ਨੂੰ ਪੂਰਣ ਰੂਪ ਵਿਚ ਪਿਆਰ ਕਰਦੇ ਹੋ ਤਾਂ ਤੁਹਾਨੂੰ ਦੂਸਰਿਆਂ ਨਾਲ ਗੰਭੀਰਤਾ ਸਹਿਤ ਪਿਆਰ ਨਹੀਂ ਕਰਨਾ ਚਾਹੀਦਾ। ਜੇ ਭਗਵਾਨ ਪ੍ਰਤੀ ਆਸਥਾ ਵਿਚ ਬੱਚੇ ਰੁਕਾਵਟ ਬਣ ਰਹੇ ਹੋਣ ਤਾਂ ਉਨ੍ਹਾਂ ਨੂੰ ਖਤਮ ਕਰ ਦਿਉ।" ਤਮਾਮ ਗਰਭਵਤੀ ਔਰਤਾਂ ਨੂੰ ਇਸ ਲਈ ਆਦੇਸ਼ ਦਿੱਤੇ ਗਏ ਸਨ। ਦੂਸਰੇ ਸ਼ਬਦਾਂ ਵਿਚ ਔਰਤਾਂ ਨੂੰ ਕਿਹਾ ਗਿਆ ਕਿ ਜਿੰਨੀ ਜਲਦੀ ਹੋ ਸਕੇ ਗਰਭ ਗਿਰਾ ਦੇਣ। ਗਰਭ ਗਿਰਾਉਣ ਸਮੇਂ ਹੀ ਔਰਤਾਂ ਨਸਬੰਦੀ ਕਰਵਾ ਲੈਣ ਤਾਂ ਕਿ ਦੁਬਾਰਾ ਗਰਭਵਤੀ ਹੋਣ ਦਾ ਜ਼ੋਖ਼ਮ ਨਾ ਉਠਾਉਣਾ ਪਵੇ।

## ਨਸ਼ੀਲੇ ਪਦਾਰਥ

ਮੈਨੂੰ ਛੇਤੀ ਇਹ ਅਹਿਸਾਸ ਹੋਇਆ ਕਿ ਰੈਂਚ (ਔਰੇਗਨ ਆਸ਼੍ਰਮ) ਵਿਚ ਨਸ਼ੀਲੇ ਪਦਾਰਥਾਂ ਦੇ ਸੇਵਨ ਬਾਰੇ ਆਪਣੇ ਪ੍ਰਤਿਬੰਧ ਨੂੰ ਰਜਨੀਸ਼ ਨੇ ਆਪਣੇ ਢੰਗ ਨਾਲ ਖੁਦ ਹੀ ਤੋੜ ਦਿੱਤਾ ਹੈ। ਚੇਤਨਾ ਜਾਗ੍ਰਿਤ ਕਰਨ ਦੀ ਦਵਾ ਦੇ ਰੂਪ ਵਿਚ ਉਹ ਨਾਈਟਰਸ ਆਕਸਾਈਡ ਦਾ ਪ੍ਰਯੋਗ ਕਰਦਾ ਸੀ। ਮੈਂ ਜਾਣਦਾ ਸਾਂ ਕਿ ਨਾਈਟਰਸ ਆਕਸਾਈਡ ਇਕ ਤੇਜ਼ ਨਸ਼ੀਲੀ ਦਵਾ ਹੈ। ਕੁਝ ਹੀ ਦਿਨ ਪਹਿਲਾਂ ਦੰਦ ਦੀ ਪਰੇਸ਼ਾਨੀ ਵਿਚ ਮੈਂ ਇਸਦਾ ਇਸਤੇਮਾਲ ਕੀਤਾ ਸੀ। ਦਮੇ ਦੀ ਬਿਮਾਰੀ ਵਿਚ ਇਸ ਦਵਾ ਦਾ ਇਸਤੇਮਾਲ ਅਤੇ ਉਸਦਾ ਪ੍ਰਭਾਵ ਜਾਨਣ ਤੋਂ ਬਾਅਦ ਰਜਨੀਸ਼ ਇਸਦਾ ਲਗਾਤਾਰ ਸੇਵਨ ਕਰਨ ਲੱਗਾ ਸੀ। ਇਕ ਜਾਂ ਦੋ ਘੰਟੇ ਧਿਆਨ_ਕਮਰੇ ਵਿਚ ਰਜਨੀਸ਼ ਨਾਈਟਰਸ ਆਕਸਾਈਡ ਦਾ ਕਸ਼ ਲੈਂਦਾ ਸੀ। ਜਦੋਂ ਮੈਂ ਇਹ ਗੱਲ ਸੁਣੀ, ਸਿਲਸਿਲਾ ਉਸ ਤੋਂ ਛੇ ਮਹੀਨੇ ਪਹਿਲਾਂ ਚੱਲ ਰਿਹਾ ਸੀ। ਇਕ ਬਾਰ ਇਸ ਦਵਾਈ ਦੇ ਪ੍ਰਭਾਵ ਅਧੀਨ ਰਜਨੀਸ਼ ਨੇ ਕਿਹਾ, "ਸ਼ੀ..... ਲਾ.....ਮੇਰੇ ਲਈ ਜਹਾਜ਼ ਖਰੀਦਣਾ ਚਾਹੁੰਦੀ ਹੈ। ਪਰ ਮੈਨੂੰ ਜਹਾਜ਼ ਦੀ ਜ਼ਰੂਰਤ ਨਹੀਂ। ਮੈਂ ਖੁਦ ਉੱਡ ਰਿਹਾ ਹਾਂ।" ਮੈਂ ਖੁਸ਼ ਸੀ ਕਿ ਰਜਨੀਸ਼ ਫਿਰ ਤੋਂ ਪਰਮ_ਆਨੰਦ ਵਿਚ ਉੱਡਣ ਲੱਗਾ ਸੀ। ਪਰੰਤੂ ਬਦਕਿਸਮਤੀ ਇਹ ਸੀ ਕਿ ਉਸ ਦੀ ਇਹ ਅਵਸਥਾ ਇਕ ਤੇਜ਼ ਦਵਾ ਦੇ ਅਸਰ ਹੇਠ ਸੀ।

ਆਸ਼ਰਮ ਵਿਚ ਅਸੰਤੋਸ਼ ਵਧਣ ਲੱਗਾ ਸੀ। ਆਸ਼ਰਮ ਛੱਡਣ ਦਾ ਮਨ ਬਣਾ ਚੁੱਕੇ ਲੋਕਾਂ ਨੂੰ ਆਸ਼ਰਮ ਵਿਚ ਰੋਕਣ ਲਈ ਚੇਤਨਾ ਜਾਗ੍ਰਿਤ ਕਰਨ ਵਾਲੀਆਂ ਦਵਾਈਆਂ ਦਿੱਤੀਆਂ ਜਾਣ ਲੱਗੀਆਂ। ਧਨ_ਸੰਗ੍ਰਹਿ ਬੈਠਕ

ਵਿਚ ਬੈਠਕ ਤੋਂ ਅਮੀਰ ਸੰਨਿਆਸੀਆਂ ਨੇ ਪੀਣ ਵਾਲੇ ਪਦਾਰਥਾਂ ਵਿਚ ਚੇਤਨ ਜਾਗ੍ਰਿਤ ਕਰਨ ਵਾਲੀ ਦਵਾ 'ਐਕਸਟੈਂਸੀ' ਦੇ ਦਿੱਤੀ ਜਾਂਦੀ ਜੋ ਬਿਨਾ ਸ਼ੱਕ ਬ੍ਰਾਂਡੀ ਤੋਂ ਵੀ ਤੇਜ਼ ਸੀ। ਰੈਂਚ (ਓਰੇਗਨ ਆਸ਼ਰਮ) ਵਿਚ ਹੁਣ ਗਿਆਰਾਂ ਨਿਗਰਾਨੀ ਕੇਂਦਰ ਬਣਾ ਦਿੱਤੇ ਗਏ ਜਿਨ੍ਹਾਂ ਵਿਚ ਸ਼ਸਤਰ ਰੱਖਿਅਕ ਰੱਖੇ ਗਏ। ਇਨ੍ਹਾਂ ਦਾ ਕੰਮ ਇਹ ਸੁਨਿਸ਼ਚਿਤ ਕਰਨਾ ਸੀ ਕਿ ਬਾਹਰੋਂ ਕੋਈ ਅਣਚਾਹਿਆ ਵਿਅਕਤੀ ਅੰਦਰ ਨਾ ਆ ਸਕੇ ਅਤੇ ਅੰਦਰ ਤੋਂ ਕੋਈ ਸੰਨਿਆਸੀ ਬਾਹਰ ਨਾ ਜਾਏ। ਅਣਚਾਹੀਆਂ ਗੱਡੀਆਂ ਅਤੇ ਵਿਅਕਤੀਆਂ ਲਈ ਸਸ਼ਤਰ ਰੱਖਿਅਕਾਂ ਨੇ ਇਕ 'ਕੋਡ' ਈਜਾਦ ਕੀਤਾ ਸੀ। 9_201 ਜਿਸਦਾ ਅਰਥ ਸੀ 'ਬਹੁਤ ਖਤਰਨਾਕ'। 1984 ਦੇ ਦਿਨਾਂ ਵਿਚ 'ਪੂਨੇ' ਦਾ ਇਕ ਬੇਹਤਰੀਨ ਗਰੁੱਪ ਨੇਤਾ ਟਾਮਕੇਜੀ, ਜਿਸ ਨੇ ਖੁਦ ਇਸ ਕੋਡ ਦਾ ਈਜਾਦ ਕੀਤਾ ਸੀ, ਇਸਦਾ ਸ਼ਿਕਾਰ ਹੋਇਆ। ਦਰਅਸਲ ਇਹ ਭਗਵਾਨ ਦੀ ਭਗਵਾਨੀ ਅਤੇ ਅੰਤ ਦੀ ਸ਼ੁਰੂਆਤ ਸੀ।

## 'ਭਗਵਾਨ' ਰਜਨੀਸ਼ ਤੇ ਏਡਜ਼ ਦਾ ਮਹਾਂਰੋਗ

ਓਰੇਗਾਨ, 1984 ਵਿੱਚ ਰਜਨੀਸ਼ਵਾਦੀਆਂ ਦੇ ਵਾਰਸ਼ਿਕ ਸਮਾਰੋਹ ਵਿੱਚ ਆਨੰਦਸ਼ੀਲਾਂ ਨੇ ਐਲਾਨ ਕੀਤਾ ਕਿ ਆਸ਼ਰਮ ਦੇ ਤਿੰਨ ਸੰਨਿਆਸੀ ਏਡਜ਼ ਦੀ ਬਿਮਾਰੀ ਨਾਲ ਮਰ ਗਏ। ਏਡਜ਼ ਨਾਲ ਮਰਨ ਵਾਲੇ ਇਨ੍ਹਾਂ ਸੰਨਿਆਸੀਆਂ ਦਾ ਨਾਮ ਨਹੀਂ ਦੱਸਿਆ ਗਿਆ। ਸ਼ੀਲਾ ਨੇ ਰਜਨੀਸ਼ ਨੂੰ ਸੁਝਾਅ ਦਿੱਤਾ ਕਿ ਆਸ਼ਰਮ ਵਿੱਚ ਏਡਜ਼ ਦੇ ਵਿਸ਼ਾਣੂਆਂ ਦੀ ਰੋਕਥਾਮ ਲਈ ਜ਼ਰੂਰੀ ਹੈ ਕਿ ਨਿਰੋਧ ਅਤੇ ਰਬੜ ਦੇ ਦਸਤਾਨਿਆਂ ਦੀ ਵਰਤੋਂ ਜ਼ਰੂਰੀ ਕਰ ਦਿੱਤੀ ਜਾਵੇ। ਇਹ ਸੁਝਾਅ ਰਜਨੀਸ਼ ਵਲੋਂ ਸਵੀਕਾਰ ਕਰ ਲਿਆ ਗਿਆ। ਰਜਨੀਸ਼ ਨੇ ਸੰਨਿਆਸੀਆਂ ਨੂੰ ਅਜਿਹੇ ਨਿਰਦੇਸ਼ ਦਿੱਤੇ ਜਿਨ੍ਹਾਂ ਰਾਹੀਂ 'ਖੁੱਲ੍ਹੇ ਸੈਕਸ' ਉਪਰ ਪਾਬੰਦੀ ਲੱਗ ਜਾਏ।

ਬੰਬਈ ਪੂਨਾ ਦੇ ਰਜਨੀਸ਼ ਅਤੇ ਓਰੇਗਾਨ ਦੇ ਰਜਨੀਸ਼ ਵਿੱਚ ਹੈਰਾਨ ਕਰਨ ਵਾਲਾ ਅੰਤਰ ਆ ਗਿਆ ਸੀ। ਪਹਿਲਾਂ ਰਜਨੀਸ਼ ਕਿਹਾ ਕਰਦਾ ਸੀ, 'ਸੈਕਸ ਦਿਵਸ' ਹੈ। ਪਰ ਹੁਣ ਆਸ਼ਰਮ ਵਿੱਚ ਪ੍ਰਾਕ੍ਰਿਤਕ, ਅਪ੍ਰਾਕ੍ਰਿਤਕ ਸਾਰੇ ਤਰ੍ਹਾਂ ਦੇ ਸੈਕਸ ਉੱਪਰ ਪ੍ਰਤਿਬੰਧ ਲਗਾਉਣਾ ਪਿਆ। ਚੁੰਮਣ ਉੱਪਰ ਵੀ ਰੋਕ ਲੱਗ ਪਈ। ਆਸ਼ਰਮ ਦੇ ਸਮਾਚਾਰ ਪੱਤਰ, ਵਿੱਚ ਨਿਯਮਤ ਰੂਪ ਵਿੱਚ ਇੰਟਰਵਿਊ ਛਾਪੇ ਜਾਣ ਲੱਗੇ। ਇਨ੍ਹਾਂ ਦਾ ਮੁੱਦਾ ਇਹ ਸੀ ਕਿ ਸੰਨਿਆਸੀ ਰਜਨੀਸ਼ ਦੇ ਨਵੇਂ ਆਦੇਸ਼ਾਂ ਨੂੰ ਆਪਣੇ ਲਈ ਉਤੇਜਕ ਮੰਨਦੇ ਅਤੇ ਨਾਲ ਹੀ ਉਹ ਬਿਆਨ ਕਰਦੇ ਕਿ ਕਿਵੇਂ ਸੈਕਸ ਅਤੇ ਅਸਵੱਸਥ ਚੁੰਮਣਾਂ ਤੋਂ ਅਜਿਜ਼ ਆ ਚੁੱਕੇ ਸਨ। ਈਸਾਬੋਲ (ਹਿਊਗ ਮਿਲਨੇ ਦੀ

ਮਿੱਤਰ) ਨੇ ਵੀ ਇਨ੍ਹਾਂ ਦਾ ਆਦੇਸ਼ਾਂ ਦਾ ਇਹ ਕਹਿ ਕੇ ਪਾਲਣਾ ਕਰਨਾ ਸ਼ੁਰੂ ਕਰ ਦਿੱਤਾ ਕਿ ਉਹ ਇੰਨੇ ਚੁੰਮਣ ਲੈ ਚੁੱਕੀ ਹੈ ਕਿ ਬਾਕੀ ਦੀ ਜ਼ਿੰਦਗੀ ਲਈ ਕਾਫ਼ੀ ਹਨ।

ਜਿੱਥੇ ਜਿੱਥੇ ਵੀ ਰਜਨੀਸ਼ ਆਸ਼ਰਮ ਸਨ ਉਥੋਂ ਅਜਿਹੇ ਜੋੜਿਆਂ ਨੂੰ ਆਸ਼ਰਮ ਛੱਡਣ ਦੇ ਨਿਰਦੇਸ਼ ਦਿੱਤੇ ਗਏ ਜਿਹੜੇ ਹੱਦੋਂ ਵੱਧ ਸੈਕਸ ਕਰਦੇ ਸਨ। ਲੰਡਨ ਵਿਚ ਤਾਂ ਰਜਨੀਸ਼ਵਾਦੀਆਂ ਨੂੰ ਪ੍ਰਤੱਖ ਅਮਲੀ ਰੂਪ ਵਿੱਚ ਦੱਸਿਆ ਗਿਆ ਕਿ ਸੈਕਸ ਕਰਨ ਸਮੇਂ ਰਬੜ ਦੇ ਤਿੰਨ ਜੋੜੇ ਦਸਤਾਨਿਆਂ ਦੀ ਵਰਤੋਂ ਕਿਵੇਂ ਕਰਨੀ ਹੈ। ਓਰੇਗਾਨ ਰੈਂਚ ਵਿੱਚ ਜਿਹੜਾ ਨਵਾਂ ਹੋਟਲ ਬਣਵਾਇਆ ਗਿਆ। ਉਸ ਵਿੱਚ ਹਰ ਬੈੱਡ ਤੇ ਬੜੇ ਕਰੀਨੇ ਨਾਲ ਨਿਰੋਧ ਅਤੇ ਰਬੜ ਦੇ ਦਸਤਾਨੇ ਰੱਖੇ ਹੁੰਦੇ ਸਨ। ਨਾਲ ਹੀ ਇਨ੍ਹਾਂ ਨੂੰ ਪ੍ਰਯੋਗ ਕਰਨ ਦੀਆਂ ਹਦਾਇਤਾਂ ਵੀ ਰੱਖੀਆਂ ਰਹਿੰਦੀਆਂ ਸਨ। ਆਸ਼ਰਮ ਦੇ ਸਾਰੇ ਸੰਨਿਆਸੀਆਂ ਨੂੰ ਵੀ ਇਹ ਚੀਜ਼ਾਂ ਦਿੱਤੀਆਂ ਗਈਆਂ। ਰਜਨੀਸ਼ ਨੇ ਭਵਿੱਖਬਾਣੀ ਕੀਤੀ ਸੀ ਕਿ ਦੋ ਤਿਹਾਈ ਆਬਾਦੀ 'ਏਡਜ਼' ਰੋਗ ਨਾਲ ਸਮਾਪਤ ਹੋ ਜਾਵੇਗੀ। ਅਗਸਤ 1984 ਵਿੱਚ ਸੰਨਿਆਸੀ ਪ੍ਰੇਪਵਾਇਨ ਨੇ ਖ਼ਬਰ ਦਿੱਤੀ ਕਿ ਨਿਰਧਾਰਿਤ ਤਰੀਕੇ ਨਾਲ ਪ੍ਰੇਮ ਕ੍ਰੀੜਾ ਨਾ ਕਰਨ ਕਰਕੇ 8 ਲੋਕਾਂ ਨੂੰ ਓਰੇਗਾਨ ਆਸ਼ਰਮ ਵਿੱਚੋਂ ਕੱਢ ਦਿੱਤਾ ਗਿਆ ਹੈ। ਆਸ਼ਰਮ ਵਿੱਚ ਇੱਕ ਹੋਰ ਨਵਾਂ ਨਿਰਦੇਸ਼ ਇਹ ਲਾਗੂ ਹੋਇਆ ਕਿ ਸਿਰਫ ਉਹ ਜੋੜੇ ਹੀ ਨਿਰੋਧ ਤੇ ਦਸਤਾਨਿਆਂ ਤੋਂ ਬਿਨ੍ਹਾਂ ਜਿਨਸੀ ਸੰਬੰਧ ਰੱਖ ਸਕਦੇ ਹਨ ਜੋ ਪਿੱਛਲੇ ਸੱਤ ਸਾਲਾਂ ਤੋਂ ਇੱਕ ਦੂਜੇ ਪ੍ਰਤਿ ਸੱਚੇ ਸੁੱਚੇ ਰਹੇ ਹੋਣ। ਮਜ਼ੇ ਦੀ ਗੱਲ ਇਹ ਹੈ ਕਿ ਓਰੇਗਾਨ ਆਸ਼ਰਮ ਵਿੱਚ ਅਜਿਹਾ ਇੱਕ ਵੀ ਜੋੜਾ ਨਹੀਂ ਸੀ।

**ਮਾਯਾ (ਹਿੰਦੀ ਪੱਤ੍ਰਿਕਾ) ਤੋਂ ਧੰਨਵਾਦ ਸਹਿਤ**